ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 45 | 16 November to 22 November 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਸਰਕਾਰ ਜੀ, ਪੰਜਾਬ ਨੂੰ ਲਾਇਸੰਸੀ ਹਥਿਆਰਾਂ ਤੋਂ ਨਹੀਂ, ਨਾਜਾਇਜ਼ ਹਥਿਆਰਾਂ ਤੇ ਡਰੱਗ ਮਾਫੀਆ ਤੋਂ ਖ਼ਤਰਾ

## ਆਪ ਸਰਕਾਰ ਵਲੋਂ 'ਗੰਨ ਸਭਿਆਚਾਰ' ਰੋਕਣ ਦੀ ਨਵੀਂ ਪਾਲਿਸੀ ਦਾ ਵਿਰੋਧੀ ਪਾਰਟੀਆਂ ਨੇ ਮਖੌਲ ਉਡਾਇਆ

## ਸੋਸ਼ਲ ਮੀਡੀਆ ਉਪਰ ਸਿੱਖਾਂ ਨੇ ਵਿਰੋਧ ਕੀਤਾ ਕਿ ਨਵੀਂ ਪਾਲਿਸੀ ਤਹਿਤ ਸਿੱਖਾਂ ਦੇ ਰਵਾਇਤੀ ਤੇ ਲਾਇਸੰਸੀ ਸ਼ਸ਼ਤਰਾਂ ਉਪਰ ਲਗਾਈ ਜਾ ਸਕਦੀ ਹੈ ਪਾਬੰਦੀ

**ਕਵਰ ਸਟੋਰੀ**

**ਬਘੇਲ ਸਿੰਘ ਧਾਲੀਵਾਲ**





ਪੰਜਾਬ ਸਰਕਾਰ ਨੇ ਬੀਤੇ ਦਿਨੀ ਸੂਬੇ ਵਿਚ 'ਗੰਨ ਸਭਿਆਚਾਰ' ਨੂੰ ਠੱਲ੍ਹਣ ਲਈ ਪੁਲਿਸ ਪ੍ਰਸ਼ਾਸਨ ਵਿਚ ਫੇਰਬਦਲ ਕਰਨ ਮਗਰੋਂ ਛੇ ਨੁਕਾਤੀ ਏਜੰਡਾ ਐਲਾਨਿਆ ਹੈ। ਗ੍ਰਹਿ ਮਾਮਲੇ ਤੇ ਨਿਆਂ ਵਿਭਾਗ ਵੱਲੋਂ ਜਾਰੀ ਪੱਤਰ ਅਨੁਸਾਰ ਪੰਜਾਬ ਵਿਚ ਅਗਲੇ ਤਿੰਨ ਮਹੀਨੇ ਲਈ ਨਵਾਂ ਅਸਲਾ ਲਾਇਸੰਸ ਜਾਰੀ ਕਰਨ 'ਤੇ ਪਾਬੰਦੀ ਰਹੇਗੀ ਤੇ ਹੁਣ ਤੱਕ ਜਾਰੀ ਅਸਲਾ ਲਾਇਸੰਸਾਂ ਦੀ ਇਸ ਅਰਸੇ ਦੌਰਾਨ ਸਮੀਖਿਆ ਕੀਤੀ ਜਾਵੇਗੀ।ਨਵੀਂ ਸਰਕਾਰ ਵੱਲੋਂ ਹੁਣ ਅਮਨ ਕਾਨੂੰਨ ਦੀ ਸਥਿਤੀ ਕਾਇਮ ਰੱਖਣ ਲਈ ਛੇ ਕਦਮ ਉਠਾਏ ਜਾਣੇ ਹਨ, ਜਿਨ੍ਹਾਂ ਵਿਚ ਪਿਛਲੇ ਸਮੇਂ ਦੌਰਾਨ ਗ਼ਲਤ ਜਾਰੀ ਹੋਏ ਅਸਲਾ ਲਾਇਸੰਸਾਂ ਨੂੰ ਰੱਦ ਕਰਨਾ ਵੀ ਸ਼ਾਮਲ ਹੈ। ਅਗਲੇ ਤਿੰਨ ਮਹੀਨਿਆਂ ਦੌਰਾਨ ਵਿਸ਼ੇਸ਼ ਹਾਲਾਤ ਵਿਚ ਹੀ ਅਸਲਾ ਲਾਇਸੰਸ ਜਾਰੀ ਹੋਵੇਗਾ।ਪੰਜਾਬ ਸਰਕਾਰ ਨੇ ਹਥਿਆਰਾਂ ਅਤੇ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤਾਂ 'ਤੇ ਵੀ ਪਾਬੰਦੀ ਲਗਾ ਦਿੱਤੀ ਹੈ। 'ਆਪ' ਆਗੂ ਇਨ੍ਹਾਂ ਕਦਮਾਂ ਦੀ ਸ਼ਲਾਘਾ ਕਰ ਰਹੇ ਹਨ ਜਦੋਂ ਕਿ ਵਿਰੋਧੀ ਤੇ ਪੰਥਕ ਹਲਕੇ ਇਸ ਨੂੰ ਨਵਾਂ ਡਰਾਮਾ ਦੱਸ ਰਹੇ ਹਨ। ਚੇਤੇ ਰਹੇ ਕਿ ਅੰਮ੍ਰਿਤਸਰ ਵਿਚ ਸੁਧੀਰ ਸੂਰੀ ਦੇ ਕਤਲ ਲਈ ਲਾਇਸੰਸੀ ਹਥਿਆਰ ਵਰਤਿਆ ਗਿਆ ਸੀ ਜਿਸ ਪਿੱਛੋਂ ਸਰਕਾਰ ਨੇ ਇਹ ਕਦਮ ਚੁੱਕ ਕੇ ਆਪਣੀ ਸਥਿਤੀ ਹਾਸੋਹੀਣੀ ਵਾਲੀ ਬਣਾ ਲਈ ਹੈ। ਇਸੇ ਤਰ੍ਹਾਂ ਸਰਕਾਰ ਨੇ ਸੋਸ਼ਲ ਮੀਡੀਆ ਸਮੇਤ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ 'ਤੇ ਮੁਕੰਮਲ ਪਾਬੰਦੀ ਲਗਾ ਦਿੱਤੀ ਹੈ। ਜਨਤਕ ਇਕੱਠਾਂ, ਧਾਰਮਿਕ ਸਥਾਨਾਂ, ਵਿਆਹ ਪਾਰਟੀਆਂ ਅਤੇ ਹੋਰ ਸਮਾਗਮਾਂ ਵਿਚ ਹਥਿਆਰ ਲਿਜਾਣ ਅਤੇ ਪ੍ਰਦਰਸ਼ਨ ਕਰਨ 'ਤੇ ਮੁਕੰਮਲ ਪਾਬੰਦੀ ਰਹੇਗੀ। ਕਿਸੇ ਵੀ ਭਾਈਚਾਰੇ ਖ਼ਿਲਾਫ਼ ਨਫਰਤੀ ਭਾਸ਼ਣ ਦੇਣ ਵਾਲੇ ਖ਼ਿਲਾਫ਼ ਕੇਸ ਦਰਜ ਕੀਤਾ ਜਾਵੇਗਾ। ਸੁਪਰੀਮ ਕੋਰਟ ਨਫਰਤੀ ਭਾਸ਼ਣ ਦੇਣ ਵਾਲੇ ਖ਼ਿਲਾਫ਼ ਮੁਕੱਦਮਾ ਦਰਜ ਕੀਤੇ ਜਾਣ ਬਾਰੇ ਪਹਿਲਾਂ ਹੀ ਕਹਿ ਚੁੱਕੀ ਹੈ।

ਦੂਸਰੇ ਪਾਸੇ ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਗੁਰੂ ਨੇ ਸਾਨੂੰ ਹਥਿਆਰ ਰੱਖਣ ਨੂੰ ਕਿਹਾ- ਇਹ ਤਾਂ ਕਿਰਪਾਨ ਨੂੰ ਵੀ ਹਥਿਆਰ ਕਹਿ ਦੇਣਗੇ।ਜੇ ਕਿਸੇ ਕੋਲ ਲਾਈਸੰਸ ਹੈ ਤੇ ਉਹ ਲਈ ਫਿਰਦਾ ਤਾਂ ਕਾਨੂੰਨ ਦੀ ਉਲੰਘਣਾ ਕਿਵੇਂ ਹੋਈ ? ਜੇ ਕੋਈ ਤੁਰੇ ਫਿਰਦੇ ਦੀ ਫੋਟੋ ਸੋਸ਼ਲ ਮੀਡੀਆ ਤੇ ਪਾ ਦਿੰਦਾ ਤਾਂ ਇਹ ਕਨੂੰਨ ਦੀ ਉਲੰਘਣਾ ਕਿਵੇਂ ਹੋਈ ? ਹੇਟ ਸਪੀਚ ਦੀ ਸਰਕਾਰ ਕੋਲ ਕੀ ਪਰਿਭਾਸ਼ਾ ਹੈ ? ਜਦ ਕਿ ਸ਼ਿਵ ਸੈਨਾਨੀ ਸਿੱਖ ਨਸਲਕੁਸ਼ੀ, ਦਰਬਾਰ ਸਾਹਿਬ ਉਪਰ ਹਮਲਾ ਕਰਨ ਦੀ ਧਮਕੀ ਦਿੰਦੇ ਹਨ ਤਾਂ ਸਰਕਾਰ ਇਹਨਾਂ ਉਪਰ ਬਗਾਵਤ ਦਾ ਕੇਸ ਦਰਜ ਕਿਉਂ ਨਹੀਂ ਕਰਦੀ। ਜਦ ਸਿੱਖ ਆਪਣੇ ਮਾਮਲਿਆਂ ਬਾਰੇ ਬੋਲਦੇ ਹਨ ਜਾਂ ਪ੍ਰਤੀਕਰਮ ਵਜੋਂ ਵਿਚਾਰ ਦਿੰਦੇ ਹਨ ਤਾਂ ਉਹਨਾਂ ਉਪਰ ਕਾਰਵਾਈ ਕਿਉਂ ਹੁੰਦੀ ਹੈ। ਫਿਰ ਫਰੀਡਮ ਆਫ ਸਪੀਚ ਕਿੱਥੇ ਗਈ ਫੇ਼ਰ ?

ਐਡਵੋਕੇਟ ਰਾਜਵਿੰਦਰ ਬੈਂਸ ਦੀ ਰਾਏ ਹੈ ਕਿ ਗਾਣਿਆਂ ਦੇ ਮਾਮਲੇ ਵਿਚ ਪਾਬੰਦੀਆਂ ਲਗਾਉਣ ਲਈ ਸੈਂਸਰ ਬੋਰਡ ਵਰਗੀ ਸੰਸਥਾ ਬਣਾਉਣ ਦੀ ਲੋੜ ਪਵੇਗੀ ਅਤੇ ਇਸ ਵਾਸਤੇ ਵਿਧਾਨਕ ਰਸਤਾ ਅਪਣਾਉਣ ਦੀ ਜ਼ਰੂਰਤ ਪੈ ਸਕਦੀ ਹੈ। ਇਹ ਮੁੱਦਾ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਨਾਲ ਜੁੜਿਆ ਹੋਇਆ ਹੈ। ਬਿਨਾਂ ਕਾਰਨ ਤੇ ਗੈਰ ਸੰਵਿਧਾਨਕ ਪਾਬੰਦੀ ਲਗਾਉਣੀ ਸੰਵਿਧਾਨ ਦਾ ਅਪਮਾਨ ਹੈ। ਇਸ ਬਾਰੇ ਕਾਨੂੰਨੀ ਤੇ (ਬਾਕੀ ਸਫ਼ਾ 30 'ਤੇ)

## ਵਿਰੋਧੀ ਪਾਰਟੀਆਂ ਅਨੁਸਾਰ ਅਮਨ ਕਾਨੂੰਨ ਦੇ ਵਿਗੜਨ ਦੀ ਸਥਿਤੀ ਲਈ ਆਪ ਸਰਕਾਰ ਜ਼ਿੰਮੇਵਾਰ



ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੇ 8 ਮਹੀਨੇ ਹੋਏ ਹਨ ਪਰ ਸੂਬੇ ਵਿੱਚ ਅਮਨੋ-ਅਮਾਨ ਦੇ ਹਾਲਾਤ ਅਸਥਿਰ ਨਜ਼ਰ ਆ ਰਹੇ ਹਨ।

ਵਿਰੋਧੀ ਧਿਰਾਂ ਸਰਕਾਰ 'ਤੇ ਅਮਨ ਕਾਨੂੰਨ ਦੇ ਹਾਲਾਤ ਨੂੰ ਕਾਬੂ ਨਾ ਰੱਖ ਸਕਣ ਦਾ ਇਲਜ਼ਾਮ ਲਗਾ ਰਹੀਆਂ ਅਤੇ ਸਰਕਾਰ ਹਾਲਾਤ ਨਾ ਵਿਗੜਣ ਦੇਣ ਦੇ ਦਾਅਵੇ ਕਰ ਰਹੀ ਹੈ।ਪੰਜਾਬ ਦੇ ਸਾਬਕਾ ਡਿਪਟੀ ਸੀਐੱਮ ਤੇ ਕਾਂਗਰਸੀ ਆਗੂ ਸੁਖਜਿੰਦਰ ਸਿੰਘ ਰੰਧਾਵਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਰਕਾਰ ਆਪਣੀ ਨਾਕਾਬਲੀਅਤ ਨੂੰ ਲੁਕਾਉਣ ਲਈ ਅਜਿਹੀਆਂ ਨੋਟੀਫਿਕੇਸ਼ਨਜ਼ ਜਾਰੀ ਕਰ ਰਹੀ ਹੈ। ਉਨ੍ਹਾਂ ਕਿਹਾ, 'ਅਜਿਹਾ ਉਹ ਸੀਐੱਮ ਕਰ ਰਿਹਾ ਹੈ ਜੋ ਆਪ ਇੱਕ ਕਲਾਕਾਰ ਹੈ... ਠੀਕ ਹੈ ਗੰਨ ਕਲਚਰ ਨੂੰ ਪ੍ਰਮੋਟ ਨਹੀਂ ਕਰਨਾ ਚਾਹੀਦਾ ਪਰ ਜਿਹੜੇ ਵੀਹ-ਵੀਹ ਸਾਲ ਪੁਰਾਣੇ ਗੀਤ ਨੇ, ਮੈਨੂੰ ਨਹੀਂ ਲੱਗਦਾ ਕਿ ਸਰਕਾਰ ਕੋਲ ਅਜਿਹੀ ਕੋਈ ਛੂਮੰਤਰ ਚੀਜ਼ ਹੈ ਜਿਸ ਨਾਲ ਇਹ ਸਾਰੇ ਖਤਮ ਹੋ ਜਾਣ।' ਕਾਨੂੰਨ ਵਿਵਸਥਾ ਦੀ ਗੱਲ ਕਰੀਏ ਤਾਂ ਆਏ ਦਿਨ ਗੋਲ਼ੀਆਂ ਚੱਲਦੀਆਂ ਨੇ, ਇਸ ਦਾ ਮਤਲਬ ਕਿ ਇਹ ਗਾਣੇ ਗੋਲ਼ੀਆਂ ਚਲਾ ਰਹੇ ਨੇ ਜਾਂ ਪੰਜਾਬ ਦੀ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਲੁਕਾਉਣ ਦੀ ਆਮ ਆਦਮੀ ਪਾਰਟੀ ਦੀ ਕੋਸ਼ਿਸ਼ ਹੈ।'

ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਦਾ ਕਹਿਣਾ ਹੈ ਕਿ ਇਹ ਫੈਸਲਾ ਦਸ ਦਿਨਾਂ ਬਾਅਦ ਸਰਕਾਰ ਫੇਰ ਵਾਪਸ ਲਵੇਗੀ। ਉਨ੍ਹਾਂ ਕਿਹਾ ਕਿ ਬਾਕੀ ਗੱਲਾਂ ਠੀਕ ਹੋ ਸਕਦੀਆਂ ਹਨ ਪਰ ਗੀਤਾਂ ਵਾਲੀ ਗੱਲ ਠੀਕ ਨਹੀਂ ਹੈ। ਆਪਾਂ ਆਉਣ ਵਾਲੀਆਂ ਨਸਲਾਂ ਨੂੰ ਬਚਾਉਣਾ ਹੈ।

ਮੰਨੇ-ਪ੍ਰਮੰਨੇ ਕਲਾਕਾਰ ਗੁਰਪ੍ਰੀਤ ਘੁੱਗੀ ਨੇ ਮਾਨ ਸਰਕਾਰ ਦੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਅਜੇ ਇਸ ਬਾਰੇ ਲੰਮਾ ਕੰਮ ਬਾਕੀ ਹੈ (ਬਾਕੀ ਸਫ਼ਾ 30 'ਤੇ)

## ਮਮਤਾ ਵਲੋਂ ਮੋਦੀ ਸਰਕਾਰ ਨੂੰ ਧਮਕੀ ਕਿਹਾ ਕਿ ਕੇਂਦਰ ਨੇ ਸੂਬੇ ਦਾ ਬਕਾਇਆ ਨਾ ਦਿੱਤਾ ਤਾਂ ਜੀ.ਐਸ.ਟੀ. ਰੋਕਾਂਗੇ



ਝਾੜਗ੍ਰਾਮ (ਪੱਛਮੀ ਬੰਗਾਲ)/ਏ.ਟੀ.ਨਿਊਜ਼ :- ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਹਮਲਾ ਬੋਲਦੇ ਹੋਏ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਹੈ ਕਿ ਜੇਕਰ ਕੇਂਦਰ ਨੇ ਸੂਬੇ ਦੇ ਬਕਾਏ ਦਾ ਭੁਗਤਾਨ ਨਾ ਕੀਤਾ ਤਾਂ ਉਨ੍ਹਾਂ (ਪੱਛਮੀ ਬੰਗਾਲ) ਨੂੰ ਵਸਤੂ ਤੇ ਸੇਵਾ ਕਰ (ਜੀ.ਐਸ.ਟੀ.) ਰੋਕਣ ਲਈ ਮਜਬੂਰ ਹੋਣਾ ਪਵੇਗਾ।

ਕਬਾਇਲੀ ਜ਼ਿਲ੍ਹੇ ਝਾੜਗ੍ਰਾਮ 'ਚ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਜਾਂ ਤਾਂ ਸੂਬੇ ਦੇ ਬਕਾਏ ਦੇਵੇ ਜਾਂ ਸੱਤਾ ਤੋਂ ਲਾਂਭੇ ਹੋ ਜਾਵੇ। ਉਨ੍ਹਾਂ ਦੋਸ਼ ਲਗਾਇਆ ਕਿ ਕੇਂਦਰ ਮਗਨਰੇਗਾ ਫੰਡ ਜਾਰੀ ਨਹੀਂ ਕਰ ਰਿਹਾ ਹੈ। ਉਨ੍ਹਾਂ ਕਬਾਇਲੀ ਲੋਕਾਂ ਨੂੰ ਇਸ ਖਿਲਾਫ ਸੜਕਾਂ 'ਤੇ ਉਤਰਨ ਦਾ ਸੱਦਾ ਦਿੱਤਾ ਹੈ। ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸਵਾਲ ਕਰਦਿਆਂ ਕਿਹਾ ਕਿ ਕੀ ਸਾਨੂੰ ਆਪਣੇ ਆਰਥਿਕ ਬਕਾਏ ਲੈਣ ਲਈ ਕੇਂਦਰ ਅੱਗੇ ਝੁਕਣਾ ਪਵੇਗਾ ? ਉਹ (ਕੇਂਦਰ) ਮਗਨਰੇਗਾ ਫੰਡ ਜਾਰੀ ਨਹੀਂ ਕਰ ਰਹੇ। ਜੇਕਰ ਕੇਂਦਰ ਸਾਡੇ ਬਕਾਏ ਦਾ ਭੁਗਤਾਨ ਨਹੀਂ ਕਰ ਸਕਦਾ ਭਾਜਪਾ ਨੂੰ ਸੱਤਾ ਤੋਂ ਲਾਂਭੇ ਹੋ ਜਾਣਾ ਚਾਹੀਦਾ ਹੈ।

## ਪੰਜਾਬੀਆਂ ਲਈ 'ਸਟੇਟਸ ਸਿੰਬਲ' ਬਣਿਆ ਅਸਲਾ

- ਹਰ 14ਵੇਂ ਪਰਿਵਾਰ ਕੋਲ ਲਾਇਸੰਸ
- 4 ਲੱਖ ਤੋਂ ਵੱਧ ਲਾਇਸੰਸੀ ਹਥਿਆਰ, ਨਾਜਾਇਜ਼ ਵੱਖਰੇ
- ਭਾਰਤ ਭਰ ਵਿਚ ਪੰਜਾਬ ਅਸਲਾ ਲਾਇਸੰਸਾਂ ਦੇ ਮਾਮਲੇ ਵਿਚ ਤੀਸਰੇ ਸਥਾਨ 'ਤੇ



ਮੋਗਾ :- ਪੰਜਾਬੀਆਂ ਕੋਲ ਲਾਇਸੰਸੀ ਅਸਲੇ ਦਾ ਭੰਡਾਰ ਹੋਣ ਕਾਰਨ ਆਪ ਸਰਕਾਰ ਪ੍ਰੇਸ਼ਾਨ ਹੈ। ਬਿਨਾਂ ਲਾਇਸੰਸ ਵਾਲਾ ਅਸਲਾ ਇਸ ਤੋਂ ਵੱਖਰਾ ਹੈ। ਦੱਸਣਾ ਬਣਦਾ ਹੈ ਕਿ ਪੰਜਾਬ ਅੰਦਰ ਕਰੀਬ 4 ਲੱਖ ਅਸਲਾ ਲਾਇਸੰਸ ਬਣੇ ਹੋਏ ਹਨ ਅਤੇ 10 ਹਜ਼ਾਰ ਅਸਲਾ ਲਾਇਸੰਸ ਤਾਂ ਪਿਛਲੇ 10 ਮਹੀਨਿਆਂ ਅੰਦਰ ਹੀ ਬਣ ਗਏ ਹਨ । ਪੰਜਾਬੀਆਂ ਨੇ ਤਾਂ ਹਥਿਆਰ ਨੂੰ ਸਟੇਟਸ ਸਿੰਬਲ ਬਣਾ ਲਿਆ ਹੈ।ਬਠਿੰਡੇ ਵਾਲਿਆਂ ਨੇ ਤਾਂ ਰਫ਼ਲਾਂ ਰੱਖਣ ਦੇ ਸ਼ੌਂਕੀ ਹੋਣ ਦੇ ਨਾਅਰੇ ਨੂੰ ਬੁਲੰਦ ਕਰਦਿਆਂ 25 ਹਜ਼ਾਰ ਤੋਂ ਵੱਧ ਹਥਿਆਰ ਖ਼ਰੀਦ ਲਏ ਹਨ। ਪੰਜਾਬ ਦੇ ਅੰਮ੍ਰਿਤਸਰ, ਬਠਿੰਡਾ, ਤਰਨ ਤਾਰਨ, ਸੰਗਰੂਰ, ਫ਼ਿਰੋਜ਼ਪੁਰ, ਹੁਸ਼ਿਆਰਪੁਰ ਅਤੇ ਮੁਕਤਸਰ ਵਿਚ ਅਸਲਾ ਧਾਰਕਾਂ ਦੀ ਗਿਣਤੀ 42 ਫ਼ੀਸਦੀ ਤੋਂ ਵੱਧ ਅਤੇ ਬਾਕੀ 58 ਫ਼ੀਸਦੀ ਪੂਰੇ ਪੰਜਾਬ ਵਿਚ ਹੈ। ਭਾਰਤ ਭਰ ਵਿਚ ਪੰਜਾਬ ਅਸਲਾ ਲਾਇਸੰਸਾਂ ਦੇ ਮਾਮਲੇ ਵਿਚ ਤੀਸਰੇ ਸਥਾਨ 'ਤੇ ਹੈ। ਜਾਣਕਾਰੀ ਅਨੁਸਾਰ ਸਾਲ 2011 'ਚ 3,23,492 ਲੋਕਾਂ ਕੋਲ ਅਸਲਾ ਸੀ ਅਤੇ ਪੰਜਾਬ ਵਿਚ ਪਿਛਲੇ 1 ਦਹਾਕੇ ਦੌਰਾਨ 1 ਲੱਖ ਨਵੇਂ ਅਸਲਾ ਲਾਇਸੰਸ ਬਣੇ ਹਨ। ਪੰਜਾਬ 'ਚ ਇਸ ਵੇਲੇ ਕਰੀਬ 55 ਲੱਖ ਪਰਿਵਾਰ ਹਨ ਅਤੇ ਇਸ ਹਿਸਾਬ ਨਾਲ ਪੰਜਾਬ ਦੇ ਔਸਤਨ ਹਰ 14ਵੇਂ ਪਰਿਵਾਰ ਕੋਲ ਅਸਲਾ ਲਾਇਸੰਸ ਹੈ। ਪੰਜਾਬ ਵਿਚ ਔਸਤਨ 80 ਲੋਕਾਂ ਪਿੱਛੇ 1 ਅਸਲਾ ਲਾਇਸੰਸ ਹੈ ਅਤੇ ਅਸਲਾ ਲਾਇਸੰਸ ਬਣਾਉਣ ਲਈ ਲੋਕ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਦੀਆਂ ਸਿਫ਼ਾਰਸ਼ਾਂ ਪਵਾਉਣ ਦੇ ਨਾਲ ਨਾਲ ਮੋਟਾ ਪੈਸਾ ਵੀ ਖਰਚਦੇ ਹਨ। ਪੰਜਾਬ ਅੰਦਰ ਵਿਗੜ ਰਹੀ ਅਮਨ ਕਾਨੂੰਨ ਦੀ ਹਾਲਤ ਅਤੇ ਸਰਹੱਦੀ ਸੂਬਾ ਹੋਣ ਕਾਰਨ ਅਸਲ੍ਹਾ ਲਾਇਸੰਸ ਦੀ ਸਮੀਖਿਆ ਕਰਨ ਦੇ ਦਿੱਤੇ ਆਦੇਸ਼ ਕਿਸੇ ਚੁਣੌਤੀ ਤੋਂ ਘੱਟ ਨਹੀਂ ਹਨ, ਕਿਉਂ ਜੋ ਹਰ ਅਸਲਾ ਧਾਰਕ ਆਪਣਾ ਲਾਇਸੰਸ ਬਰਕਰਾਰ ਰੱਖਣ ਲਈ ਹਰ-ਹਰਬਾ ਵਰਤੇਗਾ। ਇਹ ਵੀ ਕਿ ਪਿਛਲੇ ਸਾਲ ਬਾਰਡਰ ਸਕਿਉਰਿਟੀ ਫੋਰਸ ਵਲੋਂ 3322 ਨਾਜਾਇਜ਼ ਹਥਿਆਰ ਬਰਾਮਦ ਕੀਤੇ ਗਏ ਸਨ ਅਤੇ ਸੂਬਾ ਪੁਲਿਸ ਵਲੋਂ 2018 ਤੋਂ 2020 ਦੌਰਾਨ 1349 ਗ਼ੈਰ-ਕਾਨੂੰਨੀ ਹਥਿਆਰ (ਬਾਕੀ ਸਫ਼ਾ 30 'ਤੇ)

# ਬਾਈਡਨ ਤੇ ਸ਼ੀ ਦੀ ਹੋਈ ਮੁਲਾਕਾਤ

## ਅਮਰੀਕਾ ਤੇ ਚੀਨ ਸੰਬੰਧ ਸੁਧਾਰਨ ਲਈ ਸਹਿਮਤ



ਬਾਲੀ/ਏ.ਟੀ.ਨਿਊਜ਼ :- ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਤੇ ਉਨ੍ਹਾਂ ਦੇ ਚੀਨੀ ਹਮਰੁਤਬਾ ਸ਼ੀ ਜਿਨਪਿੰਗ ਨੇ ਬੀਤੇ ਦਿਨੀਂ ਜੀ-20 ਸੰਮੇਲਨ ਵਿਚ ਵੱਖਰੇ ਤੌਰ ’ਤੇ ਵਿਅਕਤੀਗਤ ਮੁਲਾਕਾਤ ਕੀਤੀ। ਇਹ ਮੁਲਾਕਾਤ ਸੈਨਿਕ ਸ਼ਕਤੀ ਦੇ ਅਸਲ ਪ੍ਰਦਰਸ਼ਨ ਸਮੇਤ ਤਾਈਵਾਨ ’ਤੇ ਬੀਜਿੰਗ ਦੇ ਹਾਲ ਹੀ ਦੇ ਰੁਖ ਕਾਰਨ ਦੋਵੇਂ ਦੇਸ਼ਾਂ ਦਰਮਿਆਨ ਵਿਗੜੇ ਦੁਵੱਲੇ ਸੰਬੰਧਾਂ ਦਰਮਿਆਨ ਹੋਈ। ਅਮਰੀਕਾ ਅਤੇ ਚੀਨ ਦੇ ਝੰਡਿਆਂ ਅੱਗੇ ਖੜ੍ਹੇ ਬਾਈਡਨ ਅਤੇ ਸ਼ੀ ਨੇ ਮੁਸਕਰਾਉਂਦੇ ਹੋਏ ਇਕ-ਦੂਜੇ ਨਾਲ ਹੱਥ ਮਿਲਾਇਆ ਅਤੇ ਇਕ-ਦੂਜੇ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ। ਆਪਣੀ ਸ਼ੁਰੂਆਤੀ ਟਿੱਪਣੀ ਵਿਚ ਬਾਈਡਨ ਨੇ ਕਿਹਾ ਕਿ ਉਹ ਸ਼ੀ ਨਾਲ ਗੱਲਬਾਤ ਲਈ ਸੰਚਾਰ ਦੀਆਂ ਲਾਈਨਾਂ ਨੂੰ ਖੁੱਲ੍ਹਾ ਰੱਖਣ ਲਈ ਵਚਨਬੱਧ ਹਨ। ਉਨ੍ਹਾਂ ਅੱਗੇ ਕਿਹਾ ਕਿ ਉਨ੍ਹਾਂ ਦੇ ਵਿਚਾਰ ਨਾਲ ਜਿਵੇਂ ਕਿ ਸਾਡੇ ਦੋਵੇਂ ਦੇਸ਼ਾਂ ਦੇ ਨੇਤਾ ਇਹ ਦਿਖਾਉਣ ਲਈ ਜ਼ਿੰਮੇਵਾਰੀ ਸਾਂਝੀ ਕਰਦੇ ਹਨ ਕਿ ਚੀਨ ਤੇ ਅਮਰੀਕਾ ਆਪਣੇ ਮਤਭੇਦਾਂ ਨਾਲ ਨਜਿੱਠ ਸਕਦੇ ਹਨ, ਮੁਕਾਬਲੇ ਨੂੰ ਟਕਰਾਅ ਦੇ ਨੇੜੇ ਕੁਝ ਵੀ ਬਣਨ ਤੋਂ ਰੋਕ ਸਕਦੇ ਹਨ ਤੇ ਤੁਰੰਤ, ਕੌਮਾਂਤਰੀ ਮੁੱਦਿਆਂ ’ਤੇ ਇਕੱਠੇ ਕੰਮ ਕਰਨ ਦੇ ਤਰੀਕੇ ਲੱਭ ਸਕਦੇ ਹਨ, ਜਿਨ੍ਹਾਂ ਲਈ ਸਾਡੇ ਆਪਸੀ ਸਹਿਯੋਗ ਦੀ ਜ਼ਰੂਰਤ ਹੁੰਦੀ ਹੈ। ਸੀ.ਐਨ.ਐਨ.ਨੇ ਸ਼ੀ ਦੇ ਹਵਾਲੇ ਨਾਲ ਕਿਹਾ ਕਿ ਵਰਤਮਾਨ ’ਚ ਚੀਨ-ਅਮਰੀਕਾ ਸੰਬੰਧ ਜਿਸ ਸਥਿਤੀ ਵਿਚ ਹਨ, ਇਹ ਸਾਡੇ ਦੋਵੇਂ ਦੇਸ਼ਾਂ ਅਤੇ ਲੋਕਾਂ ਦੇ ਮੌਲਿਕ ਹਿਤ ਵਿਚ ਨਹੀਂ ਹੈ ਅਤੇ ਇਹ ਉਹ ਨਹੀਂ ਹੈ ਜਿਸ ਦੀ ਅੰਤਰਰਾਸ਼ਟਰੀ ਭਾਈਚਾਰਾ ਸਾਡੇ ਤੋਂ ਉਮੀਦ ਕਰਦਾ ਹੈ। ਚੀਨੀ ਨੇਤਾ ਨੇ ਕਿਹਾ ਕਿ ਉਹ ਚੀਨ-ਅਮਰੀਕਾ ਸੰਬੰਧਾਂ ’ਤੇ ਰਣਨੀਤਕ ਮਹੱਤਤਾ ਵਾਲੇ ਮੁੱਦਿਆਂ ਅਤੇ ਪ੍ਰਮੁੱਖ ਕੌਮਾਂਤਰੀ ਅਤੇ ਖੇਤਰੀ ਮੁੱਦਿਆਂ ’ਤੇ ਬਾਈਡਨ ਨਾਲ ਸਪੱਸ਼ਟ ਅਤੇ ਡੂੰਘਾਈ ਨਾਲ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਲਈ ਤਿਆਰ ਹਨ।

# ਕਾਲੇ ਵਿਅਕਤੀ ਡਿਜਨ ਕਿਜ਼ੀ ਨੂੰ 16 ਵਾਰ ਗੋਲੀਆਂ ਮਾਰਨ ਵਾਲੇ ਪੁਲਿਸ ਅਫਸਰਾਂ ਵਿਰੁੱਧ ਨਹੀਂ ਚੱਲੇਗਾ ਅਪਰਾਧਕ ਦੋਸ਼ਾਂ ਤਹਿਤ ਮੁਕੱਦਮਾ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- 2020 ਵਿਚ ਲਾਸ ਏਂਜਲਸ ਵਿਚ ਡਿਜਨ ਕਿਜ਼ੀ ਨਾਮੀ ਕਾਲੇ ਵਿਅਕਤੀ ਨੂੰ 16 ਵਾਰ ਗੋਲੀਆਂ ਮਾਰ ਕੇ ਮਾਰ ਦੇਣ ਵਾਲੇ ਪੁਲਿਸ ਦੇ ਡਿਪਟੀ ਕ੍ਰਿਸ ਮੋਰਾਲਸ ਤੇ ਉਸ ਦੇ ਟ੍ਰੇਨਿੰਗ ਅਫਸਰ ਮਾਈਕਲ ਗਾਰਸੀਆ ਵਿਰੁੱਧ ਅਪਰਾਧਕ ਦੋਸ਼ ਆਇਦ ਨਹੀਂ ਕੀਤੇ ਜਾਣਗੇ। ਇਹ ਖੁਲਾਸਾ ਲਾਸ ਏਂਜਲਸ ਕਾਊਂਟੀ ਦੇ ਡਿਸਟ੍ਰਿਕਟ ਦਫਤਰ ਦੀ 19 ਸਫਿਆਂ ਦੀ ਇਕ ਰਿਪੋਰਟ ਵਿਚ ਹੋਇਆ ਹੈ। ਰਿਪੋਰਟ ਅਨੁਸਾਰ 31 ਅਗਸਤ, 2020 ਨੂੰ



ਉਕਤ ਦੋਨਾਂ ਪੁਲਿਸ ਅਫਸਰਾਂ ਨੇ ਸੜਕ ਉਪਰ ਗਲਤ ਪਾਸੇ ਤੋਂ ਬਾਈਸਾਈਕਲ ਉਪਰ ਆ ਰਹੇ ਡਿਜਨ ਕਿਜ਼ੀ ਨੂੰ ਰੋਕਣ ਦਾ ਯਤਨਾ ਕੀਤਾ ਸੀ ਪ੍ਰੰਤੂ ਉਹ ਰੁਕਣ ਦੀ ਬਜਾਏ ਸਾਈਕਲ ਉਪਰੋਂ ਉਤਰ ਕੇ ਦੌੜ ਗਿਆ। ਪੁਲਿਸ ਅਫਸਰਾਂ ਨੇ ਉਸ ਦਾ ਪਿੱਛਾ ਕੀਤਾ। ਇਕ ਸਮੇਂ ਲੱਗਦਾ ਸੀ ਕਿ ਉਹ ਆਤਮ ਸਮਰਪਣ ਕਰਨ ਵਾਲਾ ਹੈ ਪ੍ਰੰਤੂ ਉਹ ਡਿਪਟੀ ਮੋਰਾਲਸ ਨਾਲ ਉਲਝ ਪਿਆ ਜਿਸ ਦੌਰਾਨ ਉਸ ਦਾ 9 ਐਮ ਐਮ ਪਿਸਟਲ ਜਮੀਨ ਉਪਰ ਡਿੱਗ ਗਿਆ। ਜਦੋਂ ਕਿਜ਼ੀ ਨੇ ਪਿਸਟਲ ਚੁੱਕਣ ਦੀ ਕੋਸ਼ਿਸ਼ ਕੀਤੀ ਤਾਂ ਮੋਰਾਲਸ ਨੇ ਉਸ ਉਪਰ ਗੋਲੀਆਂ ਦਾਗ ਦਿੱਤੀਆਂ। ਉਸ ਦੀ ਮੌਕੇ ਉਪਰ ਹੀ ਮੌਤ ਹੋ ਗਈ ਸੀ। ਕਿਜ਼ੀ ਦੇ ਪਰਿਵਾਰ ਨੇ ਪੁਲਿਸ ਵਿਰੁੱਧ 3.50 ਕਰੋੜ ਡਾਲਰ ਦਾ ਦਾਅਵਾ ਕੀਤਾ ਹੈ।

# ਰਿਪਬਲੀਕਨ ਪਾਰਟੀ ਦੇ ਕੈਵਿਨ ਮਕਾਰਥੀ ਬਣ ਸਕਦੇ ਹਨ ਸਦਨ ਦੇ ਅਗਲੇ ਸਪੀਕਰ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਰਿਪਬਲੀਕਨ ਪਾਰਟੀ ਨੇ ਕੈਵਿਨ ਮਕਾਰਥੀ ਨੂੰ ਆਪਣਾ ਆਗੂ ਚੁਣਿਆ ਹੈ ਜੋ ਅਗਲੇ ਸਾਲ 3 ਨਵੰਬਰ ਨੂੰ ਜਦੋਂ ਨਵੀਂ ਕਾਂਗਰਸ ਸਹੁੰ ਚੁੱਕੇਗੀ ਤਾਂ ਡੈਮੋਕ੍ਰੈਟਿਕ ਸਪੀਕਰ ਨੈਨਸੀ ਪੇਲੋਸੀ ਦੀ ਜਗਾ ਨਵੇਂ ਸਪੀਕਰ ਬਣ ਸਕਦੇ ਹਨ। ਰਿਪਬਲੀਕਨ ਪਾਰਟੀ ਦੇ ਸਦਨ ਦੇ ਮੈਂਬਰਾਂ ਦੀ ਮੀਟਿੰਗ ਵਿਚ ਕੈਲੀਫੋਰਨੀਆ ਦੇ ਪ੍ਰਤੀਨਿਧ



ਮਕਾਰਥੀ ਦੀ ਜਗ੍ਹਾ ਹੋਰ ਕਿਸੇ ਨੂੰ ਆਗੂ ਚੁਣਨ ਦੀ ਆਵਾਜ਼ ਉੱਠੀ ਸੀ ਪ੍ਰੰਤੂ ਅੰਤ ਵਿਚ ਉਹ ਐਰੀਜ਼ੋਨਾ ਤੋਂ ਸਦਨ ਮੈਂਬਰ ਐਂਡੀ ਬਿਗਸ ਨੂੰ ਵੱਡੇ ਫਰਕ ਨਾਲ ਹਰਾਉਣ ਵਿਚ ਸਫਲ ਰਹੇ। ਮੱਧਕਾਲੀ ਚੋਣਾਂ ਦੌਰਾਨ ਪ੍ਰਤੀਨਿਧ ਸਦਨ ਵਿਚ ਹਾਲਾਂਕਿ ਕਿਸੇ ਵੀ ਪਾਰਟੀ ਨੂੰ ਸਪੱਸ਼ਟ ਬਹੁਮਤ ਨਹੀਂ ਮਿਲਿਆ ਹੈ ਪ੍ਰੰਤੂ ਰਿਪਬਲੀਕਨ ਪਾਰਟੀ ਨੂੰ ਆਸ ਹੈ ਕਿ ਵੋਟਾਂ ਦੀ ਗਿਣਤੀ ਮੁਕੰਮਲ ਹੋਣ ’ਤੇ ਉਹ ਮਾਮੂਲੀ ਅੰਤਰ ਨਾਲ ਸਦਨ ਉਪਰ ਨਿਯੰਤਰਣ ਕਰ ਸਕਦੀ ਹੈ। ਇਸ ਤਰ੍ਹਾਂ ਮਕਾਰਥੀ ਦੇ ਸਦਨ ਦਾ ਅਗਲਾ ਸਪੀਕਰ ਬਣਨਾ ਨਿਸ਼ਚਿਤ ਸਮਝਿਆ ਜਾਂਦਾ ਹੈ।

# ਭਾਰਤ ਰੂਸ ਦੇ ਹੱਕ ਵਿਚ ਆਇਆ

### ਸੰਯੁਕਤ ਰਾਸ਼ਟਰ ਮਹਾਸਭਾ ਵਿਚ ਰੂਸ ਤੋਂ ਨੁਕਸਾਨ ਦੀ ਭਰਪਾਈ ਦੀ ਮੰਗ ਵਾਲੇ ਯੂਕਰੇਨ ਦੇ ਮਤੇ ਤੋਂ ਪਰੇ ਰਿਹਾ ਭਾਰਤ

ਸੰਯੁਕਤ ਰਾਸ਼ਟਰ/ਏ.ਟੀ.ਨਿਊਜ਼ :- ਭਾਰਤ ਸੰਯੁਕਤ ਰਾਸ਼ਟਰ ਮਹਾਸਭਾ (ਯੂਐੱਨਜੀਏ) ਵਿਚ ਪੇਸ਼ ਕੀਤੇ ਉਸ ਮਤੇ ਦੇ ਖਰੜੇ ’ਤੇ ਵੋਟਿੰਗ ਤੋਂ ਦੂਰ ਰਿਹਾ, ਜਿਸ ਵਿਚ ਰੂਸ ਨੂੰ ਯੂਕਰੇਨ ’ਤੇ ਹਮਲਾ ਕਰਕੇ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਕਰਨ ਅਤੇ ਜੰਗ ਵਿਚ ਹੋਏ ਨੁਕਸਾਨ ਲਈ ਕੀਵ ਨੂੰ ਮੁਆਵਜ਼ਾ ਦੇਣ ਲਈ ਜਵਾਬਦੇਹ ਠਹਿਰਾਉਣ ਦੀ ਮੰਗ ਕੀਤੀ ਗਈ ਸੀ। 193 ਮੈਂਬਰੀ ਸੰਯੁਕਤ ਰਾਸ਼ਟਰ ਮਹਾਸਭਾ ਨੇ ਯੂਕਰੇਨ ਵੱਲੋਂ ਪੇਸ਼ ਕੀਤੇ ਮਤੇ ਦੇ ਖਰੜੇ ਨੂੰ ਮਨਜ਼ੂਰੀ ਦਿੱਤੀ। ਪ੍ਰਸਤਾਵ ਦੇ ਪੱਖ ਵਿਚ 94 ਅਤੇ ਵਿਰੋਧ ’ਚ 14 ਵੋਟਾਂ ਪਈਆਂ। ਇਸ ਦੇ ਨਾਲ ਹੀ ਭਾਰਤ, ਬੰਗਲਾਦੇਸ਼, ਭੂਟਾਨ, ਬ੍ਰਾਜ਼ੀਲ, ਮਿਸਰ, ਇੰਡੋਨੇਸ਼ੀਆ,



# ਅਮਰੀਕਾ ਦੇ ਟੈਕਸਸ ਸਟੇਟ ਸਿੱਖ ਨਸਲਕੁਸ਼ੀ 1984 ਨੂੰ ਮਾਨਤਾ, ਮਤਾ ਜਾਰੀ ਕੀਤਾ ਗਿਆ, ਕਾਂਗਰਸਵੋਮੈਨ ਨੇ ਵੀ ਸਮਰਥਨ ਦਿੱਤਾ



ਸੈਕਰਾਮੈਂਟੋ( ਹੁਸਨ ਲੜੋਆ ਬੰਗਾ) ਟੈਕਸਸ ਦੇ ਵਿਧਾਇਕਾਂ ਨੇ ਸਿੱਖ ਨਸਲਕੁਸ਼ੀ 1984 ਨੂੰ ਮਾਨਤਾ ਦੇ ਦਿੱਤੀ ਹੈ ਤੇ ਇਸ ਮੌਕੇ ਟੈਕਸਾਸ ਸਟੇਟ ਅਸੈਂਬਲੀ ਦੇ ਪ੍ਰਤੀਨਿਧੀ ਟੈਰੀ ਮੇਜ਼ਾ ਨੇ 1984 ਦੀ ਸਿੱਖ ਨਸਲਕੁਸ਼ੀ ਨੂੰ ਮਾਨਤਾ ਦੇਣ ਵਾਲਾ ਮਤਾ ਜਾਰੀ ਕੀਤਾ। ਇਸ ਮਤੇ ਨੂੰ ਰਾਜ ਪ੍ਰਤੀਨਿਧੀ ਅਤੇ ਕਾਂਗਰਸ ਵੂਮੈਨ ਚੁਣੀ ਗਈ ਜੈਸਮੀਨ ਕ੍ਰੋਕੇਟ ਨੇ ਵੀ ਸਮਰਥਨ ਦਿੱਤਾ। ਇਹ ਮਤਾ ਆਪਣੀ ਕਿਸਮ ਦਾ ਪਹਿਲਾ ਅਜਿਹਾ ਹੈ ਜਿਸ ਵਿੱਚ ਨਸਲਕੁਸ਼ੀ ਬਾਰੇ ਸੰਯੁਕਤ ਰਾਸ਼ਟਰ ਕਨਵੈਨਸ਼ਨ ਸੈਕਸ਼ਨ 2 ਦਾ ਜ਼ਿਕਰ ਕੀਤਾ ਗਿਆ ਹੈ ਅਤੇ 1984 ਦੇ ਸਿੱਖ ਕਤਲੇਆਮ ਨੂੰ ਨਸਲਕੁਸ਼ੀ ਵਜੋਂ ਮਾਨਤਾ ਦਿੱਤੀ ਗਈ ਹੈ। ਮਤੇ ਵਿੱਚ ਸਿੱਖ ਨਸਲਕੁਸ਼ੀ ਦੇ ਵੱਖ-ਵੱਖ ਤੱਥਾਂ ਦਾ ਜ਼ਿਕਰ ਕੀਤਾ ਗਿਆ ਹੈ, ਜਿਸ ਵਿੱਚ ਦਿੱਲੀ ਤੋਂ ਬਾਹਰ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਸਿੱਖ ਨਸਲਕੁਸ਼ੀ ਹੋਈ ਸੀ। ਇਸ ਮੌਕੇ ਬੋਲਦਿਆਂ ਸੂਬਾਈ ਪ੍ਰਤੀਨਿਧੀ ਟੈਰੀ ਮੇਜ਼ਾ ਨੇ ਕਿਹਾ ਕਿ ਉਹ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਅਜ਼ਾਦੀ ਲਈ ਹਮੇਸ਼ਾ ਆਵਾਜ਼ ਉਠਾਉਂਦੇ ਰਹੇ ਹਨ। ਉਸਨੇ ਕਿਹਾ ਕਿ ਉਸਦਾ ਦਿਲ ਸਿੱਖ ਨਸਲਕੁਸ਼ੀ ਦੇ ਪੀੜਤਾਂ ਲਈ ਪਸੀਜਦਾ ਹੈ ਪਰ ਉਸਨੂੰ ਇਸ ਗੱਲ ਦੀ ਖੁਸ਼ੀ ਵੀ ਹੈ ਕਿ ਉਹ ਇਸ ਸਾਲ ਦੇ ਸ਼ੁਰੂ ਵਿੱਚ ਇਹ ਮਤਾ ਪੇਸ਼ ਕਰਨ ਲਈ ਸਿੱਖ ਭਾਈਚਾਰੇ ਨਾਲ ਕੀਤੇ ਆਪਣੇ ਵਾਅਦੇ ਨੂੰ ਪੂਰਾ ਕਰਨ ਵਿੱਚ ਕਾਮਯਾਬ ਰਹੀ ਹੈ। ਰਾਜ ਪ੍ਰਤੀਨਿਧੀ ਅਤੇ ਕਾਂਗਰਸ ਵੂਮੈਨ ਦੀ ਚੋਣ ਲਈ ਚੀਫ਼ ਆਫ਼ ਸਟਾਫ਼ ਜੈਸਮੀਨ ਕ੍ਰੋਕੇਟ ਨੇ ਕਿਹਾ ਕਿ ਸ਼੍ਰੀਮਤੀ ਕ੍ਰੋਕੇਟ ਅਤੇ ਉਨ੍ਹਾਂ ਦਾ ਦਫ਼ਤਰ ਸਿੱਖ ਨਸਲਕੁਸ਼ੀ ਦੇ ਪੀੜਤਾਂ ਲਈ ਨਿਆਂ ਦੇ ਕਾਰਨਾਂ ਦਾ ਪੂਰਾ ਸਮਰਥਨ ਕਰਦਾ ਹੈ। ਸੰਯੁਕਤ ਰਾਸ਼ਟਰ ਦੀ ਗਲੋਬਲ ਸਟੀਅਰਿੰਗ ਕਮੇਟੀ ਦੇ ਮੈਂਬਰ ਡਾ: ਇਕਤਦਾਰ ਚੀਮਾ, ਜਿਨ੍ਹਾਂ ਵੱਲੋਂ ਸਿੱਖ ਨਸਲਕੁਸ਼ੀ ਨੂੰ ਮਾਨਤਾ ਦਿਵਾਉਣ ਲਈ ਲੰਮੇ ਸਮੇਂ ਤੋਂ ਕੀਤੇ ਜਾ ਰਹੇ ਯਤਨਾਂ ਦਾ ਵੀ ਮਤੇ ਵਿਚ ਜ਼ਿਕਰ ਕੀਤਾ ਗਿਆ ਹੈ, ਨੇ ਕਿਹਾ ਕਿ ਇਹ ਬਹੁਤ ਵਧੀਆ ਦਿਨ ਹੈ ਕਿ ਟੈਕਸਸ ਰਾਜ ਦੇ ਵਿਧਾਇਕਾਂ ਨੇ ਸਿੱਖ ਨਸਲਕੁਸ਼ੀ ਨੂੰ ਮਾਨਤਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਿੱਖ ਨਸਲਕੁਸ਼ੀ ਦੇ 38 ਸਾਲ ਬਾਅਦ ਵਾਪਰੀ ਨਸਲਕੁਸ਼ੀ ਅਤੇ ਸਮੂਹਿਕ ਅੱਤਿਆਚਾਰਾਂ ਦੀ ਗੰਭੀਰਤਾ ਨੂੰ ਰੇਖਾਂਕਿਤ ਕਰਦਾ ਹੈ ਅਤੇ ਸਮੇਂ ਦੇ ਬੀਤਣ ਨਾਲ ਇਨ੍ਹਾਂ ਅਪਰਾਧਾਂ ਦੀ ਗੰਭੀਰਤਾ ਅਤੇ ਪ੍ਰਭਾਵ ਘੱਟ ਨਹੀਂ ਹੁੰਦੇ ਤੇ ਨਾ ਹੀ ਸਮਾਂ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿਚ ਲਿਆਉਣ ਦੀ ਸੰਭਾਵਨਾ ਨੂੰ ਘੱਟ ਕਰਦਾ ਹੈ। ਜਿੱਥੇ ਰਸਮੀ ਅੰਤਰਰਾਸ਼ਟਰੀ ਨਿਆਂ ਦੀ ਸੰਭਾਵਨਾ ਘੱਟ ਹੁੰਦੀ ਹੈ, ਪਰ ਨਸਲਕੁਸ਼ੀ ਦੀ ਮਾਨਤਾ ਅਪਰਾਧੀਆਂ ਨੂੰ ਉਹਨਾਂ ਦੇ ਦੋਸ਼ਾਂ ਨੂੰ ਸਵੀਕਾਰ ਕਰਕੇ ਜਵਾਬਦੇਹੀ ਦਾ ਇੱਕ ਖਾਕਾ ਜ਼ਰੂਰ ਤਿਆਰ ਕਰਦੀ ਹੈ। ਅਮਰੀਕਨ ਸਿੱਖ ਕਾਕਸ ਕਮੇਟੀ ਦੇ ਡਾਇਰੈਕਟਰ ਡਾ: ਪ੍ਰਿਤਪਾਲ ਸਿੰਘ ਨੇ ਸਿੱਖ ਨਸਲਕੁਸ਼ੀ ਨੂੰ ਮਾਨਤਾ ਦੇਣ ਲਈ ਰਾਜ ਦੇ ਵਿਧਾਇਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਿੱਖ ਕਾਕਸ ਕਮੇਟੀ ਆਜ਼ਾਦੀ ਲਈ ਆਵਾਜ਼ਾਂ ਸਮੇਤ ਹੋਰ ਸਮਾਨ ਸੋਚ ਵਾਲੀਆਂ ਜਥੇਬੰਦੀਆਂ ਦੇ ਸਹਿਯੋਗ ਨਾਲ ਸਿੱਖ ਨਸਲਕੁਸ਼ੀ ਨੂੰ ਮਾਨਤਾ ਦਿਵਾਉਣ ਲਈ ਸਰਗਰਮੀ ਨਾਲ ਲਾਬਿੰਗ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਮਤੇ ਨਸਲਕੁਸ਼ੀ ਅਤੇ ਸਮੂਹਿਕ ਅੱਤਿਆਚਾਰਾਂ ਦੀਆਂ ਭਵਿੱਖੀ ਘਟਨਾਵਾਂ ਨੂੰ ਰੋਕਣ ਲਈ ਅਮਰੀਕਾ ਦੀ ਵਚਨਬੱਧਤਾ ਨੂੰ ਦਰਸਾਉਂਦੇ ਹਨ।

## ਕੈਂਟੁਕੀ ਰਾਜ 'ਚ ਵਿਦਿਆਰਥੀਆਂ ਨੂੰ ਲੈ ਕੇ ਜਾ ਰਹੀ ਬੱਸ ਨੂੰ ਹਾਦਸਾ, 18 ਵਿਦਿਆਰਥੀ ਜ਼ਖਮੀ, ਕਈਆਂ ਦੀ ਹਾਲਤ ਨਾਜ਼ਕ



ਸੈਕਰਾਮੈਂਟੋ/ਹੁਸਨ ਲੜੋਆ ਬੰਗਾ: – ਅਮਰੀਕਾ ਦੇ ਰਾਜ ਕੈਂਟੁਕੀ ਦੇ ਪੂਰਬ ਵਿਚ ਇਕ ਸਕੂਲ ਬੱਸ ਬੇਕਾਬੂ ਹੋ ਕੇ ਪਹਾੜੀ ਦੇ ਹੇਠਾਂ ਡਿੱਗ ਗਈ ਜਿਸ ਵਿਚ ਸਵਾਰ 18 ਵਿਦਿਆਰਥੀ ਜ਼ਖਮੀ ਹੋ ਗਏ ਜਿਨਾਂ ਵਿਚੋਂ ਕੁਝ ਦੀ ਹਾਲਤ ਨਾਜ਼ਕ ਦੱਸੀ ਜਾਂਦੀ ਹੈ। ਮਾਗੋਫਿਨ ਕਾਉਂਟੀ ਸਕੂਲ ਡਿਸਟ੍ਰਿਕਟ ਸੁਪਰਡੈਂਟ ਕ੍ਰਿਸ ਮੀਡੋਜ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਜ਼ਖਮੀਆਂ ਵਿਚ ਐਲੀਮੈਂਟਰੀ ਤੋਂ ਲੈ ਕੇ ਹਾਈ ਸਕੂਲ ਦੇ ਵਿਦਿਆਰਥੀ ਸ਼ਾਮਿਲ ਹਨ। ਜ਼ਖਮੀਆਂ ਨੂੰ ਹੈਲੀਕਾਪਟਰ ਤੇ ਐਂਬੂਲੈਂਸ ਰਾਹੀਂ ਨੇੜੇ ਦੇ ਹਸਪਤਾਲਾਂ ਵਿਚ ਪਹੁੰਚਾਇਆ ਗਿਆ ਹੈ। ਕੈਂਟੁਕੀ ਸਟੇਟ ਪੁਲਿਸ ਦੇ ਬੁਲਾਰੇ ਪੌਲ ਬਲਾਂਟੋਨ ਨੇ ਕਿਹਾ ਹੈ ਕਿ ਇਸ ਹਾਦਸੇ ਵਿਚ ਹੋਰ ਕੋਈ ਵਾਹਨ ਸ਼ਾਮਿਲ ਨਹੀਂ ਹੈ ਤੇ ਜ਼ਖਮੀ ਡਰਾਈਵਰ ਹਾਦਸੇ ਬਾਰੇ ਕੋਈ ਜਾਣਕਾਰੀ ਦੇਣ ਦੀ ਹਾਲਤ ਵਿਚ ਨਹੀਂ ਹੈ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਬੱਸ ਬੇਕਾਬੂ ਹੋ ਕੇ ਇਕ ਬੰਨ੍ਹ ਉਪਰ ਚੜ੍ਹ ਗਈ ਤੇ ਬਾਅਦ ਵਿਚ ਪਹਾੜੀ ਦੇ ਹੇਠਾਂ ਜਾ ਡਿੱਗੀ। ਵਿਦਿਆਰਥੀਆਂ ਨੂੰ ਭਾਰੀ ਜੱਦੋ-ਜਹਿਦ ਬਾਅਦ ਬੱਸ ਵਿਚੋਂ ਕੱਢਿਆ ਗਿਆ ਜਦ ਕਿ ਕੁਝ ਵਿਦਿਆਰਥੀ ਖੁਦ ਹੀ ਪਹਾੜੀ ਉਪਰ ਆਉਣ ਵਿੱਚ ਸਫਲ ਹੋ ਗਏ। ਬੱਸ ਵਿਚ ਸੀਟ ਬੈਲਟਾਂ ਨਹੀਂ ਸਨ। ਮੀਡੋਜ ਨੇ ਕਿਹਾ ਕਿ ਇਸ ਸਬੰਧੀ ਰਾਜ ਦੇ ਦਿਸ਼ਾ ਨਿਰਦੇਸ਼ਾਂ 'ਤੇ ਪੁਨਰ ਵਿਚਾਰ ਦੀ ਲੋੜ ਹੈ ਕਿਉਂਕਿ ਇਹ ਮੁੱਦਾ ਵਿਦਿਆਰਥੀਆਂ ਦੀ ਸੁਰੱਖਿਆ ਨਾਲ ਜੁੜਿਆ ਹੋਇਆ ਹੈ। ਅਧਿਕਾਰੀਆਂ ਵੱਲੋਂ ਜ਼ਖਮੀ ਵਿਦਿਆਰਥੀਆਂ ਦੀ ਹਾਲਤ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ।

# ਸ਼ਰਾਬ ਪੀਂਦਾ ਨਹੀਂ ਪਰ ਗੋਰੇ ਦੇ ਪੇਟ 'ਚ ਬਣਦੀ ਹੈ 'ਸ਼ਰਾਬ'

ਯੂ.ਕੇ. /ਏ.ਟੀ.ਨਿਊਜ਼ :- ਯੂ.ਕੇ. ਦੇ ਸਫੋਲਕ ਵਿਖੇ ਰਹਿਣ ਵਾਲੇ ਦੋ ਬੱਚਿਆਂ ਦੇ ਬਾਪ ਨਿਕ ਕੈਰਸਨ (64) ਵਿਚ ਸ਼ਰਾਬ ਦਾ ਸੇਵਨ ਕੀਤੇ ਬਿਨ੍ਹਾਂ ਹੀ ਸ਼ਰਾਬ ਦੇ ਨਸ਼ੇ ਵਿੱਚ ਹੋਣ ਦੇ ਸਭ ਲੱਛਣ ਸੀ। ਉਸਦੀ ਜ਼ੁਬਾਨ ਲੜਖੜਾਉਣ ਲਗਦੀ ਅਤੇ ਹੌਲੀ-ਹੌਲੀ ਪੈਰ ਉੱਖੜਨ ਲਗਦੇ ਹਨ।ਉਹ ਇੱਧਰ-ਉਧਰ ਦੀਆਂ ਗੱਲਾਂ ਕਰਨ ਲਗਦਾ ਅਤੇ ਫਿਰ ਗੂੜ੍ਹੀ ਨੀਂਦ ਵਿੱਚ ਸੌਂ ਜਾਂਦਾ ਹੈ। ਨਸ਼ੇ ਦੀ ਹਾਲਤ ਦੇ ਨਾਲ ਹੋਰ ਲੱਛਣ ਵੀ ਆਉਂਦੇ ਸੀ। ਜਿਵੇਂ ਕਿ ਪੇਟ ਦਰਦ, ਪੇਟ ਵਿੱਚ ਫੁਲਾਵਟ ਅਤੇ ਥਕਾਨ। ਉਹ ਅਕਸਰ ਬਿਮਾਰ ਪੈ ਜਾਂਦਾ ਅਤੇ ਬੇਹੋਸ਼ ਹੋ ਜਾਂਦਾ।

ਕੈਰਸਨ ਦੀ ਪਤਨੀ ਕੇਰਨ ਕਹਿੰਦੀ ਹੈ, ਇਸ ਤੋਂ ਪਹਿਲਾਂ ਮੈਂ ਕਦੇ ਇਨ੍ਹਾਂ ਨੂੰ ਸ਼ਰਾਬ ਪੀਂਦੇ ਨਹੀਂ ਦੇਖਿਆ।ਪਰ ਨਸ਼ੇ ਵਾਲੇ ਅਤੇ ਬਾਕੀ ਲੱਛਣ ਅਜਿਹਾ ਭੋਜਨ ਖਾਣ ਤੋਂ ਬਾਅਦ ਸ਼ੁਰੂ ਹੁੰਦੇ ਸੀ, ਜਿਸ ਵਿੱਚ ਕਾਰਬੋਹਾਈਡ੍ਰੇਟ ਦੀ ਮਾਤਰਾ ਜ਼ਿਆਦਾ ਹੁੰਦੀ ਸੀ, ਜਿਵੇਂ ਕਿ ਆਲੂ। ਡਾਕਟਰਾਂ ਅਤੇ ਖੁਰਾਕ ਮਾਹਿਰਾਂ ਨੂੰ ਕਈ ਵਾਰ ਮਿਲਣ ਬਾਅਦ ਪਤਾ ਲੱਗਿਆ ਕਿ ਕੈਰਸਨ 'ਆਟੋ-ਬ੍ਰਿਊਰੀ ਸਿੰਡਰੋਮ' ਨਾਮੀਂ ਇੱਕ ਅਜੀਬ ਹਾਲਤ ਨਾਲ ਪੀੜਤ ਹੈ।ਆਟੋ-ਬ੍ਰਿਊਰੀ ਸਿੰਡਰੋਮ ਨਾਲ ਸਰੀਰ ਅੰਦਰ ਖ਼ੂਨ ਵਿੱਚ ਅਲਕੋਹਲ ਦੀ ਮਾਤਰਾ ਵਧ ਜਾਂਦੀ ਹੈ।

ਮਰੀਜ਼ ਅੰਦਰ ਨਸ਼ੇ ਵਿੱਚ ਹੋਣ ਦੇ ਲੱਛਣ ਆਉਣ ਲਗਦੇ ਹਨ।ਇਸ ਦੇ ਨਵੇ ਰੂਪ ਨੂੰ 'ਯੁਰਿਨਰੀ ਆਟੋ-ਬ੍ਰਿਊਰੀ ਸਿੰਡਰੋਮ' ਜਾਂ 'ਬਲੈਡਰ ਫਰਮੇਂਟੇਸ਼ਨ ਸਿੰਡਰੋਮ' ਕਹਿੰਦੇ ਹਨ।ਇਹ ਸਿੰਡਰੋਮ ਸਿਹਤਮੰਦ ਲੋਕਾਂ ਅੰਦਰ ਵੀ ਦੇਖਿਆ ਗਿਆ ਹੈ। ਗਲਤ ਤਰ੍ਹਾਂ ਦੇ ਭੋਜਨ ਜ਼ਿਆਦਾ ਖਾਣ ਦੀ ਵੀ ਭੂਮਿਕਾ ਹੋ ਸਕਦੀ ਹੈ।ਇਹ ਇੱਕ ਅਜਿਹੀ ਹਾਲਤ ਹੈ, ਜਿਸ ਨਾਲ ਸਰੀਰ ਅੰਦਰ ਖ਼ੂਨ ਵਿੱਚ ਅਲਕੋਹਲ ਦੀ ਮਾਤਰਾ ਵਧ ਜਾਂਦੀ ਹੈ ਤੇ ਮਰੀਜ਼ ਅੰਦਰ ਨਸ਼ੇ ਵਿੱਚ ਹੋਣ ਦੇ ਲੱਛਣ ਆਉਣ ਲਗਦੇ ਹਨ, ਭਾਵੇਂ ਉਸ ਨੇ ਨਾ-ਮਾਤਰ ਅਲਕੋਹਲ ਦਾ ਸੇਵਨ ਕੀਤਾ ਹੋਵੇ ਜਾਂ ਬਿਲਕੁਲ ਵੀ ਨਾਂ ਕੀਤਾ ਹੋਵੇ।



ਫਿਲਾਡੈਲਫੀਆ ਦੇ ਸੈਂਟਰ ਫਾਰ ਫਾਰੈਂਸਕ ਸਾਇੰਸ ਰਿਸਰਚ ਅਤੇ ਐਜੂਕੇਸ਼ਨ ਦੇ ਐਗਜ਼ੈਕਟਿਵ ਡਾਇਰੈਕਟਰ ਬੈਰੀ ਲੋਗਨ ਕਹਿੰਦੇ ਹਨ, 'ਮੈਨੂੰ ਲਗਦਾ ਹੈ ਵਧੇਰੇ ਟੌਕਸਿਕੋਲੋਜਿਸਟ ਇਹ ਮੰਨਣਗੇ ਕਿ ਇਹ ਇੱਕ ਅਸਲ ਵਿੱਚ ਮੈਡੀਕਲ ਸਥਿਤੀ ਹੈ ਅਤੇ ਤੁਹਾਡੇ ਵਿੱਚ ਅੰਦਰੂਨੀ ਖ਼ਮੀਰਨ ਜ਼ਰੀਏ ਕਾਫ਼ੀ ਘਣਤਾ ਵਾਲਾ ਅਲਕੋਹਲ ਬਣ ਸਕਦਾ ਹੈ। ਉਹ ਕਹਿੰਦੇ ਹਨ, 'ਸਾਡੇ ਸਾਰਿਆਂ ਅੰਦਰ ਹੀ ਖਮੀਰਨ ਰਾਹੀਂ ਕੁਝ ਮਾਤਰਾ ਵਿੱਚ ਅਲਕੋਹਲ ਬਣਦਾ ਹੈ ਪਰ ਜ਼ਿਆਦਾਤਰ ਲੋਕਾਂ ਵਿੱਚ ਇਸ ਦੀ ਮਾਤਰਾ ਇੰਨੀ ਥੋੜ੍ਹੀ ਹੁੰਦੀ ਹੈ ਕਿ ਮਾਪੀ ਨਹੀਂ ਜਾ ਸਕਦੀ।'ਆਮ ਤੌਰ 'ਤੇ ਗੱਟ ਯਾਨੀ ਅੰਤੜੀ ਅੰਦਰ ਹੋਣ ਵਾਲਾ ਖਮੀਰਨ ਖ਼ੂਨ ਵਿੱਚ ਮਿਲਣ ਤੋਂ ਪਹਿਲਾਂ ਹੀ ਬਾਹਰ ਨਿਕਲ ਜਾਂਦਾ ਹੈ। ਇਸ ਪ੍ਰਭਾਵ ਨੂੰ 'ਫਰਸਟ-ਪਾਸ ਮੈਟਾਬੋਲਿਜ਼ਮ' ਕਿਹਾ ਜਾਂਦਾ ਹੈ।

ਬੈਰੀ ਲੋਗਨ ਦੱਸਦੇ ਹਨ, 'ਜੇ ਕਿਸੇ ਨੂੰ ਆਟੋ-ਬ੍ਰਿਊਰੀ ਸਿੰਡਰੋਮ ਹੈ, ਉਨ੍ਹਾਂ ਅੰਦਰ ਅਲਕੋਹਲ ਬਣਨ ਦੀ ਦਰ ਇੰਨੀ ਜ਼ਿਆਦਾ ਹੁੰਦੀ ਹੈ ਕਿ ਫਰਸਟ-ਪਾਸ ਜ਼ਰੀਏ ਬਾਹਰ ਨਹੀਂ ਨਿਕਲਦੀ।'

ਇਸ ਹਾਲਤ ਬਾਰੇ ਇੱਕ ਸੁਝਾਈ ਵਿਧੀ ਮੁਤਾਬਕ ਇਹ ਅੰਤੜੀ ਦੇ ਰੋਗਾਣੂਆਂ ਵਿੱਚ ਅਸੰਤੁਲਨ ਕਾਰਨ ਹੁੰਦਾ ਹੈ, ਜਿਸ ਨਾਲ ਇੱਕ ਖਾਸ ਤਰ੍ਹਾਂ ਦੇ ਰੋਗਾਣੂ ਵਧੇਰੇ ਮਾਤਰਾ ਵਿੱਚ ਬਣਨ ਲਗਦੇ ਹਨ ਅਤੇ ਕਿਸੇ ਖਾਸ ਹਾਲਤ ਵਿੱਚ ਉੱਚ ਕਾਰਬੋਹਾਈਡ੍ਰੇਟ ਵਾਲੇ ਭੋਜਨ ਨੂੰ ਅਲਕੋਹਲ ਵਿੱਚ ਬਦਲ ਦਿੰਦੇ ਹਨ।ਹਾਲ ਹੀ ਵਿੱਚ ਇਸ ਦਾ ਨਵਾਂ ਰੂਪ ਮਿਲਿਆ ਹੈ ਜਿਸ ਨੂੰ 'ਯੁਰਿਨਰੀ ਆਟੋ-ਬ੍ਰਿਊਰੀ ਸਿੰਡਰੋਮ' ਜਾਂ 'ਬਲੈਡਰ ਫਰਮੇਂਟੇਸ਼ਨ ਸਿੰਡਰੋਮ' ਕਹਿੰਦੇ ਹਨ।

ਇਹ ਬਲੈਡਰ ਵਿੱਚ ਰੋਗਾਣੂਆਂ ਦੇ ਅਸੰਤੁਲਨ ਕਾਰਨ ਹੁੰਦਾ ਹੈ ਅਤੇ ਇਸ ਨਾਲ ਪਿਸ਼ਾਬ ਵਿੱਚ ਅਲਕੋਹਲ ਦੀ ਮਾਤਰਾ ਆ ਜਾਂਦੀ ਹੈ।

ਪਰ ਜ਼ਿਆਦਾਤਰ ਇਹ ਉਨ੍ਹਾਂ ਲੋਕਾਂ ਅੰਦਰ ਹੁੰਦਾ ਹੈ ਜੋ ਹੋਰ ਬਿਮਾਰੀਆਂ ਜਿਵੇਂ ਕਿ ਸ਼ੂਗਰ, ਮੋਟਾਪੇ ਨਾਲ ਸਬੰਧਤ ਲੀਵਰ ਦੇ ਰੋਗ, ਪਾਚਨ ਤੰਤਰ ਵਿੱਚ ਸੋਜ, ਅੰਤੜੀ ਦੇ ਮਲ ਤੇ ਗੈਸ ਨੂੰ ਬਾਹਰ ਕੱਢਣ ਵਿੱਚ ਮੁਸ਼ਕਿਲ, ਜਾਂ ਛੋਟੀ ਅੰਤੜੀ ਵਿੱਚ ਬੈਕਟੀਰੀਆ ਦਾ ਜ਼ਿਆਦਾ ਬਣਨਾ, ਨਾਲ ਪੀੜਤ ਹੁੰਦੇ ਹਨ।

ਇਸ ਸਿੰਡਰੋਮ ਦੇ ਕੇਸ ਸਭ ਤੋਂ ਪਹਿਲਾਂ ਜਪਾਨ ਵਿੱਚ 1950ਵਿਆਂ ਦੌਰਾਨ ਸਾਹਮਣੇ ਆਏ ਸੀ।ਕਿਹਾ ਜਾਂਦਾ ਹੈ ਕਿ ਜਪਾਨੀ ਲੋਕਾਂ ਵਿੱਚ ਇਸ ਦੀ ਸੰਭਾਵਨਾ ਜ਼ਿਆਦਾ ਹੈ। ਕਈ ਖੋਜਾਰਥੀਆਂ ਨੇ ਇੱਕ ਖਾਸ ਜੈਨੇਟਿਕ ਰੂਪ ਸੁਝਾਇਆ ਹੈ ਜੋ ਲੀਵਰ ਦੀ ਈਥਾਨੋਲ ਬਣਾਉਣ ਦੀ ਯੋਗਤਾ ਨੂੰ ਘਟਾਉਂਦਾ ਹੈ ਅਤੇ ਕੁਝ ਖਾਸ ਲੋਕਾਂ ਜਿਵੇਂ ਕਿ ਜਪਾਨੀਆਂ ਅੰਦਰ ਇਸ ਸਿੰਡਰੋਮ ਨੂੰ ਜਨਮ ਦਿੰਦਾ ਹੈ।

ਜਿਨ੍ਹਾਂ ਲੋਕਾਂ ਦੀ ਅੰਤੜੀ ਵਿੱਚ ਸਮੱਸਿਆਵਾਂ ਹੋਣ ਕਾਰਨ ਪਾਚਨ ਤੰਤਰ ਅੰਦਰ ਭੋਜਨ ਸੜਨ ਲਗਦਾ ਹੈ, ਉਨ੍ਹਾਂ ਵਿੱਚ ਵੀ ਆਟੋ-ਬ੍ਰਿਊਰੀ ਸਿੰਡਰੋਮ ਤੋਂ ਪੀੜਤ ਹੋਣ ਦੀ ਸੰਭਾਵਨਾ ਹੁੰਦੀ ਹੈ।ਕਿਉਂਕਿ ਇਸ ਨਾਲ ਢਿੱਡ ਅੰਦਰ ਅਲਕੋਹਲ ਪੈਦਾ ਕਰਨ ਵਾਲੇ ਸੂਖਮ ਜੀਵਾਣੂਆਂ ਦੇ (**ਬਾਕੀ ਸਫ਼ਾ 30 'ਤੇ**)

# ਵਿਸ਼ਵ ਮੰਦੀ ਕਾਰਨ 2023 ਤੱਕ ਭਾਰਤ ਵਿਚ ਲੱਖਾਂ ਸਨਅੱਤੀ ਇਕਾਈਆਂ ਬੰਦ ਹੋ ਸਕਦੀਆਂ

### ਚੀਨ ਦੇ ਵਪਾਰ ਕਾਰਨ ਪੰਜਾਬ ਦੇ ਅੰਮ੍ਰਿਤਸਰ, ਚੰਡੀਗੜ੍ਹ, ਚੇਨਈ ਅਤੇ ਗੁਜਰਾਤ ਦੇ ਰਾਜਕੋਟ ਦੀ ਫਾਸਟਨਰ ਤੇ ਸਕ੍ਰੂਰ ਬਣਾਉਣ ਵਾਲੇ ਹਜ਼ਾਰਾਂ ਕਾਰਖ਼ਾਨੇ ਬੰਦ ਹੋਏ

ਲੁਧਿਆਣਾ/ਏ.ਟੀ.ਨਿਊਜ਼ :- ਵਿਸ਼ਵ ਬੈਂਕ ਨੇ ਸਾਲ 2023 ਵਿਚ ਵਿਸ਼ਵ ਭਰ ਵਿਚ ਭਿਆਨਕ ਮੰਦੀ ਹੋਣ ਦੇ ਸੰਕੇਤ ਦਿੱਤੇ ਹਨ, ਜਿਸ ਨਾਲ 2023 ਵਿਚ ਭਾਰਤ 'ਚ ਲੱਖਾਂ ਸਨਅੱਤੀ ਇਕਾਈਆਂ ਦੇ ਬੰਦ ਹੋਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਜੇ ਭਾਰਤ ਵਿਚ ਲੱਖਾਂ ਸਨਅਤੀ ਇਕਾਈਆਂ ਬੰਦ ਹੋ ਜਾਣਗੀਆਂ, ਤਾਂ ਇਸ ਨਾਲ ਦੇਸ਼ ਦੇ ਕਰੋੜਾਂ ਵਿਅਕਤੀਆਂ ਦੇ ਬੇਰੁਜ਼ਗਾਰ ਹੋਣ ਦਾ ਖਦਸ਼ਾ ਹੈ। ਮੰਦੀ ਦੇ ਚਲਦਿਆਂ ਭਾਰਤ ਵਿਚ ਸਭ ਤੋਂ ਜ਼ਿਆਦਾ ਮਾੜਾ ਅਸਰ ਐਮ.ਐਸ.ਐਮ.ਈ. ਸਨਅੱਤਾਂ 'ਤੇ ਪੈ ਰਿਹਾ ਹੈ, ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋ ਕੇ ਕਈ ਕਾਰਖ਼ਾਨੇਦਾਰ ਦਿਵਾਲੀਆ ਹੋ ਗਏ ਹਨ ਅਤੇ ਬਹੁਤਿਆਂ ਨੇ ਆਪਣੇ ਕਾਰਖ਼ਾਨੇ ਬੰਦ ਕਰ ਦਿੱਤੇ ਹਨ। ਭਾਰਤ ਦੀ ਸਭ ਤੋਂ ਵੱਡੀ ਤਾਕਤ ਉਸ ਦਾ ਵੱਡਾ ਬਾਜ਼ਾਰ ਹੈ, ਜੋ ਦੇਸ਼ ਦੇ ਸਨਅੱਤਕਾਰਾਂ ਨੂੰ ਮੰਦਹਾਲੀ ਵਿਚ ਜਾਣ ਤੇ ਕਾਰਖ਼ਾਨੇ ਬੰਦ ਹੋਣ ਤੋਂ ਬਚਾ ਸਕਦਾ ਹੈ। ਭਾਰਤ ਸਰਕਾਰ ਦੇ ਵਿਭਾਗਾਂ ਨੇ ਚੀਨ ਦੇ ਉਦਯੋਗਾਂ ਲਈ ਭਾਰਤ ਦਾ ਬਾਜ਼ਾਰ ਖੋਲਿਆ ਹੋਇਆ ਹੈ, ਜੋ ਆਪਣੀ ਮਨਮਰਜ਼ੀ ਨਾਲ ਭਾਰਤ ਵਿਚ ਵੱਖ-ਵੱਖ ਉਤਪਾਦ ਭੇਜ ਕੇ ਦੇਸ਼ ਦੀਆਂ ਸਨਅੱਤੀ ਇਕਾਈਆਂ ਨੂੰ ਤਬਾਹੀ ਵੱਲ ਧੱਕ ਰਿਹਾ ਹੈ। ਚੀਨ ਭਾਰਤ ਵਿਚ ਰੱਜ ਕੇ ਨਿਰਯਾਤ ਕਰ ਰਿਹਾ ਹੈ। ਪਿਛਲੇ ਸਾਲ ਚੀਨ ਤੋਂ ਭਾਰਤ ਵਿਚ 46.14 ਫ਼ੀਸਦੀ ਆਯਾਤ ਵਧਿਆ ਹੈ। ਚੀਨ ਤੋਂ ਸਾਲ 2019 ਵਿਚ ਆਯਾਤ 461524 ਕਰੋੜ ਸੀ, ਉਹ ਕੋਰੋਨਾ ਦੇ ਬਾਵਜੂਦ 2020 ਵਿਚ ਵੱਧ ਕੇ 482495 ਕਰੋੜ ਹੋ ਗਿਆ। ਸਾਲ 2021 ਵਿਚ ਚੀਨ ਨੇ ਭਾਰਤੀ ਉਦਯੋਗ ਨੂੰ ਬਰਬਾਦ ਕਰਦੇ ਹੋਏ 705123 ਕਰੋੜ ਦਾ ਨਿਰਯਾਤ ਭਾਰਤੀ ਬਾਜ਼ਾਰ ਵਿਚ ਕੀਤਾ। 2022 ਦੇ ਪਹਿਲੇ ਚਾਰ ਮਹੀਨਿਆਂ ਵਿਚ ਹੀ ਚੀਨ ਭਾਰਤ ਨੂੰ 344200 ਕਰੋੜ ਦਾ ਸਿੱਧਾ ਨਿਰਯਾਤ ਕਰ ਚੁੱਕਿਆ ਹੈ। ਇਸ ਅਨੁਮਾਨ ਦੇ ਹਿਸਾਬ ਨਾਲ ਇਸ ਸਾਲ ਚੀਨ ਭਾਰਤ ਵਿਚ 12 ਲੱਖ ਕਰੋੜ ਰੁਪਏ ਦਾ ਉਤਪਾਦ ਭੇਜੇਗਾ, ਜੋ ਭਾਰਤ ਦੇ ਆਯਾਤ ਦਾ 25 ਫ਼ੀਸਦੀ ਹਿੱਸਾ ਹੈ। ਜਾਣਕਾਰੀ ਅਨੁਸਾਰ ਚੀਨ ਤੋਂ ਆਉਣ ਵਾਲੇ 40 ਤੋਂ 80 ਫ਼ੀਸਦੀ ਉਤਪਾਦ ਕੀਮਤ ਤੋਂ ਘੱਟ ਬਿੱਲ ਬਣਾ ਕੇ ਭੇਜੇ ਜਾ ਰਹੇ ਹਨ, ਜਿਸ ਦੀ ਕੀਮਤ 3 ਤੋਂ 5 ਲੱਖ ਕਰੋੜ ਬਣਦੀ ਹੈ। ਇਸ ਨਾਲ ਭਾਰਤ ਸਰਕਾਰ ਨੂੰ ਵੀ 2 ਲੱਖ ਕਰੋੜ ਤੋਂ ਵੱਧ ਦੀ ਕਸਟਮ ਡਿਊਟੀ ਅਤੇ ਜੀ.ਐਸ.ਟੀ. ਦੇ ਰੂਪ ਵਿਚ ਨਹੀਂ ਆ ਰਹੀ ।ਭਾਰਤ ਵਲੋਂ ਜਿਹੜੇ ਉਤਪਾਦਾਂ 'ਤੇ ਵੱਧ ਇੰਪੋਰਟ ਡਿਊਟੀ ਤੇ ਐਂਟੀ ਡੰਪਿੰਗ ਡਿਊਟੀ ਲਗਾਈ ਹੋਈ ਹੈ, ਉਨ੍ਹਾਂ ਉਤਪਾਦਕਾਂ ਨੂੰ ਚੀਨ ਆਸੀਆਨ ਤੇ ਘੱਟ ਵਿਕਸਿਤ ਦੇਸ਼ਾਂ ਰਾਹੀਂ ਭਾਰਤ ਵਿਚ ਭੇਜ ਰਿਹਾ ਹੈ। ਚੀਨ ਦੀ ਇਸ ਸ਼ਾਤਰ ਚਾਲ ਕਰਕੇ ਹੀ ਆਸੀਆਨ ਦੇਸ਼ਾਂ ਦਾ ਭਾਰਤ ਵਿਚ ਨਿਰਯਾਤ 2021 ਵਿਚ 507968 ਕਰੋੜ ਹੋ ਗਿਆ ਹੈ ਅਤੇ ਆਸੀਆਨ ਦੇਸ਼ਾਂ ਤੋਂ ਭਾਰਤ ਵਿਚ ਸਾਲ 2022 ਦੇ ਪਹਿਲੇ 4 ਮਹੀਨਿਆਂ ਵਿਚ 305117 ਕਰੋੜ ਦੇ ਉਤਪਾਦ ਆਯਾਤ ਹੋ ਚੁੱਕੇ ਹਨ। ਜਿਸ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਭਾਰਤ ਵਿਚ ਆਸੀਆਨ ਦੇਸ਼ਾਂ ਰਾਹੀਂ 10 ਲੱਖ ਕਰੋੜ ਰੁਪਏ ਦੇ ਉਤਪਾਦ ਆਉਣਗੇ। ਚੀਨ ਆਪਣੀ ਸ਼ਾਤਰ ਖੇਡ ਨਾਲ ਸਿੰਘਾਪੁਰ, ਥਾਈਲੈਂਡ, ਵੀਅਤਨਾਮ, ਇੰਡੋਨੇਸ਼ੀਆ ਅਤੇ ਮਲੇਸ਼ੀਆ ਆਦਿ ਦੇਸ਼ਾਂ ਰਾਹੀਂ ਭਾਰਤ ਵਿਚ ਉਤਪਾਦ ਭੇਜ ਕੇ ਭਾਰਤ ਦੀ ਸਨਅਤ ਤਬਾਹੀ ਕਰਨ ਦੇ ਰਾਹ ਪਿਆ ਹੋਇਆ ਹੈ। ਭਾਰਤੀ ਅਧਿਕਾਰੀ ਚੀਨ ਦੇ ਹੱਥਾਂ ਵਿਚ ਖੇਡ ਰਹੇ ਹਨ, ਜਿਸ ਦੇ ਚਲਦਿਆਂ ਕਾਰਖ਼ਾਨਿਆਂ ਵਿਚ ਵਰਤੇ ਜਾਣ ਵਾਲੇ ਬੀ.ਆਈ.ਐਸ. ਸਟੀਲ ਦੀ ਸ਼ਰਤ ਲਗਾ ਦਿੱਤੀ ਹੈ, ਜਿਸ ਦੇ ਚੱਲਦਿਆਂ ਭਾਰਤੀ ਕਾਰੋਬਾਰੀ ਚੀਨ ਤੋਂ ਸਟੀਲ ਨਾ ਮੰਗਵਾ ਸਕਣ ਅਤੇ ਚੀਨ ਭਾਰਤ ਨੂੰ ਤਿਆਰ ਉਤਪਾਦ ਹੀ ਭੇਜ ਸਕੇ। ਅੱਜ ਭਾਰਤ ਤੇ ਚੀਨ ਵਿਚ ਇਸਪਾਤ ਦੇ ਭਾਅ ਵਿਚ 15 ਹਜ਼ਾਰ ਰੁਪਏ ਪ੍ਰਤੀ ਟਨ ਦਾ ਫ਼ਰਕ ਹੈ, ਜਿਸ ਕਰਕੇ ਚੀਨ ਤੋਂ ਸਸਤੇ ਸਟੀਲ ਤੋਂ ਬਣੇ ਤਿਆਰ ਉਤਪਾਦ ਆ ਰਹੇ ਹਨ, ਜੋ ਭਾਰਤ ਦੇ ਕਾਰਖ਼ਾਨਿਆਂ ਨੂੰ ਬੰਦ ਕਰਵਾ ਰਹੇ ਹਨ। ਚੀਨ ਦੀ ਇਕ ਚਾਲ ਨਾਲ ਪੰਜਾਬ ਦੇ ਅੰਮ੍ਰਿਤਸਰ, ਚੰਡੀਗੜ੍ਹ, ਚੇਨਈ ਅਤੇ ਗੁਜਰਾਤ ਦੇ ਰਾਜਕੋਟ ਦੀ ਫਾਸਟਨਰ ਤੇ ਸਕ੍ਰੂਰ ਬਣਾਉਣ ਵਾਲੇ ਹਜ਼ਾਰਾਂ ਕਾਰਖ਼ਾਨੇ ਬੰਦ ਹੋ ਗਏ ਹਨ।

# ਸਾਹਿਬਜ਼ਾਦਿਆਂ ਦਾ ਸਵਾਂਗ ਰਚਦੀ ਦਾਸਤਾਨ-ਏ-ਸਰਹਿੰਦ ਫਿਲਮ ਬੰਦ ਹੋਵੇ

ਚੰਡੀਗੜ੍ਹ/ਏ.ਟੀ.ਨਿਊਜ਼: ਜਿਵੇਂ ਗੁਰੂ ਬਿੰਬ ਨੂੰ ਪੇਸ਼ ਨਹੀਂ ਕੀਤਾ ਜਾ ਸਕਦਾ, ਉਵੇਂ ਹੀ ਗੁਰੂ ਸਾਹਿਬਾਨ ਦੇ ਮਾਤਾ-ਪਿਤਾ, ਗੁਰੂ ਕੇ ਮਹਿਲ, ਸਾਹਿਬਜ਼ਾਦੇ, ਗੁਰੂ ਸਾਹਿਬਾਨ ਦੇ ਜੀਵਨ ਨਾਲ ਸਬੰਧਤ ਮਹਾਨ ਗੁਰਸਿੱਖਾਂ ਅਤੇ ਸ਼ਹੀਦਾਂ ਦੇ ਬਿੰਬ ਨੂੰ ਕਿਸੇ ਬਿਪਰਵਾਦੀ ਤਰੀਕੇ ਪੇਸ਼ ਨਹੀਂ ਕੀਤਾ ਜਾ ਸਕਦਾ। ਇਸ ਲਈ ਗੁਰਮਤਿ ਰਵਾਇਤ ਅੰਦਰ ਇਨ੍ਹਾਂ ਦੀਆਂ ਨਕਲਾਂ ਲਾਉਣ ਅਤੇ ਸਵਾਂਗ ਰਚਣ ਦੀ ਵੀ ਸਖਤ ਮਨਾਹੀ ਹੈ। ਗੁਰੂ ਸਾਹਿਬ ਦੀਆਂ ਮਨਘੜਤ ਤਸਵੀਰਾਂ ਨੂੰ ਦਿੱਤੀ ਗੈਰ ਸਿਧਾਂਤਕ ਪ੍ਰਵਾਨਗੀ ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ ਅਤੇ ਗੁਰੂ ਸਾਹਿਬ ਦੇ ਜੀਵਨ ਨਾਲ ਸਬੰਧਤ ਮਹਾਨ ਗੁਰਸਿੱਖਾਂ ਤੇ ਸ਼ਹੀਦਾਂ ਦੀਆਂ ਨਕਲਾਂ ਲਾਉਣ ਤੇ ਸਵਾਂਗ ਰਚਣ ਦੇ ਕੁਰਾਹੇ ਦਾ ਆਧਾਰ ਬਣ ਰਹੀ ਹੈ।

ਸਾਲ 2005 ਵਿਚ 'ਵਿਸਮਾਦ' ਵੱਲੋਂ ਜਾਰੀ ਕੀਤੀ ਗਈ ਕਾਰਟੂਨ ਫਿਲਮ 'ਸਾਹਿਬਜ਼ਾਦੇ' ਤਕਨੀਕ ਦੇ ਬਹਾਨੇ ਇਸ ਕੁਰਾਹੇ ਵੱਲ ਪੁੱਟਿਆ ਗਿਆ ਮੁਢਲਾ ਕਦਮ ਗੈਰ-ਸਿਧਾਂਤਕ ਸੀ। ਉਸ ਸਮੇਂ ਕਈ ਸੁਹਿਰਦ ਸਿੱਖ ਹਿੱਸਿਆਂ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਤਤਕਾਲੀ ਜਥੇਦਾਰ ਸਾਹਿਬ ਨੂੰ ਇਹ ਲਿਖਤੀ ਬੇਨਤੀ ਕੀਤੀ ਗਈ ਸੀ ਕਿ ਇਸ ਕੁਰਾਹੇ ਨੂੰ ਇੱਥੇ ਹੀ ਠੱਲ੍ਹ ਪਾਉਣ ਲਈ ਇਸ ਫਿਲਮ ਉੱਪਰ ਰੋਕ ਲਗਾਈ ਜਾਵੇ ਨਹੀਂ ਤਾਂ ਭਵਿੱਖ ਵਿੱਚ ਇਸ ਦੇ ਮਾਰੂ ਨਤੀਜੇ ਭੁਗਤਣੇ ਪੈ ਸਕਦੇ ਹਨ।




ਜਥੇਦਾਰ ਸਾਹਿਬ ਵੱਲੋਂ ਇਸ ਬੇਨਤੀ ਨੂੰ ਨਜ਼ਰਅੰਦਾਜ਼ ਕਰਨ ਦਾ ਨਤੀਜਾ ਇਹ ਨਿਕਲਿਆ ਕਿ ਕਾਰਟੂਨ ਫ਼ਿਲਮ ਸਾਹਿਬਜ਼ਾਦੇ ਤੋਂ ਬਾਅਦ ਮੂਲਾ ਖੱਤਰੀ, ਚਾਰ ਸਾਹਿਬਜ਼ਾਦੇ, ਨਾਨਕ ਸ਼ਾਹ ਫਕੀਰ, ਦਾਸਤਾਨ-ਏ-ਮੀਰੀ ਪੀਰੀ, ਮਦਰਹੁੱਡ ਸਮੇਤ ਅਨੇਕਾਂ ਅਜਿਹੀਆਂ ਕਾਰਟੂਨ ਅਤੇ ਫੀਚਰ ਫਿਲਮਾਂ ਬਣੀਆਂ ਜਿਨ੍ਹਾਂ ਵਿੱਚ ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ ਅਤੇ ਗੁਰੂ ਸਾਹਿਬ ਦੇ ਜੀਵਨ ਨਾਲ ਸਬੰਧਤ ਮਹਾਨ ਗੁਰਸਿੱਖਾਂ ਅਤੇ ਸ਼ਹੀਦਾਂ ਦੀਆਂ ਨਕਲਾਂ ਲਾਹੀਆਂ ਗਈਆਂ ਹਨ।ਦੁਨੀਆ ਭਰ ਵਿੱਚ ਵਸਦੇ ਸਿੱਖ ਭਾਈਚਾਰੇ ਵੱਲੋਂ ਇਨ੍ਹਾਂ ਫਿਲਮਾਂ ਦਾ ਡਟਵਾਂ ਅਤੇ ਭਰਵਾਂ ਵਿਰੋਧ ਕੀਤਾ ਜਾਂਦਾ ਰਿਹਾ ਹੈ ਜਿਸ ਕਾਰਨ ਇਹ ਫਿਲਮਾਂ ਡੱਬਾ ਬੰਦ ਹੋ ਜਾਂਦੀਆਂ ਰਹੀਆਂ ਹਨ ਪਰ ਸ੍ਰੀ ਅਕਾਲ ਤਖਤ ਸਾਹਿਬ ਦੇ ਤਤਕਾਲੀ ਅਤੇ ਮੌਜੂਦਾ ਜਥੇਦਾਰਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਹੀਆਂ ਸੰਸਥਾਵਾਂ ਵੱਲੋਂ ਇਸ ਸਬੰਧੀ ਠੋਸ ਫੈਸਲਾ ਨਹੀਂ ਲਿਆ ਜਾ ਰਿਹਾ ਅਤੇ ਅਜਿਹੀਆਂ ਫਿਲਮਾਂ ਦੀ ਮਨਾਹੀ ਨਹੀਂ ਕੀਤੀ ਜਾ ਰਹੀ।

ਹੁਣ 'ਦਾਸਤਾਨ-ਏ-ਸਰਹਿੰਦ' ਨਾਮੀਂ ਫਿਲਮ ਇਸ ਸਿਧਾਂਤਕ ਕੁਰਾਹੇ ਦਾ ਅਗਲਾ ਪੜਾਅ ਲੈ ਕੇ ਆਈ ਹੈ। ਫਿਲਮ ਦੇ ਪ੍ਰਸ਼ੰਸਕਾਂ ਵੱਲੋਂ ਬਿਜਲ ਸੱਥ (ਸੋਸ਼ਲ ਮੀਡੀਆ) ਉੱਤੇ ਸਾਂਝੀ ਕੀਤੀ ਗਈ ਜਾਣਕਾਰੀ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਇਸ ਫਿਲਮ ਵਿੱਚ ਮਾਸੂਮ ਬਾਲ ਅਦਾਕਾਰਾਂ ਕੋਲੋਂ ਸਾਹਿਬਜ਼ਾਦਿਆਂ ਦੀਆਂ ਨਕਲਾਂ ਕਰਨ ਦਾ ਬੱਜਰ ਗੁਨਾਹ ਕੀਤਾ ਗਿਆ ਹੈ। ਬਿਜਲ ਸੱਥ ਦੀ ਚਰਚਾ ਵਿਚ ਉਸ ਬਾਲ ਅਦਾਕਾਰ ਦਾ ਨਾਮ ਵੀ ਸਾਹਮਣੇ ਆ ਚੁੱਕਾ ਹੈ ਜਿਸ ਵੱਲੋਂ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਦੀ ਨਕਲ ਕੀਤੀ ਗਈ ਦੱਸੀ ਜਾ ਰਹੀ ਹੈ।

ਅਸੀਂ ਗੁਰ-ਸ਼ਬਦ ਅਤੇ ਸਿੱਖ ਇਤਿਹਾਸ ਦੇ ਪ੍ਰਚਾਰ ਪ੍ਰਸਾਰ ਦੇ ਹਾਮੀ ਹਾਂ ਪਰ ਅਸੀਂ ਇਹ ਗੱਲ ਬਿਲਕੁਲ ਸਪੱਸ਼ਟਤਾ ਨਾਲ ਕਹਿਣੀ ਚਾਹੁੰਦੇ ਹਾਂ ਕਿ ਪ੍ਰਚਾਰ-ਪ੍ਰਸਾਰ ਦੇ ਬਹਾਨੇ ਖਾਲਸਾਈ ਰਵਾਇਤਾਂ ਦੀ ਉਲੰਘਣਾ ਕਰਨੀ ਅਤੇ ਸਿੱਖਾਂ ਨੂੰ ਬੁੱਤ-ਪ੍ਰਸਤੀ ਦੇ ਕੁਰਾਹੇ ਉੱਪਰ ਤੋਰਨਾ ਸਰਾਸਰ ਗਲਤ ਹੈ ਅਤੇ ਅਜਿਹਾ ਹਰਗਿਜ਼ ਨਹੀਂ ਹੋਣ ਦੇਣਾ।ਅਸੀਂ ਦੁਨੀਆ ਭਰ ਵਿੱਚ ਵਸਦੀ ਗੁਰੂ ਨਾਨਕ ਨਾਮਲੇਵਾ ਸੰਗਤ ਨੂੰ ਬੇਨਤੀ ਕਰਦੇ ਹਾਂ ਕਿ ਦਾਸਤਾਨ-ਏ-ਸਰਹਿੰਦ ਨਾਮੀਂ ਫਿਲਮ ਦਾ ਵਿਰੋਧ ਕੀਤਾ ਜਾਵੇ ਅਤੇ ਇਸ ਉੱਪਰ ਮੁਕੰਮਲ ਰੂਪ ਵਿੱਚ ਰੋਕ ਲਗਵਾਈ ਜਾਵੇ।

ਸਮੂਹ ਖਾਲਸਾ ਪੰਥ ਦੇ ਚਰਨਾਂ ਵਿਚ ਅਸੀਂ ਸਨਿਮਰ ਬੇਨਤੀ ਕਰਨੀ ਚਾਹੁੰਦੇ ਹਾਂ ਕਿ ਇਸ ਸਿਧਾਂਤਕ ਕੁਰਾਹੇ ਨੂੰ ਪੱਕੀ ਠੱਲ੍ਹ ਪਾਉਣ ਲਈ ਗੁਰੂ ਸਾਹਿਬਾਨ, ਗੁਰੂ ਸਾਹਿਬਾਨ ਦੇ ਮਾਤਾ-ਪਿਤਾ, ਗੁਰੂ ਕੇ ਮਹਿਲ, ਸਾਹਿਬਜ਼ਾਦਿਆਂ, ਗੁਰੂ ਸਾਹਿਬ ਦੇ ਜੀਵਨ ਨਾਲ ਸਬੰਧਤ ਮਹਾਨ ਗੁਰਸਿੱਖਾਂ ਅਤੇ ਸ਼ਹੀਦਾਂ ਦੀਆਂ ਨਕਲਾਂ ਲਾਹੁਣ ਦੀ ਮੁਕੰਮਲ ਰੂਪ ਵਿੱਚ ਮਨਾਹੀ ਕੀਤੀ ਜਾਵੇ।

ਖਾਲਸਾ ਜੀ ਨੂੰ ਗੁਰੂ ਸਾਹਿਬਾਨ ਦੀਆਂ ਮਨਘੜਤ ਤਸਵੀਰਾਂ ਨੂੰ ਦਿੱਤੀ ਗਈ ਗੈਰ-ਸਿਧਾਂਤਕ ਪ੍ਰਵਾਨਗੀ ਨੂੰ ਵੀ ਰੱਦ ਕਰਨਾ ਚਾਹੀਦਾ ਹੈ ਅਤੇ ਗੁਰੂ ਸਾਹਿਬ ਦਾ ਚਿਤਰਣ ਕਰਨ ਦੀ ਮੁਕੰਮਲ ਮਨਾਹੀ ਕੀਤੀ ਜਾਵੇ ਅਤੇ ਗੁਰਬਾਣੀ ਦੇ ਆਸ਼ੇ ਮੁਤਾਬਿਕ ਸ਼ਬਦ ਰੂਪ ਵਿਚ ਹੀ ਪ੍ਰਚਾਰ ਕੀਤਾ ਜਾਵੇ।

ਸਾਂਝਾ ਬਿਆਨ: ਅਜੈਪਾਲ ਸਿੰਘ ਬਰਾੜ, ਅਮਰਦੀਪ ਸਿੰਘ ਇੰਦਰਪਰੀਤ ਸਿੰਘ, ਸਤਨਾਮ ਸਿੰਘ ਸਮਸਾ, ਸਤਪਾਲ ਸਿੰਘ ਸੰਗਰੂਰ, ਸੁੱਖਜੀਤ ਸਿੰਘ ਪਰਥ, ਸੁਖਦੀਪ ਸਿੰਘ ਅੰਮ੍ਰਿਤਸਰ, ਸੁਖਦੀਪ ਸਿੰਘ ਬਰਨਾਲਾ, ਸੁਖਦੀਪ ਸਿੰਘ ਮੀਕੇ, ਸੁਖਮਿੰਦਰ ਸਿੰਘ ਸੱਥ, ਸੁਖਵਿੰਦਰ ਸਿੰਘ ਚੀਮਾ ਕਲਾਂ (ਘੁਮਾਣ), ਸੁਖਵਿੰਦਰ ਸਿੰਘ ਚੋਣੇ, ਸੇਵਕ ਸਿੰਘ, ਹਰਪ੍ਰੀਤ ਸਿੰਘ ਲੌਂਗੋਵਾਲ, ਹਰਬਖਸ਼ ਸਿੰਘ, ਹਰਬਿੰਦਰ ਸਿੰਘ ਭੋਲਾ, ਹਰਬੀਰ ਕੌਰ, ਗੁਰਜੀਤ ਸਿੰਘ ਦੁੱਗਾਂ, ਗੁਰਤੇਜ ਸਿੰਘ ਮੈਲਬਰਨ

ਗੁਰਪ੍ਰੀਤ ਸਿੰਘ ਸਹੋਤਾ, ਗੁਰਮੁੱਖ ਸਿੰਘ (ਵਿਦਿਆਰਥੀ ਦਮਦਮੀ ਟਕਸਾਲ), ਜਸਪਾਲ ਸਿੰਘ ਮੰਝਪੁਰ, ਜਸਪ੍ਰੀਤ ਸਿੰਘ ਆਸਟ੍ਰੇਲੀਆ, ਜਤਿੰਦਰ ਸਿੰਘ ਜੇਠੂਵਾਲ, ਤੇਜਪ੍ਰਤਾਪ ਸਿੰਘ ਸ਼ਿਕਾਰ ਮਾਛੀਆਂ, ਦਵਿੰਦਰ ਸਿੰਘ ਸੇਖੋਂ, ਦਵਿੰਦਰ ਸਿੰਘ ਭਰੋਆਣਾ (ਪ੍ਰਚਾਰਕ), ਨਿਰੰਜਨ ਸਿੰਘ ਤਾਰੂਵਾਲੀ (ਡੇਰਾ ਬਾਬਾ ਨਾਨਕ), ਪਰਮ ਸਿੰਘ, ਪਰਮਜੀਤ ਸਿੰਘ ਗਾਜ਼ੀ, ਬਲਜੀਤ ਸਿੰਘ, ਭਗਵੰਤ ਸਿੰਘ ਮਾੜੀ ਬੁਚਿਆਂ (ਸ੍ਰੀ ਹਰਿਗੋਬਿੰਦਪੁਰ), ਮਹਿਕਦੀਪ ਸਿੰਘ ਉਦੋਨੰਗਲ, ਮਨਜਿੰਦਰ ਸਿੰਘ, ਨਧੀਰ ਸਿੰਘ, ਮਲਕੀਤ ਸਿੰਘ ਬਸੰਤਕੋਟ, ਮਲਕੀਤ ਸਿੰਘ ਭਵਾਨੀਗੜ੍ਹ, ਰਣਜੀਤ ਸਿੰਘ, ਰਵਿੰਦਰਪਾਲ ਸਿੰਘ, ਰਾਜਪਾਲ ਸਿੰਘ 'ਹਰਦਿਆਲੇਆਣਾ' ਵਿਕਰਮਜੀਤ ਸਿੰਘ ਤਿਹਾੜਾ।

## ਨਹਿਰੀ ਪਾਣੀ ਬਾਰੇ 5 ਕਿਸਾਨ ਜਥੇਬੰਦੀਆਂ ਚੰਡੀਗੜ੍ਹ 'ਚ ਲਾਉਣਗੀਆਂ ਪੱਕਾ ਮੋਰਚਾ

### ਬਲਬੀਰ ਸਿੰਘ ਰਾਜੇਵਾਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ



ਚੰਡੀਗੜ੍ਹ/ਏ.ਟੀ.ਨਿਊਜ਼ :- ਪੰਜ ਕਿਸਾਨ ਧਿਰਾਂ ਨੇ ਪਾਣੀਆਂ ਦੇ ਮਾਮਲੇ 'ਤੇ 30 ਦਸੰਬਰ ਤੋਂ ਚੰਡੀਗੜ੍ਹ ਵਿਚ ਪੱਕਾ ਮੋਰਚਾ ਲਾਉਣ ਦਾ ਐਲਾਨ ਕੀਤਾ ਹੈ। ਇਨ੍ਹਾਂ ਪੰਜ ਕਿਸਾਨ ਯੂਨੀਅਨਾਂ ਦੇ ਆਗੂਆਂ ਦੀ ਮੀਟਿੰਗ ਇੱਥੇ ਬਲਬੀਰ ਸਿੰਘ ਰਾਜੇਵਾਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਸੂਬੇ 'ਚ ਪਾਣੀ ਦੇ ਗੰਭੀਰ ਸੰਕਟ, ਪ੍ਰਦੂਸ਼ਿਤ ਹੋ ਰਹੇ ਵਾਤਾਵਰਨ ਅਤੇ ਸੂਬੇ ਦੇ ਸੰਘੀ ਢਾਂਚੇ 'ਤੇ ਹਮਲਿਆਂ ਖ਼ਿਲਾਫ਼ ਮੋਰਚਾ ਲਾਉਣ ਲਈ ਕਿਸਾਨਾਂ ਦੀ ਤਿਆਰੀ ਅਤੇ ਲਾਮਬੰਦੀ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਕਿਸਾਨ ਆਗੂਆਂ ਨੇ ਦੱਸਿਆ ਕਿ 30 ਦਸੰਬਰ ਨੂੰ ਚੰਡੀਗੜ੍ਹ ਵਿਚ ਪੱਕਾ ਮੋਰਚਾ ਲਾਉਣ ਤੋਂ ਪਹਿਲਾਂ ਇੱਕ ਲੱਖ ਪੋਸਟਰ ਪ੍ਰਕਾਸ਼ਿਤ ਕੀਤੇ ਜਾਣਗੇ ਅਤੇ ਕਿਸਾਨਾਂ ਨੂੰ ਚੇਤੰਨ ਕਰਨ ਵਾਸਤੇ 2 ਤੋਂ 15 ਦਸੰਬਰ ਤੱਕ ਸਾਰੇ ਜ਼ਿਲ੍ਹਿਆਂ ਵਿਚ ਸਾਂਝਾ ਫਲੈਗ ਮਾਰਚ ਕੱਢਿਆ ਜਾਵੇਗਾ। ਇਸੇ ਤਰ੍ਹਾਂ ਮਾਲਵਾ, ਦੁਆਬਾ ਅਤੇ ਮਾਝਾ ਜ਼ੋਨ ਵਿਚ ਸ਼ਹਿਰੀਆਂ, ਬੁੱਧੀਜੀਵੀਆਂ ਅਤੇ ਸਮਾਜ ਦੇ ਹੋਰ ਵਰਗਾਂ ਨੂੰ ਸ਼ਾਮਲ ਕਰਵਾ ਕੇ ਸੈਮੀਨਾਰ ਕਰਾਏ ਜਾਣਗੇ। ਇਸ ਲੜੀ ਤਹਿਤ 24 ਨਵੰਬਰ ਨੂੰ ਚੰਡੀਗੜ੍ਹ, 28 ਨਵੰਬਰ ਨੂੰ ਜਲੰਧਰ ਅਤੇ 30 ਨਵੰਬਰ ਨੂੰ ਬਠਿੰਡਾ ਵਿਚ ਸੈਮੀਨਾਰ ਕਰਾਏ ਜਾਣਗੇ।

ਭਾਰਤੀ ਕਿਸਾਨ ਯੂਨੀਅਨ ਰਾਜੇਵਾਲ, ਕੁੱਲ ਹਿੰਦ ਕਿਸਾਨ ਫੈਡਰੇਸ਼ਨ, ਕਿਸਾਨ ਸੰਘਰਸ਼ ਕਮੇਟੀ ਪੰਜਾਬ, ਭਾਰਤੀ ਕਿਸਾਨ ਯੂਨੀਅਨ ਮਾਨਸਾ ਅਤੇ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਦੇ ਆਗੂਆਂ ਦੀ ਮੀਟਿੰਗ ਇੱਥੇ ਕਿਸਾਨ ਭਵਨ ਵਿਚ ਹੋਈ। ਕਿਸਾਨ ਆਗੂ ਪ੍ਰੇਮ ਸਿੰਘ ਭੰਗੂ, ਕੰਵਲਪ੍ਰੀਤ ਸਿੰਘ ਪੰਨੂ, ਬੋਘ ਸਿੰਘ ਮਾਨਸਾ ਅਤੇ ਹਰਜਿੰਦਰ ਸਿੰਘ ਟਾਂਡਾ ਨੇ ਪੰਜਾਬ ਦੇ ਮੌਜੂਦਾ ਸੰਕਟ 'ਤੇ ਵਿਚਾਰ ਸਾਂਝੇ ਕੀਤੇ। ਆਗੂਆਂ ਨੇ ਕਿਹਾ ਕਿ ਪੰਜ ਦਰਿਆਵਾਂ ਦੀ ਧਰਤੀ ਦੀ ਵਾਹੀਯੋਗ ਜ਼ਮੀਨ ਪਾਣੀ ਨੂੰ ਤਰਸ ਰਹੀ ਹੈ ਅਤੇ ਸਿਰਫ਼ 27 ਫ਼ੀਸਦੀ ਜ਼ਮੀਨ ਨੂੰ ਹੀ ਨਹਿਰੀ ਪਾਣੀ ਮਿਲ ਰਿਹਾ ਹੈ। ਸਿਆਸੀ ਧਿਰਾਂ ਨੇ ਰਿਪੇਰੀਅਨ ਸਿਧਾਂਤ ਤੇ ਪਾਣੀਆਂ ਦਾ ਸਥਾਈ ਹੱਲ ਕਰਨ ਦੀ ਥਾਂ ਸਿਰਫ਼ ਇਸ ਮੁੱਦੇ ਦਾ ਸਿਆਸੀਕਰਨ ਹੀ ਕੀਤਾ ਹੈ।ਮੀਟਿੰਗ ਵਿਚ ਮਤਾ ਪਾਸ ਕਰਕੇ ਪ੍ਰਧਾਨ ਮੰਤਰੀ ਫ਼ਸਲੀ ਬੀਮਾ ਸਕੀਮ ਨੂੰ ਲਾਗੂ ਕੀਤੇ ਜਾਣ ਦਾ ਵਿਰੋਧ ਕੀਤਾ ਗਿਆ ਅਤੇ ਮੰਗ ਕੀਤੀ ਕਿ ਏਕੜ ਨੂੰ ਇਕਾਈ ਮੰਨਦਿਆਂ ਫ਼ਸਲੀ ਬੀਮਾ ਯੋਜਨਾ ਬਣਾਈ ਜਾਵੇ। ਸ਼ਾਮਲਾਟ ਜ਼ਮੀਨਾਂ ਬਣਾਉਣ ਲਈ ਕੀਤੀ ਗਈ ਸੋਧ ਦਾ ਵਿਰੋਧ ਵੀ ਕੀਤਾ ਗਿਆ।

# ਕਾਂਗਰਸ ਵਲੋਂ ਅੰਮ੍ਰਿਤਪਾਲ ਸਿੰਘ ਦਾ ਕਰੜਾ ਵਿਰੋਧ

## ➢ ਸਾਂਸਦ ਗੁਰਜੀਤ ਔਜਲਾ, ਗ੍ਰਿਫਤਾਰੀ ਬਹੁਤ ਪਹਿਲਾਂ ਹੋ ਜਾਣੀ ਚਾਹੀਦੀ ਸੀ, ਹੁਣ ਉਸ ਦਾ ਕਾਰਵਾਂ ਬਣ ਗਿਆ ➢ ਸ਼੍ਰੋਮਣੀ ਕਮੇਟੀ ਹੈ ਅੰਮ੍ਰਿਤਪਾਲ ਦੀ ਸਹਿਯੋਗੀ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਲੀਡਰ ਬਿਕਰਮ ਮਜੀਠੀਆ ਤੋਂ ਬਾਅਦ ਹੁਣ ਕਾਂਗਰਸੀ ਲੀਡਰ ਤੇ ਸੰਸਦ ਮੈਂਬਰ ਗੁਰਜੀਤ ਔਜਲਾ ਨੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਉੱਪਰ ਹਮਲਾ ਬੋਲਿਆ ਹੈ। ਉਨ੍ਹਾਂ ਕਿਹਾ ਹੈ ਕਿ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਬਹੁਤ ਪਹਿਲਾਂ ਹੋ ਜਾਣੀ ਚਾਹੀਦੀ, ਹੁਣ ਉਸ ਦਾ ਕਾਰਵਾਂ ਬਣ ਗਿਆ ਤੇ ਅੱਜ ਨੌਜਵਾਨ ਉਸ ਦੇ ਮਗਰ ਤੁਰ ਪਏ ਹਨ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਦੇ ਸਿਰ ਉੱਪਰ ਪੱਗ ਰੋਡੇ ਪਿੰਡ ਵਿਚ ਸਜਾਈ ਗਈ ਸੀ। ਉਨ੍ਹਾਂ ਕਿਹਾ ਕਿ ਜਦੋਂ ਅੰਮ੍ਰਿਤਪਾਲ ਦੀ ਦਸਤਾਰਬੰਦੀ ਹੋਈ ਸੀ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਧਾਮੀ ਨੇ ਪੱਗ ਭੇਜੀ ਸੀ। ਔਜਲਾ ਨੇ ਕਿਹਾ ਕਿ ਤੁਸੀਂ ਧਾਮੀ ਨੂੰ ਪ੍ਰਧਾਨ ਬਣਾਇਆ, ਜਿਸ ਨੇ ਅੰਮ੍ਰਿਤਪਾਲ ਨੂੰ ਪੱਗ ਭੇਜੀ। ਹੁਣ ਮਾਹੌਲ ਖਰਾਬ ਹੋ ਰਿਹਾ ਤੇ ਹਿੰਦੂ ਯਾਦ ਆ ਰਹੇ ਹਨ। ਧਾਮੀ ਆਪਣੀ ਮਰਜੀ ਨਾਲ ਅੰਮ੍ਰਿਤਪਾਲ ਨੂੰ ਪੱਗ ਨਹੀਂ ਭੇਜ ਸਕਦਾ। ਇਸ ਪਿਛੇ ਸੁਖਬੀਰ ਬਾਦਲ ਹੀ ਹੈ। ਔਜਲਾ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੀ ਭੂਮਿਕਾ 'ਤੇ ਵੀ ਸਵਾਲ ਉਠਾਏ। ਉਨ੍ਹਾਂ ਕਿਹਾ ਕਿ ਜਥੇਦਾਰ ਦੇ ਅਹੁਦੇ ਨੂੰ ਆਪਣੇ ਸਿਆਸੀ ਹਿੱਤਾਂ ਲਈ ਵਰਤਿਆ ਗਿਆ ਹੈ। ਸ਼੍ਰੋਮਣੀ ਕਮੇਟੀ ਅੰਮ੍ਰਿਤਪਾਲ ਦੇ ਹੱਕ ਵਿਚ ਬਿਆਨ ਦੇ



ਰਹੀ ਹੈ। ਅੰਮ੍ਰਿਤਪਾਲ ਦੇ ਬੋਲਣ ਕਰਕੇ ਹੁਣ ਲੋਕ ਸਾਡੇ ਬਾਰੇ ਬੋਲਣ ਲੱਗ ਪਏ ਹਨ। ਉਨ੍ਹਾਂ ਕਿਹਾ ਕਿ ਮਜੀਠੀਆ ਅੰਮ੍ਰਿਤਪਾਲ ਖਿਲਾਫ ਬੋਲ ਰਿਹਾ ਹੈ। ਬਾਕੀ ਉਸ ਦੇ ਹੱਕ ਵਿਚ ਬੋਲ ਰਹੇ ਹਨ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਦਾ ਮੁੱਦਾ ਗੰਭੀਰ ਮੁੱਦਾ ਹੈ। ਅੱਜ ਪੰਜਾਬ 'ਚ ਸ਼ਾਂਤੀ ਦੀ ਲੋੜ ਹੈ। ਅਕਾਲੀ ਦਲ ਦੋਗਲੀ ਰਾਜਨੀਤੀ ਕਰ ਰਿਹਾ ਹੈ। ਅੰਮ੍ਰਿਤਪਾਲ ਖਿਲਾਫ ਸਾਡੇ ਪ੍ਰਧਾਨ ਨੇ ਸ਼ਿਕਾਇਤ ਦਰਜ ਕਰਵਾਈ ਹੈ। ਅੰਮ੍ਰਿਤਪਾਲ ਨੂੰ ਅੰਮ੍ਰਿਤ ਸੰਚਾਰ ਦੀ ਲੋੜ ਨਹੀਂ ਪੈਂਦੀ ਜੇ ਸ਼੍ਰੋਮਣੀ ਕਮੇਟੀ ਨੇ ਕੁਝ ਕੀਤਾ ਹੁੰਦਾ।

ਉਨ੍ਹਾਂ ਕਿਹਾ ਕਿ ਜਦ ਵੀ ਪੰਜਾਬ 'ਚ ਕਤਲੇਆਮ ਹੋਇਆ ਤਾਂ ਏਨਾ ਦੀ ਰਾਜਨੀਤੀ ਸਾਹਮਣੇ ਆਈ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ ਐਮਰਜੈਂਸੀ ਵੇਲੇ ਵੀ ਆਪਣੇ ਹਿੱਤ ਵੇਖੇ। ਪੰਜਾਬ ਦੇ ਪਾਣੀਆਂ ਦੇ ਹਿੱਤ ਅਕਾਲੀਆਂ ਨੇ ਵੇਚੇ ਹਨ। ਇਨ੍ਹਾਂ ਨੇ ਹਰਿਆਣੇ ਵਿਚ ਮਹਿੰਗੀਆਂ ਜ਼ਮੀਨਾਂ ਤੇ ਹੋਟਲ ਬਣਾਏ ਹਨ। ਔਜਲਾ ਨੇ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਸੁਮੇਧ ਸੈਣੀ ਨੂੰ ਪੰਜਾਬ ਦਾ ਡੀਜੀਪੀ ਲਾਇਆ। ਇਨ੍ਹਾਂ ਰਾਮ ਰਹੀਮ ਨੂੰ ਮੁਆਫੀ ਦਿੱਤੀ। ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਤਲਬ ਕਰਕੇ ਮੁਆਫੀ ਦਿਵਾਈ। ਇਨ੍ਹਾਂ ਆਪਣਾ ਪਰਿਵਾਰ ਹਮੇਸ਼ਾ ਅੱਗੇ ਰੱਖਿਆ।

## ਗੁਰਦੁਆਰੇ 'ਚ ਬੇਅਦਬੀ ਦੀ ਕੋਸ਼ਿਸ਼ ਕਰਦੀ ਔਰਤ ਕਾਬੂ

ਲੁਧਿਆਣਾ/ਏ.ਟੀ.ਨਿਊਜ਼ :- ਇੱਥੇ ਗੁਰਦੁਆਰਾ ਨਾਨਕਸਰ ਸਾਹਿਬ ਸਮਰਾਲਾ ਚੌਕ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਕੋਸ਼ਿਸ਼ ਕਰਨ ਦੇ ਦੋਸ਼ ਹੇਠ ਇਕ ਔਰਤ ਨੂੰ ਸੰਗਤ ਨੇ ਕਾਬੂ ਕਰਕੇ ਪੁਲਿਸ ਹਵਾਲੇ ਕੀਤਾ ਹੈ। ਗੁਰਦੁਆਰੇ ਵਿੱਚ ਬਾਬਾ ਜਸਵੰਤ ਸਿੰਘ ਦੀ ਦੂਜੀ ਬਰਸੀ ਸਬੰਧੀ ਸਮਾਗਮ ਚੱਲ ਰਹੇ ਸਨ। ਤਫਤੀਸ਼ੀ ਅਫਸਰ ਪ੍ਰੇਮ ਚੰਦ ਨੇ ਦੱਸਿਆ ਕਿ ਵੀਰਪਾਲ ਕੌਰ ਵਾਸੀ ਪਿੰਡ ਜੰਡਾਲੀ ਹਨੂੰਮਾਨਗੜ੍ਹ (ਰਾਜਸਥਾਨ) ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Sarbjeet Kaur Sarb Online Interview Host: Balraj Pannu

Proof Editor: Prabhjot KaurDesigner: Anil Kumar Content Composer: Amritpal Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

## ਮਾਮਲਾ ਬੇਅਦਬੀ ਦੇ ਦੋਸ਼ੀ ਡੇਰਾ ਪ੍ਰੇਮੀ ਹੱਤਿਆ ਦਾ

# ਗੈਂਗਸਟਰ ਗੋਲਡੀ ਬਰਾੜ ਸਮੇਤ ਚਾਰ ਨਾਮਜ਼ਦ

➢ ਮੁਲਜ਼ਮਾਂ ਵਿਚ ਫ਼ਰੀਦਕੋਟ ਦੇ ਦੋ ਅਤੇ ਮੋਗਾ ਦਾ ਇਕ ਨੌਜਵਾਨ ਸ਼ਾਮਿਲ ➢ ਵਿਦੇਸ਼ਾਂ 'ਚ ਬੈਠੇ ਗੈਂਗਸਟਰ ਨੌਜਵਾਨਾਂ ਨੂੰ ਬਣਾ ਰਹੇ 'ਗਿਰੋਹ' ਦਾ ਹਿੱਸਾ ➢ ਕੋਟਕਪੂਰਾ ਅਤੇ ਮੂਸੇਵਾਲਾ ਹੱਤਿਆ ਕਾਂਡ ਵਿਚ ਫੜੇ ਗਏ ਹਨ ਨਾਬਾਲਗ ➢ 270 ਕਿਲੋਮੀਟਰ ਤੋਂ ਆ ਕੇ ਪਟਿਆਲਾ ਤੋਂ ਦੋਸ਼ੀ ਫੜੇ ਦਿੱਲੀ ਪੁਲਿਸ ਨੇ-ਪੰਜਾਬ ਪੁਲਿਸ ਹੱਥ ਮਲਦੀ ਰਹਿ ਗਈ






ਫ਼ਰੀਦਕੋਟ/ਏ.ਟੀ.ਨਿਊਜ਼ :- ਬੀਤੇ ਦਿਨੀਂ ਕੋਟਕਪੂਰਾ ਵਿੱਚ 6 ਮੋਟਰਸਾਈਕਲ ਸਵਾਰਾਂ ਵੱਲੋਂ ਬੇਅਦਬੀ ਮਾਮਲੇ ਦੇ ਮੁਲਜ਼ਮ ਡੇਰਾ ਪ੍ਰੇਮੀ ਪ੍ਰਦੀਪ ਸਿੰਘ ਦਾ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਉਹ ਆਪਣੇ ਪਿੱਛੇ ਪਤਨੀ, ਇਕ ਲੜਕੀ ਅਤੇ ਦੋ ਲੜਕੇ ਛੱਡ ਗਿਆ ਹੈ। ਪ੍ਰਦੀਪ ਸਿੰਘ ਬੁਰਜ ਜਵਾਹਰ ਸਿੰਘ ਵਾਲਾ ਤੇ ਬਰਗਾੜੀ ਵਿਚ 2015 'ਚ ਹੋਈ ਬੇਅਦਬੀ ਦੇ ਦੋ ਮਾਮਲਿਆਂ ਵਿਚ ਨਾਮਜ਼ਦ ਸੀ ਅਤੇ ਇਸ ਸਮੇਂ ਉਹ ਜ਼ਮਾਨਤ 'ਤੇ ਸੀ। ਹਮਲੇ ਵਿੱਚ ਪ੍ਰਦੀਪ ਤੋਂ ਇਲਾਵਾ ਉਸ ਦੇ ਸੁਰੱਖਿਆ ਮੁਲਾਜ਼ਮ ਹਾਕਮ ਸਿੰਘ ਅਤੇ ਸਾਬਕਾ ਕੌਂਸਲਰ ਅਮਰ ਸਿੰਘ ਨੂੰ ਵੀ ਗੋਲੀ ਲੱਗੀ ਸੀ। ਦੋਵੇਂ ਜੀਜੀਐਸ ਮੈਡੀਕਲ ਕਾਲਜ ਵਿੱਚ ਇਲਾਜ ਅਧੀਨ ਹਨ। ਦਿੱਲੀ ਪੁਲਿਸ ਵੱਲੋਂ ਹੁਣ ਤੱਕ 3 ਕਾਤਲਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਮਾਮਲੇ ਵਿਚ ਇਕ ਮੁਲਜ਼ਮ ਦੀ ਲੱਤ ਵਿਚ ਗੋਲੀ ਵੀ ਲੱਗੀ ਸੀ। ਇਨ੍ਹਾਂ ਵਿਚੋਂ ਦੋ ਰੋਹਤਕ ਦੇ ਰਹਿਣ ਵਾਲੇ ਹਨ ਅਤੇ ਇਕ ਭਿਵਾਨੀ ਦਾ ਵਸਨੀਕ ਹੈ। ਇਨ੍ਹਾਂ ਦਾ ਪੁਲਿਸ ਨਾਲ ਮੁਕਾਬਲਾ ਵੀ ਹੋਇਆ। ਗ੍ਰਿਫ਼ਤਾਰ ਮੁਲਜ਼ਮਾਂ ਤੋਂ ਪੁਲਿਸ ਦਾ ਸਪੈਸ਼ਲ ਸੈੱਲ ਪੜਤਾਲ ਵੀ ਕਰ ਰਿਹਾ ਹੈ। ਪੁਲਿਸ ਹੋਰ ਮੁਲਜ਼ਮਾਂ ਦੀ ਗ੍ਰਿਫਤਾਰੀ ਲਈ ਛਾਪੇ ਮਾਰ ਰਹੀ ਹੈ । ਲੋੜੀਂਦੇ ਤਿੰਨ ਮੁਲਜ਼ਮਾਂ ਨੂੰ ਪਟਿਆਲਾ ਨੇੜਲੇ ਪਿੰਡ ਦੁਘਾਟ ਤੋਂ ਬੀਤੇ ਦਿਨੀਂ ਸਵੇਰੇ ਗ੍ਰਿਫ਼ਤਾਰ ਕੀਤਾ ਗਿਆ ਸੀ । ਮੁਲਜ਼ਮਾਂ ਦੀ ਪਛਾਣ ਜਤਿੰਦਰ ਸਿੰਘ ਰੋਹਤਕ ਤੇ 2 ਨਾਬਾਲਗ ਨੌਜਵਾਨ ਵਾਸੀਆਨ ਹਰਿਆਣਾ ਵਜੋਂ ਹੋਈ ਹੈ ।

ਇਸ ਕਤਲ ਕਾਂਡ ਦੀ ਜ਼ਿੰਮੇਵਾਰੀ ਕੈਨੇਡਾ ਬੈਠੇ ਗੈਂਗਸਟਰ ਗੋਲਡੀ ਬਰਾੜ ਨੇ ਲਈ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਬੀਤੇ ਦਿਨੀ ਪਟਿਆਲਾ ਪੁਲਿਸ ਹੈੱਡਕੁਆਟਰ ਤੋਂ ਮਹਿਜ਼ 5 ਕਿਲੋਮੀਟਰ ਦੀ ਦੂਰੀ 'ਤੇ ਬੈਠੇ ਡੇਰਾ ਪ੍ਰੇਮੀ ਦੀ ਹੱਤਿਆ ਦੇ ਕਾਤਲਾਂ ਬਾਰੇ ਜਰਾ ਜਿੰਨੀ ਵੀ ਖ਼ਬਰ ਨਾ ਹੋਣਾ ਪਟਿਆਲਾ ਪੁਲਿਸ ਦੀ ਮੁਸਤੈਦੀ ਦੇ ਦਾਅਵਿਆਂ ਦੀ ਪੋਲ ਖੋਲ੍ਹ ਰਹੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਥਾਣਾ ਬਖਸ਼ੀਵਾਲਾ ਤੋਂ ਦੁਘਾਟ ਪਿੰਡ ਮਹਿਜ਼ ਦੋ ਕਿਲੋਮੀਟਰ ਦੀ ਦੂਰੀ 'ਤੇ ਹੈ ਜਿੱਥੋਂ ਲਗਭਗ 300 ਕਿਲੋਮੀਟਰ ਦੂਰ ਤੋਂ ਦਿੱਲੀ ਪੁਲਿਸ ਚੱਲ ਕੇ ਪੰਜਾਬ ਵਿਚ ਦਾਖਲ ਹੋ ਕੇ ਉਪਰੋਕਤ ਪਿੰਡ ਤੋਂ ਤਿੰਨ ਸ਼ੂਟਰਾਂ ਨੂੰ ਫੜ ਕੇ ਦਿੱਲੀ ਲੈ ਗਈ। ਇਸ ਕਾਰਵਾਈ ਦੀ ਨਾ ਹੀ ਥਾਣੇ ਵਾਲਿਆਂ ਤੇ ਨਾ ਹੀ ਪੁਲਿਸ ਹੈਡਕੁਆਰਟਰ ਪਟਿਆਲਾ ਤੱਕ ਭਿਣਕ ਲੱਗੀ। ਨਾ ਹੀ ਪੰਜਾਬ ਸਰਕਾਰ ਨੇ ਦਿੱਲੀ ਪੁਲਿਸ ਦੀ ਹਰਕਤ ਦਾ ਵਿਰੋਧ ਜਤਾਇਆ ਕਿ ਉਸ ਨੇ ਪੰਜਾਬ ਪੁਲਿਸ ਨੂੰ ਇਤਲਾਹ ਕਿਉਂ ਨਹੀਂ ਦਿੱਤੀ ? ਇਸ ਸਾਰੀ ਕਾਰਵਾਈ ਨਾਲ ਜਿੱਥੇ ਐਸ.ਐਸ.ਪੀ. ਸਵਾਲਾਂ ਦੇ ਘੇਰੇ ਵਿਚ ਹਨ ਉਥੇ ਪੰਜਾਬ ਅਤੇ ਸਥਾਨਕ ਪੁਲਿਸ ਦਾ ਖ਼ੁਫ਼ੀਆ ਅਤੇ ਸਾਈਬਰ ਵਿੰਗ ਪੂਰੀ ਤਰ੍ਹਾਂ ਫ਼ੇਲ੍ਹ ਹੁੰਦਾ ਦਿਖਾਈ ਦੇ ਰਿਹਾ ਹੈ। ਪਟਿਆਲਾ ਪੰਜਾਬ ਦਾ ਹਰਿਆਣਾ ਦੀ ਹੱਦ 'ਤੇ ਪੈਂਦਾ ਜ਼ਿਲ੍ਹਾ ਹੈ ਜਿਸ ਦੇ ਗੁਆਂਢ ਵਿਚੋਂ ਅਕਸਰ ਗੈਂਗਸਟਰ ਅਤੇ ਨਸ਼ਾ ਤਸਕਰਾਂ ਦੇ ਦਾਖਲ ਹੋਣ ਦੀਆਂ ਖ਼ਬਰਾਂ ਮਿਲਦੀਆਂ ਰਹਿੰਦੀਆਂ ਹਨ ਅਤੇ ਹੁਣ ਜਦੋਂ ਪੰਜਾਬ ਸਾਰਾ ਹਾਈ ਅਲਰਟ 'ਤੇ ਹੈ ਉਦੋਂ ਵੀ ਅਜਿਹਾ ਅਮਲ ਇੱਥੋਂ ਦੀ ਪੁਲਿਸ ਲਈ ਹੋਰ ਵੀ ਗੰਭੀਰਤਾ ਵਾਲਾ ਸੀ ਪਰ ਉਪਰੋਕਤ ਵਰਤਾਰੇ ਨਾਲ ਗੈਰ-ਗੰਭੀਰਤਾ ਸਾਫ ਤੌਰ 'ਤੇ ਨਸ਼ਰ ਹੋ ਰਹੀ ਹੈ। ਪਟਿਆਲਾ ਜ਼ਿਲ੍ਹੇ ਨਾਲ ਸ਼ੰਭੂ ਬਾਰਡਰ, ਰੋਹੜ ਜਗੀਰ, ਰਾਮਨਗਰ ਅਤੇ ਅੱਗੇ ਖਨੌਰੀ ਤੱਕ ਦੇ ਅਹਿਮ ਲਾਂਘੇ ਜੁੜੇ ਹੋਏ ਹਨ। ਇਨ੍ਹਾਂ ਲਾਂਘਿਆਂ ਤੋਂ ਹੀ ਜਿਥੇ ਗੈਂਗਸਟਰ ਪੰਜਾਬ ਦਾਖਲ ਹੁੰਦੇ ਹਨ ਉਥੇ ਅਕਸਰ ਹੀ ਇਨ੍ਹਾਂ ਰਾਹੀਂ ਨਸ਼ਾ ਤਸਕਰ ਵੱਡੇ ਪੱਧਰ 'ਤੇ ਗੁਜਰਾਤ, ਦਿੱਲੀ ਅਤੇ ਹਰਿਆਣਾ ਸੂਬਿਆਂ ਵਿਚੋਂ ਲਿਆ ਕੇ ਪੰਜਾਬ ਵਿਚ ਨਸ਼ੇ ਦੀ ਤਸਕਰੀ ਕਰਦੇ ਹਨ। ਕੋਟਕਪੂਰਾ ਥਾਣਾ ਪੁਲਿਸ ਨੇ ਡੇਰਾ ਸਿਰਸਾ ਪ੍ਰੇਮੀ ਪ੍ਰਦੀਪ ਸਿੰਘ ਰਾਜੂ ਦੀ ਹੱਤਿਆ ਦੇ ਮਾਮਲੇ ਵਿਚ ਕੈਨੇਡਾ ਸਥਿਤ ਗੈਂਗਸਟਰ ਸਤਿੰਦਰਜੀਤ ਸਿੰਘ ਗੋਲਡੀ ਬਰਾੜ ਸਮੇਤ ਕੁੱਲ ਚਾਰ ਮੁਲਜ਼ਮਾਂ ਨੂੰ ਨਾਮਜ਼ਦ ਕੀਤਾ ਹੈ। ਗੋਲਡੀ ਬਰਾੜ ਤੋਂ ਇਲਾਵਾ ਮਨਪ੍ਰੀਤ ਸਿੰਘ ਮਨੀ ਫ਼ਰੀਦਕੋਟ, ਭੁਪਿੰਦਰ ਸਿੰਘ ਗੋਲਡੀ ਫ਼ਰੀਦਕੋਟ ਤੇ ਹਰਜਿੰਦਰ ਸਿੰਘ ਰਾਜੂ ਵਾਸੀ ਮੋਗਾ ਦੇ ਨਾਂ ਸ਼ਾਮਿਲ ਹਨ। ਸਾਦਿਕ ਰੋਡ 'ਤੇ ਰਹਿੰਦੇ ਭੁਪਿੰਦਰ ਸਿੰਘ ਗੋਲਡੀ ਤੇ ਮਨਪ੍ਰੀਤ ਸਿੰਘ ਮਨੀ ਦੇ ਘਰ ਛਾਪੇਮਾਰੀ ਕੀਤੀ ਗਈ ਹੈ। ਦੋਵੇਂ ਨੌਜਵਾਨ ਪਿਛਲੇ 5 ਦਿਨਾਂ ਤੋਂ ਲਾਪਤਾ ਹਨ ਤੇ ਨਸ਼ੇ ਦੇ ਆਦੀ ਹਨ।

ਜ਼ਿਕਰਯੋਗ ਹੈ ਕਿ ਪੁਲਿਸ ਰਿਪੋਟ ਅਨੁਸਾਰ ਵਿਦੇਸ਼ਾਂ ਵਿਚ ਬੈਠੇ ਗੈਂਗਸਟਰ ਸੂਬੇ ਦੇ ਨੌਜਵਾਨਾਂ ਆਪਣੇ ਗੈਂਗ ਦਾ ਹਿੱਸਾ ਬਣਾ ਕੇ ਅਪਰਾਧਕ ਸਰਗਰਮੀਆਂ ਦਾ ਹਿੱਸਾ ਬਣਾਉਣ ਵਿਚ ਕਾਮਯਾਬ ਹੋ ਰਹੇ ਹਨ। ਹਾਲ ਹੀ ਵਿਚ ਕੋਟਕਪੂਰਾ 'ਚ ਡੇਰਾ ਪ੍ਰੇਮੀ ਦੇ ਹੋਏ ਕਤਲ ਵਿਚ ਫੜੇ ਦੋਸ਼ੀਆਂ ਦੀ ਉਮਰ ਬਹੁਤ ਘੱਟ ਦੱਸੀ ਜਾ ਰਹੀ ਹੈ । ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਸਿੱਧੂ ਮੂਸੇਵਾਲਾ ਹੱਤਿਆਕਾਂਡ ਵਿਚ ਰੇਕੀ ਕਰਨ ਦੇ ਦੋਸ਼ ਵਿਚ ਫੜੇ ਅਪਰਾਧੀਆਂ ਵਿਚੋਂ ਦੋ ਨਾਬਾਲਗ ਸਾਹਮਣੇ ਆਏ ਸਨ ਜੋ ਲਾਰੈਂਸ ਬਿਸ਼ਨੋਈ ਗੈਂਗ ਦਾ ਹਿੱਸਾ ਦੱਸੇ ਗਏ ਸਨ। ਸੂਤਰਾਂ ਅਨੁਸਾਰ ਪੰਜਾਬ ਪੁਲਿਸ ਨੂੰ ਇਸ ਗੱਲ ਦੇ ਵੀ ਪੁਖ਼ਤਾ ਸਬੂਤ ਮਿਲੇ ਹਨ ਕਿ ਯੂ.ਪੀ ਸਮੇਤ ਹੋਰ ਸੂਬਿਆਂ ਵਿਚੋਂ ਹਥਿਆਰ ਖ਼ਰੀਦ ਕੇ ਇੱਥੇ ਵਰਤੇ ਜਾ ਰਹੇ ਹਨ।

## ਪੰਜਾਬੀ 'ਵਰਸਿਟੀ ਦੇ ਦੋ ਵਿਦਿਆਰਥੀ ਗ੍ਰਿਫ਼ਤਾਰ

ਪਟਿਆਲਾ : – ਸਥਾਨਕ ਪੁਲਿਸ ਵੱਲੋਂ ਪੰਜਾਬੀ ਯੂਨੀਵਰਸਿਟੀ ਦੇ ਦੋ ਵਿਦਿਆਰਥੀਆਂ ਨੂੰ ਕੋਟਕਪੂਰਾ ਵਿੱਚ ਡੇਰਾ ਪ੍ਰੇਮੀ ਪਰਦੀਪ ਕੁਮਾਰ ਨੂੰ ਕਤਲ ਕਰਨ ਦੇ ਮਾਮਲੇ ਵਿੱਚ ਸ਼ਾਮਲ ਮੁਲਜ਼ਮਾਂ ਨੂੰ ਪਨਾਹ ਦੇਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਸੀਆਈਏ ਸਟਾਫ਼ ਪਟਿਆਲਾ ਦੇ ਇੰਚਾਰਜ ਸ਼ਮਿੰਦਰ ਸਿੰਘ ਤੇ ਕੋਟਕਪੂਰਾ ਤੋਂ ਆਈ ਪੁਲਿਸ ਪਾਰਟੀ ਵੱਲੋਂ ਕੀਤੀ ਗਈ ਸਾਂਝੀ ਕਾਰਵਾਈ ਦੌਰਾਨ ਉਕਤ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੇ ਬਾਹਰੋਂ ਕਾਬੂ ਕੀਤਾ ਗਿਆ। ਗ੍ਰਿਫ਼ਤਾਰ ਕੀਤੇ ਗਏ ਇਨ੍ਹਾਂ ਵਿਦਿਆਰਥੀਆਂ ਵਿੱਚੋਂ ਇਕ ਕਿਸੇ ਪੁਲਿਸ ਅਧਿਕਾਰੀ ਦਾ ਪੁੱਤਰ ਦੱਸਿਆ ਜਾ ਰਿਹਾ ਹੈ। ਸੂਤਰਾਂ ਅਨੁਸਾਰ ਹਿਰਾਸਤ ਵਿਚ ਲਏ ਜਾਣ ਮਗਰੋਂ ਸੀਆਈਏ ਸਟਾਫ਼ ਪਟਿਆਲਾ ਵਿੱਚ ਮੁੱਢਲੀ ਪੁੱਛ-ਪੜਤਾਲ ਕਰਨ ਤੋਂ ਬਾਅਦ ਉਕਤ ਦੋਵੇਂ ਵਿਦਿਆਰਥੀਆਂ ਨੂੰ ਕੋਟਕਪੂਰਾ ਪੁਲਿਸ ਹਵਾਲੇ ਕਰ ਦਿੱਤਾ ਗਿਆ ਹੈ।

# ਡੇਰਾ ਪ੍ਰੇਮੀਆਂ ਦੀ ਸੁਰੱਖਿਆ ਪੁਲਿਸ ਲਈ ਚੁਣੌਤੀ ਬਣੀ

## ਹੁਣ ਤੱਕ 7 ਡੇਰਾ ਪ੍ਰੇਮੀਆਂ ਦਾ ਹੋ ਚੁੱਕਿਆ ਹੈ ਕਤਲ

ਫ਼ਰੀਦਕੋਟ :- ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ਾਂ ਵਿਚ ਘਿਰੇ ਡੇਰਾ ਪ੍ਰੇਮੀਆਂ ਦੀ ਸੁਰੱਖਿਆ ਪੁਲਿਸ ਲਈ ਵੱਡੀ ਚੁਣੌਤੀ ਬਣੀ ਹੋਈ ਹੈ। ਹੁਣ ਤੱਕ ਬੇਅਦਬੀ ਕਾਂਡ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਹੋਏ 7 ਡੇਰਾ ਪ੍ਰੇਮੀਆਂ ਦਾ ਕਤਲ ਹੋ ਚੁੱਕਾ ਹੈ।

ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿੱਚ ਡੇਰਾ ਪ੍ਰੇਮੀ ਗੁਰਦੇਵ ਸਿੰਘ ਦਾ ਜੂਨ 2016 ਵਿੱਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। .

ਬੇਅਦਬੀ ਦੀ ਪਹਿਲੀ ਘਟਨਾ ਇਸੇ ਪਿੰਡ ਵਿੱਚ ਵਾਪਰੀ ਸੀ। ਇਸ ਤੋਂ ਬਾਅਦ ਡੇਰਾ ਸੱਤਪਾਲ ਸ਼ਰਮਾ ਅਤੇ ਰਮੇਸ਼ ਕੁਮਾਰ ਦਾ 25 ਫਰਵਰੀ 2017 ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਬੇਅਦਬੀ ਦੇ ਦੋਸ਼ਾਂ ਵਿੱਚ ਨਾਭਾ ਜੇਲ੍ਹ ਵਿੱਚ ਨਜ਼ਰਬੰਦ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਦਾ 23 ਜਨਵਰੀ 2019 ਨੂੰ ਜੇਲ੍ਹ ਵਿੱਚ ਹੀ ਕਤਲ ਹੋ ਗਿਆ ਸੀ। ਇਸ ਤੋਂ ਬਾਅਦ ਜਨਵਰੀ 2020 ਵਿੱਚ ਮਨੋਹਰ ਲਾਲ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ ਅਤੇ 3 ਦਸੰਬਰ 2021 ਨੂੰ ਚਰਨ ਦਾਸ ਵਾਸੀ ਮੁਕਤਸਰ ਦਾ ਵੀ ਕਤਲ ਕਰ ਦਿੱਤਾ ਗਿਆ ਸੀ। ਪੁਲਿਸ ਸੁਰੱਖਿਆ ਮਿਲਣ ਦੇ ਬਾਵਜੂਦ ਹੁਣ ਪ੍ਰਦੀਪ ਸਿੰਘ ਦਾ ਹਰੀ ਨੌ ਰੋਡ ਕੋਟਕਪੂਰਾ ਵਿਖੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਬੇਅਦਬੀ ਦੇ ਦੋਸ਼ਾਂ ਵਿੱਚ ਘਿਰੇ ਫ਼ਰੀਦਕੋਟ ਜ਼ਿਲ੍ਹੇ ਦੇ ਸੱਤ ਡੇਰਾ ਪ੍ਰੇਮੀਆਂ ਨੂੰ ਜ਼ਿਲ੍ਹਾ ਪੁਲਿਸ ਨੇ ਸੁਰੱਖਿਆ ਮੁਹੱਈਆ ਕਰਵਾਈ ਹੋਈ ਹੈ। ਇਸ ਤੋਂ ਪਹਿਲਾਂ ਵੀ ਡੇਰਾ ਪ੍ਰੇਮੀਆਂ ਉੱਪਰ ਕਾਤਲਾਨਾ ਹਮਲੇ ਹੋ ਚੁੱਕੇ ਹਨ।

ਪੁਲਿਸ ਸੁਰੱਖਿਆ ਲੈਣ ਵਾਲੇ ਇੱਕ ਡੇਰਾ ਪ੍ਰੇਮੀ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਪੁਲਿਸ ਅਧਿਕਾਰੀਆਂ ਨੇ ਉਨ੍ਹਾਂ ਨੂੰ ਪੰਜਾਬ ਛੱਡ ਕੇ ਕਿਤੇ ਹੋਰ ਵੱਸਣ ਦੀ ਸਲਾਹ ਦਿੱਤੀ ਸੀ। ਫਰੀਦਕੋਟ ਜ਼ਿਲ੍ਹੇ ਵਿੱਚ ਬੇਅਦਬੀ ਕਾਂਡ ਇੱਕ ਵੱਡਾ ਮੁੱਦਾ ਬਣਿਆ ਹੋਇਆ ਹੈ। ਇਸੇ ਕਾਂਡ ਤੋਂ ਬਾਅਦ ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ ਵਾਪਰੇ ਸਨ। ਫਰੀਦਕੋਟ ਜ਼ਿਲ੍ਹੇ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਤ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਅਤੇ ਬਰਗਾੜੀ ਵਿੱਚ ਤਿੰਨ ਘਟਨਾਵਾਂ ਵਾਪਰੀਆਂ ਸਨ ਜਿਨ੍ਹਾਂ ਵਿੱਚ ਸੌਦਾ ਸਾਧ ਸਮੇਤ 11 ਡੇਰਾ ਪ੍ਰੇਮੀ ਮੁਲਜ਼ਮ ਵਜੋਂ ਨਾਮਜ਼ਦ ਕੀਤੇ ਗਏ ਹਨ।

# ਰਾਜਨੀਤਕ ਪਾਰਟੀਆਂ ਵਲੋਂ ਆਪ ਸਰਕਾਰ ਦੀ ਨਿੰਦਾ

## ਸੂਬੇ ਦੀ ਅਮਨ-ਸ਼ਾਂਤੀ ਕਿਸੇ ਵੀ ਕੀਮਤ 'ਤੇ ਨਹੀਂ ਹੋਣ ਦਿੱਤੀ ਜਾਵੇਗੀ ਭੰਗ : ਮੁੱਖ ਮੰਤਰੀ



ਚੰਡੀਗੜ੍ਹ :- ਸੂਬੇ ਦੀ ਦਿਨੋਂ ਦਿਨ ਵਿਗੜ ਰਹੀ ਕਾਨੂੰਨ ਵਿਵਸਥਾ ਨੂੰ ਲੈ ਕੇ ਵਿਰੋਧੀ ਧਿਰਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਘੇਰਿਆ ਹੈ ।ਇਸ ਮਸਲੇ ਨੂੰ ਲੈ ਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਹੈ ਕਿ ਪੰਜਾਬ ਵਿਚ ਅਰਾਜਕਤਾ ਫੈਲ ਚੁੱਕੀ ਹੈ ।ਲੋਕਾਂ ਨੇ ਕਾਨੂੰਨ ਨੂੰ ਆਪਣੇ ਹੱਥਾਂ ਵਿਚ ਲੈ ਕੇ ਕਤਲ ਕਰਨੇ ਸ਼ੁਰੂ ਕਰ ਦਿੱਤੇ ਹਨ, ਜੋ ਸੂਬੇ ਲਈ ਖ਼ਤਰੇ ਦੀ ਨਿਸ਼ਾਨੀ ਹੈ। ਸਾਬਕਾ ਸੰਸਦ ਮੈਂਬਰ ਅਤੇ ਸੀਨੀਅਰ ਭਾਜਪਾ ਆਗੂ ਸੁਨੀਲ ਜਾਖੜ ਨੇ ਕਿਹਾ ਕਿ ਕੋਟਕਪੂਰਾ ਵਿਚ ਡੇਰਾ ਪ੍ਰੇਮੀ ਦੀ ਹੱਤਿਆ ਅਤੇ ਪਿਛਲੇ ਦਿਨੀਂ ਅੰਮ੍ਰਿਤਸਰ 'ਚ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦੀ ਹੋਈ ਹੱਤਿਆ ਸੂਬੇ ਦੀ ਕਾਨੂੰਨ ਵਿਵਸਥਾ ਦੀ ਪੋਲ ਖ਼ੋਲ ਰਹੀ ਹੈ। ਸਾਬਕਾ ਮੁੱਖ ਮੰਤਰੀ ਅਤੇ ਸੀਨੀਅਰ ਕਾਂਗਰਸ ਆਗੂ ਬੀਬੀ ਰਾਜਿੰਦਰ ਕੌਰ ਭੱਠਲ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਚਾਹੀਦਾ ਹੈ ਕਿ ਆਪਣਾ ਨੈਤਿਕ ਅਤੇ ਸੰਵਿਧਾਨਿਕ ਫ਼ਰਜ਼ ਪਛਾਣਦੇ ਹੋਏ ਤੁਰੰਤ ਸਖ਼ਤ ਕਦਮ ਚੁੱਕਣ ਅਤੇ ਦੂਜੇ ਸੂਬਿਆਂ ਦੀ ਚਿੰਤਾ ਛੱਡ ਕੇ ਆਪਣੇ ਪੰਜਾਬ ਦੀ ਸਾਰ ਲੈਣ ਜਿੱਥੇ ਹਾਲਾਤ ਵਿਗੜਦੇ ਜਾ ਰਹੇ ਹਨ।

ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਨ ਚੁੱਘ ਨੇ ਕਿਹਾ ਕਿ ਸੂਬੇ 'ਚ ਹਰ ਦੂਜੇ ਦਿਨ ਕਤਲ ਹੋ ਰਹੇ ਹਨ ਅਤੇ ਅਪਰਾਧੀਆਂ ਨੂੰ ਕਾਬੂ ਨਹੀਂ ਕੀਤਾ ਜਾ ਰਿਹਾ ।ਮੁੱਖ ਮੰਤਰੀ ਭਗਵੰਤ ਮਾਨ ਨੇ ਸਮਾਜ ਵਿਰੋਧੀ ਅਨਸਰਾਂ ਨੂੰ ਸਖ਼ਤ ਸ਼ਬਦਾਂ ਵਿਚ ਤਾੜਨਾ ਕਰਦਿਆਂ ਕਿਹਾ ਕਿ ਸੂਬੇ ਦੀ ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਭੰਗ ਕਰਨ ਦੇ ਨਾਪਾਕ ਮਨਸੂਬੇ ਕਿਸੇ ਵੀ ਕੀਮਤ 'ਤੇ ਸਫ਼ਲ ਨਹੀਂ ਹੋਣ ਦਿੱਤੇ ਜਾਣਗੇ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਡੇਰਾ ਪ੍ਰੇਮੀ ਦੀ ਹੱਤਿਆ ਦੇ ਮਾਮਲੇ ਨੂੰ ਛੇਤੀ ਤੋਂ ਛੇਤੀ ਸੁਲਝਾਉਣ ਦੇ ਹੁਕਮ ਦਿੱਤੇ।

# ਸ਼੍ਰੋਮਣੀ ਕਮੇਟੀ ਚੋਣ ਕਾਰਨ ਭਾਜਪਾ ਤੇ ਬਾਦਲ ਦਲ ਵਿਚ ਕੁੜੱਤਣ ਵਧੀ

## ਅਕਾਲੀ ਦਲ ਵਿਚ ਅਜੇ ਵੀ ਸੁਖਬੀਰ ਦੇ ਬਰਾਬਰ ਕੋਈ ਨੇਤਾ ਨਹੀਂ

### ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਚੋਣ ਵਿਚ ਕਰਾਸ ਵੋਟਿੰਗ ਕਰਨ ਵਾਲੇ ਸਿਰਫ਼ 8-ਅਕਾਲੀ ਦਲ ਨੇ ਕੀਤੀ ਪਛਾਣ

**ਟਾਈਮਜ਼ ਬਿਊਰੋ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਅਹੁਦੇਦਾਰਾਂ ਦੀ ਹੋਈ ਸਾਲਾਨਾ ਚੋਣ ਨੇ ਸ਼੍ਰੋਮਣੀ ਅਕਾਲੀ ਤੇ ਭਾਜਪਾ ਦਰਮਿਆਨ ਚੱਲ ਰਹੀ ਕੁੜੱਤਣ ਵਿਚ ਹੋਰ ਵਾਧਾ ਕੀਤਾ ਹੈ ਅਤੇ ਇਸ ਚੋਣ ਨੂੰ ਲੈ ਕੇ ਅਕਾਲੀ ਦਲ ਵਲੋਂ ਜਿਵੇਂ ਖੁੱਲ੍ਹ ਕੇ ਭਾਜਪਾ ਵਿਰੁੱਧ ਸਿੱਖ ਸੰਸਥਾਵਾਂ ਵਿਚ ਦਖ਼ਲ ਦੇਣ, ਦਬਾਅ ਪਾਉਣ, ਪੈਸਾ ਦੇਣ ਅਤੇ ਅਹੁਦਿਆਂ ਦੀ ਦੁਰਵਰਤੋਂ ਦੇ ਦੋਸ਼ ਲਗਾਏ ਗਏ ਉਸ ਕਾਰਨ ਕੁਝ ਹਲਕਿਆਂ ਵਲੋਂ ਅਕਾਲੀ ਦਲ ਤੇ ਭਾਜਪਾ ਨੂੰ ਨੇੜੇ ਲਿਆਉਣ ਦੀ ਕੋਸ਼ਿਸ਼ਾਂ ਅਗੇ ਪ੍ਰਸ਼ਨ ਚਿੰਨ ਲੱਗ ਗਿਆ ਹੈ। ਸੂਚਨਾ ਅਨੁਸਾਰ ਮਗਰਲੇ ਕੁਝ ਸਮੇਂ ਦੌਰਾਨ ਕੁਝ ਅਕਾਲੀ ਆਗੂਆਂ ਵਲੋਂ ਹੀ ਭਾਜਪਾ ਨਾਲ ਸੰਬੰਧ ਸੁਖਾਵੇਂ ਕਰਨ ਅਤੇ ਸਿਆਸੀ ਸਾਂਝ ਲਈ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਸਨ ਅਤੇ ਦਲ ਦੇ ਪ੍ਰਧਾਨ ਵਲੋਂ ਵੀ ਪਾਰਟੀ ਦੇ ਕਈ ਸੀਨੀਅਰ ਆਗੂਆਂ ਨਾਲ ਅਜਿਹੀਆਂ ਸੰਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਗਿਆ ਸੀ। ਸੁਖਬੀਰ ਸਿੰਘ ਬਾਦਲ ਵੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲ ਚੁੱਕੇ ਹਨ। ਭਾਜਪਾ ਦੇ ਕੌਮੀ ਪ੍ਰਧਾਨ ਜੇ.ਪੀ ਨੱਢਾ ਵਲੋਂ ਰਾਸ਼ਟਰਪਤੀ ਦੀ ਚੋਣ ਮੌਕੇ ਜਦੋਂ ਸਾਰੀਆਂ ਸਿਆਸੀ ਧਿਰਾਂ ਨੂੰ ਵੋਟ ਲਈ ਟੈਲੀਫ਼ੋਨ ਕੀਤੇ ਗਏ ਤਾਂ ਅਕਾਲੀ ਲੀਡਰਸ਼ਿਪ ਲਈ ਇਹ ਇਕ ਵੱਡੀ ਖ਼ੁਸ਼ੀ ਦੀ ਘੜੀ ਸੀ, ਕਿਉਂਕਿ ਅਕਾਲੀ ਆਗੂਆਂ ਨੂੰ ਮਹਿਸੂਸ ਹੋਇਆ ਸੀ ਕਿ ਭਾਜਪਾ ਹਾਈਕਮਾਨ ਸ਼ਾਇਦ ਦੁਬਾਰਾ ਉਨ੍ਹਾਂ ਵੱਲ ਝੁਕ ਰਹੀ ਹੈ ਅਤੇ ਅਕਾਲੀ ਦਲ ਵਲੋਂ ਭਾਜਪਾ ਉਮੀਦਵਾਰ ਦੇ ਹੱਕ ਵਿਚ ਵਧ ਚੜ੍ਹ ਕੇ ਵੋਟਾਂ ਵੀ ਦਿੱਤੀਆਂ ਗਈਆਂ। ਲੇਕਿਨ ਭਾਜਪਾ ਵਲੋਂ ਜਿਵੇਂ ਲਗਾਤਾਰ ਪੰਜਾਬ ਤੋਂ ਦੂਸਰੀਆਂ ਪਾਰਟੀਆਂ ਦੇ ਆਗੂ ਲਏ ਜਾ ਰਹੇ ਹਨ ਅਤੇ ਸੂਬੇ ਵਿਚ ਆਪਣੇ ਸੰਗਠਨ ਨੂੰ ਮਜ਼ਬੂਤ ਕਰਨ ਅਤੇ ਇਕੱਲੇ ਚੋਣ ਲੜਨ ਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ ਅਤੇ ਅਕਾਲੀ ਦਲ ਨਾਲ ਸਾਂਝ ਲਈ ਕੋਈ ਦਿਲਚਸਪੀ ਨਹੀਂ ਵਿਖਾਈ ਜਾ ਰਹੀ ਅਤੇ ਸ਼੍ਰੋਮਣੀ ਕਮੇਟੀ ਚੋਣ ਵਿਚ ਅਕਾਲੀ ਦਲ ਤੋਂ ਬਾਗ਼ੀ ਹੋਣ ਵਾਲਿਆਂ ਨੂੰ ਸਮਰਥਨ ਦਿੱਤਾ ਗਿਆ, ਅਕਾਲੀ ਲੀਡਰਸ਼ਿਪ ਲਈ ਇਕ ਸਭ ਕੁਝ ਅਸਹਿ ਸੀ। ਅਕਾਲੀ ਹਲਕਿਆਂ ਵਿਚ ਇਹ ਵੀ ਚਰਚਾ ਹੈ ਕਿ ਭਾਜਪਾ ਹਾਈਕਮਾਨ ਕਿਸੇ ਇਕ ਅਕਾਲੀ ਧੜੇ ਨਾਲ ਸਾਂਝ ਤਾਂ ਜ਼ਰੂਰ ਪਾ ਸਕਦੀ ਹੈ ਲੇਕਿਨ ਉਹ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਨਾਲ ਗੱਲਬਾਤ ਦੇ ਰੌਂਅ ਵਿਚ ਨਹੀਂ ਹੈ। ਅਕਾਲੀ ਦਲ ਨੇ ਮਗਰਲੀਆਂ ਵਿਧਾਨ ਸਭਾ ਚੋਣਾਂ ਬਸਪਾ ਨਾਲ ਮਿਲ ਕੇ ਲੜੀਆਂ ਸਨ, ਨੂੰ ਮਾਯੂਸੀ ਦਾ ਸਾਹਮਣਾ ਹੀ ਕਰਨਾ ਪਿਆ। ਅਕਾਲੀ ਦਲ ਨੂੰ ਜੋ ਤਿੰਨ ਸੀਟਾਂ ਮਿਲੀਆਂ ਉਨ੍ਹਾਂ ਵਿਚੋਂ ਗਨੀਵ ਕੌਰ ਮਜੀਠੀਆ ਤੇ ਮਨਪ੍ਰੀਤ ਸਿੰਘ ਇਆਲੀ ਆਪਣੇ ਜ਼ੋਰ ਨਾਲ ਅਤੇ ਤੀਸਰੀ ਬਸਪਾ ਦੇ ਸਮਰਥਨ ਕਾਰਨ ਮਿਲ ਗਈ। ਪ੍ਰੰਤੂ ਅਕਾਲੀ ਦਲ ਲਈ ਹੁਣ ਹੋਰ ਕਿਸੇ ਪਾਰਟੀ ਨਾਲ ਸਿਆਸੀ ਸਾਂਝ ਦੀਆਂ ਸੰਭਾਵਨਾਵਾਂ ਹੀ ਨਹੀਂ ਹਨ। ਲੇਕਿਨ ਇਸ ਮੌਜੂਦਾ ਸਥਿਤੀ ਵਿਚ ਅਕਾਲੀ ਆਉਂਦੀਆਂ ਪਾਰਲੀਮਾਨੀ ਚੋਣਾਂ ਲਈ ਕੀ ਸਿਆਸੀ ਰਣਨੀਤੀ ਅਪਨਾਉਣਗੇ ਉਹ ਆਉਣ ਵਾਲਾ ਸਮਾਂ ਦਸੇਗਾ।





ਪਰ ਸ਼੍ਰੋਮਣੀ ਅਕਾਲੀ ਦਲ (ਬ) ਨੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ 104 ਵੋਟਾਂ ਲੈ ਕੇ ਇਹ ਸਾਬਤ ਤਾਂ ਕਰ ਦਿੱਤਾ ਹੈ ਕਿ ਅਜੇ ਅਕਾਲੀ ਦਲ ਬਾਦਲ ਵਿਚ ਉਨ੍ਹਾਂ ਦੇ ਬਰਾਬਰ ਦਾ ਕੋਈ ਹੋਰ ਨੇਤਾ ਨਹੀਂ ਹੈ। ਭਾਵੇਂ ਇਸ ਵਾਰ ਪਿਛਲੀ ਵਾਰ ਦੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਦੀ ਚੋਣ ਨਾਲੋਂ ਉਹ ਕਰੀਬ ਡੇਢ ਦਰਜਨ ਵੋਟਾਂ ਘੱਟ ਹੀ ਲੈ ਸਕੇ ਹਨ। ਪਿਛਲੀ ਵਾਰ ਅਕਾਲੀ ਦਲ ਦੇ ਉਮੀਦਵਾਰ ਹਰਜਿੰਦਰ ਸਿੰਘ ਧਾਮੀ ਨੂੰ 122 ਵੋਟਾਂ ਪਈਆਂ ਸਨ ਤੇ ਇਸ ਵਾਰ 104 ਪਈਆਂ ਹਨ ਜਦੋਂ ਕਿ ਪਿਛਲੀ ਵਾਰ ਪ੍ਰਧਾਨਗੀ ਦੇ ਵਿਰੋਧੀ

ਉਮੀਦਵਾਰ ਮਿੱਠੂ ਸਿੰਘ ਕਾਹਨੇਕੇ ਨੂੰ 19 ਵੋਟਾਂ ਮਿਲੀਆਂ ਸਨ ਤੇ ਇਸ ਵਾਰ ਬੀਬੀ ਜਗੀਰ ਕੌਰ 42 ਵੋਟਾਂ ਲੈਣ ਵਿਚ ਸਫਲ ਰਹੀ ਹੈ। ਬੀਬੀ ਜਗੀਰ ਕੌਰ ਦਾ ਬਾਦਲ ਦਲ ਦੇ ਵਿਰੋਧ ਵਿਚ 42 ਵੋਟਾਂ ਲੈ ਜਾਣਾ ਇਹ ਪ੍ਰਭਾਵ ਤਾਂ ਦਿੰਦਾ ਹੀ ਹੈ ਕਿ ਬੀਬੀ ਬਾਦਲ ਦਲ ਲਈ ਆਉਣ ਵਾਲੇ ਸਮੇਂ ਦੌਰਾਨ ਚੁਣੌਤੀ ਬਣੇਗੀ। ਬੀਬੀ ਜਗੀਰ ਕੌਰ ਨੇ ਚੋਣ ਤੋਂ ਬਾਅਦ ਆਪਣੀ ਰਾਜਨੀਤੀ ਬਾਰੇ ਜੋ ਸਪੱਸ਼ਟ ਰੂਪ ਵਿਚ ਕਿਹਾ, ਉਸ ਦਾ ਮਤਲਬ ਤਾਂ ਇਹ ਹੀ ਨਿਕਲਦਾ ਹੈ ਕਿ ਉਹ ਹੁਣ ਖੁਦ ਤਾਂ ਧਾਰਮਿਕ ਖੇਤਰ ਵਿਚ ਹੀ ਕੰਮ ਕਰਨਗੇ ਅਤੇ ਰਾਜਨੀਤਕ ਖੇਤਰ ਵਿਚ ਉਹ ਖ਼ੁਦ ਕੋਈ ਚੋਣ ਲੜਨ ਦੀ ਬਜਾਏ ਹੋਰਾਂ ਨੂੰ ਚੋਣਾਂ ਲੜਾਉਣ ਨੂੰ ਹੀ ਤਰਜੀਹ ਦੇਣਗੇ।

**ਬੀਬੀ ਜਗੀਰ ਕੌਰ ਦੀ ਮਦਦ ਕਰਨ ਵਾਲੇ 34 ਮੈਂਬਰਾਂ ਦੀ ਵੱਖਰੀ ਸੂਚੀ ਬਣਾਈ**

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਵਿਚ ਅਕਾਲੀ ਦਲ ਦੀ ਜਿੱਤ ਤੋਂ ਬਾਅਦ ਅਕਾਲੀ ਦਲ ਦੇ ਉੱਚ ਹਲਕਿਆਂ ਨੇ ਉਨ੍ਹਾਂ ਮੈਂਬਰਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ, ਜਿਨ੍ਹਾਂ ਨੇ ਪਾਰਟੀ 'ਚ ਰਹਿੰਦੇ ਹੋਏ ਕਰਾਸ ਵੋਟਿੰਗ ਕਰਕੇ ਬੀਬੀ ਜਗੀਰ ਕੌਰ ਦੇ ਹੱਕ ਵਿਚ ਵੋਟਾਂ ਪਾਈਆਂ। ਸ਼੍ਰੋਮਣੀ ਅਕਾਲੀ ਦਲ ਦੇ ਸੂਤਰਾਂ ਅਨੁਸਾਰ ਕਰਾਸ ਵੋਟਿੰਗ ਕਰਨ ਵਾਲਿਆਂ ਦੀ ਗਿਣਤੀ ਸਿਰਫ਼ 8 ਦੇ ਕਰੀਬ ਹੀ ਹੈ। ਉਨ੍ਹਾਂ ਅਨੁਸਾਰ ਬੀਬੀ ਜਗੀਰ ਕੌਰ ਦਾ ਸਾਫ਼ ਤੌਰ 'ਤੇ ਸਿੱਧਾ ਸਮਰਥਨ ਕਰ ਰਹੇ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਗਿਣਤੀ ਲਗਭਗ 34 ਸੀ, ਕਿਉਂਕਿ ਅਕਾਲੀ ਦਲ ਬਾਦਲ ਦੇ ਵਿਰੋਧੀਆਂ ਕੋਲ ਪਿਛਲੇ ਸਾਲ 22 ਤੋਂ 24 ਵੋਟਾਂ ਸਨ, ਪਰ ਇਸ ਵਾਰ ਹਰਿਆਣਾ ਦੀ ਭਾਜਪਾ ਸਰਕਾਰ ਦੇ ਦਬਾਅ ਅਧੀਨ 5 ਵੋਟਾਂ ਬੀਬੀ ਜਗੀਰ ਕੌਰ ਨੂੰ ਹਰਿਆਣਾ ਤੋਂ ਪਈਆਂ ਅਤੇ ਕਰੀਬ 5 ਵੋਟਰ ਪਹਿਲਾਂ ਹੀ ਅਕਾਲੀ ਦਲ ਛੱਡ ਚੁੱਕੇ ਸਨ, ਜਿਨ੍ਹਾਂ ਵਿਚੋਂ 3 ਤਾਂ ਭਾਜਪਾ ਵਿਚ ਹੀ ਸ਼ਾਮਿਲ ਹੋ ਚੁੱਕੇ ਸਨ। ਭਰੋਸੇਯੋਗ ਜਾਣਕਾਰੀ ਅਨੁਸਾਰ ਅਕਾਲੀ ਦਲ ਨੇ ਇਕ ਸੂਚੀ ਬਣਾਈ ਹੈ, ਜਿਸ ਵਿਚ ਉਨ੍ਹਾਂ 34 ਮੈਂਬਰਾਂ ਦੇ ਨਾਂ ਦਰਜ ਹਨ, ਜੋ ਚੋਣ ਤੋਂ ਪਹਿਲਾਂ ਹੀ

(ਬਾਕੀ ਸਫ਼ਾ 30 'ਤੇ)

## 104 ਸ਼੍ਰੋਮਣੀ ਕਮੇਟੀ ਦੀਆਂ ਅਹੁਦੇਦਾਰੀਆਂ ਤੇ ਸੀਟਾਂ ਵਿਚ ਸਿੱਖ ਬੀਬੀਆਂ ਨੂੰ ਨਹੀਂ ਮਿਲਦੀ ਯੋਗ ਪ੍ਰਤੀਨਿਧਤਾ

### 85 ਮੈਂਬਰੀ ਹਾਊਸ ਵਿਚ ਸਿੱਖ ਬੀਬੀਆਂ ਲਈ ਹਨ ਕੇਵਲ 31 ਸੀਟਾਂ

ਅੰਮ੍ਰਿਤਸਰ:- ਹਾਲ ਹੀ ਵਿਚ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਹੋਈ ਸਾਲਾਨਾ ਚੋਣ ਵਿਚ ਆਪਣੀ ਹੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਿਰੁੱਧ ਚੋਣ ਮੈਦਾਨ ਵਿਚ ਡਟਦਿਆਂ ਸ਼੍ਰੋਮਣੀ ਕਮੇਟੀ ਹਾਊਸ ਦੇ ਮੌਜੂਦਾ 157 ਮੈਂਬਰਾਂ ਵਿਚੋਂ 42 ਵੋਟਾਂ ਪ੍ਰਾਪਤ ਕਰਕੇ ਅਕਾਲੀ ਦਲ ਲਈ ਚੁਣੌਤੀ ਬਣਨ ਵਾਲੇ ਸ਼੍ਰੋਮਣੀ ਕਮੇਟੀ ਦੇ ਇਕੋ ਇਕ ਇਸਤਰੀ ਪ੍ਰਧਾਨ ਰਹੇ ਬੀਬੀ ਜਗੀਰ ਕੌਰ ਭਾਵੇਂ ਇਸ ਵਾਰ ਚੋਣ ਹਾਰ ਗਏ ਹਨ ਪਰ ਉਨ੍ਹਾਂ ਦੀ ਹਾਰ ਨੇ ਪੰਥਕ ਗਲਿਆਰਿਆਂ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ ਕਿ ਸਿੱਖ ਧਰਮ ਵਿਚ ਗੁਰੂ ਸਾਹਿਬਾਨ ਵਲੋਂ ਔਰਤਾਂ ਨੂੰ ਬਰਾਬਰ ਦਾ ਮਾਣ ਸਤਿਕਾਰ ਦਿੱਤੇ ਜਾਣ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਵਿਚ ਸ਼ੁਰੂ ਤੋਂ ਹੀ ਮਰਦਾਂ ਦਾ ਹੀ ਬੋਲ ਬਾਲਾ ਰਿਹਾ ਹੈ ਤੇ ਔਰਤਾਂ ਨੂੰ ਕੇਵਲ ਮੈਂਬਰੀਆਂ ਤੇ ਵੋਟ ਦੇਣ ਦੇ ਅਧਿਕਾਰ ਤੱਕ ਹੀ ਸੀਮਤ ਰੱਖਿਆ ਜਾਂਦਾ ਹੈ। ਬੀਬੀ ਜਗੀਰ ਕੌਰ ਭਾਵੇਂ ਸ਼੍ਰੋਮਣੀ ਕਮੇਟੀ ਦੀ ਪਹਿਲੀ ਔਰਤ ਪ੍ਰਧਾਨ ਹੋਣ ਦਾ ਚਾਰ ਵਾਰ ਮਾਣ ਪ੍ਰਾਪਤ ਕਰ ਚੁੱਕੇ ਹਨ ਪਰ ਸ਼੍ਰੋਮਣੀ ਕਮੇਟੀ ਦੇ ਬਾਕੀ ਅਹੁਦੇਦਾਰਾਂ ਵਿਚ ਸਿੱਖ ਬੀਬੀਆਂ ਨੂੰ ਯੋਗ ਨੁਮਾਇੰਦਗੀ ਕਦੇ ਵੀ ਨਹੀਂ ਮਿਲੀ। ਸ਼੍ਰੋਮਣੀ ਕਮੇਟੀ ਮੌਜੂਦਾ ਹਾਊਸ ਦੀ ਗੱਲ ਕਰੀਏ ਤਾਂ 185 ਮੈਂਬਰੀ ਹਾਊਸ ਵਿਚ ਔਰਤਾਂ ਲਈ ਰਾਖਵੀਆਂ ਸੀਟਾਂ ਤੋਂ 31 ਬੀਬੀਆਂ ਸ਼੍ਰੋਮਣੀ ਕਮੇਟੀ ਮੈਂਬਰ ਵਜੋਂ ਚੋਣ ਲੜ ਕੇ ਹਾਊਸ ਵਿਚ ਆਪਣੇ ਹਲਕਿਆਂ ਦੀਆਂ ਬੀਬੀਆਂ ਦੀ ਪ੍ਰਤੀਨਿੱਧਤਾ ਕਰਦੀਆਂ ਹਨ ਤੇ ਇਹ ਕੇਵਲ 17 ਪ੍ਰਤੀਸ਼ਤ ਦੇ ਕਰੀਬ ਬਣਦੀ ਹੈ। ਬੀਬੀਆਂ ਪਿਛਲੇ ਸਮੇਂ ਦੌਰਾਨ ਅਕਾਲ ਚਲਾਣਾ ਵੀ ਕਰ ਚੁੱਕੀਆਂ ਹਨ। ਇਸ ਵਾਰ 9 ਨਵੰਬਰ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਈ ਅਹੁਦੇਦਾਰਾਂ ਦੀ ਚੋਣ ਦੌਰਾਨ ਪ੍ਰਧਾਨ ਅਤੇ ਬਾਕੀ ਅਹੁਦੇਦਾਰਾਂ ਦੇ ਨਾਲ ਨਾਲ ਅੰਤ੍ਰਿੰਗ ਕਮੇਟੀ ਮੈਂਬਰਾਂ ਵਿਚ ਸ਼੍ਰੋਮਣੀ ਅਕਾਲੀ ਦਲ ਵਲੋਂ ਕਿਸੇ ਵੀ ਔਰਤ ਮੈਂਬਰ ਨੂੰ ਸ਼ਾਮਿਲ ਨਹੀਂ ਕੀਤਾ ਗਿਆ, ਜਦੋਂ ਕਿ ਪ੍ਰਧਾਨਗੀ ਅਹੁਦੇ ਲਈ ਮੁੱਖ ਟੱਕਰ ਦੇਣ ਵਾਲੇ ਬੀਬੀ ਜਗੀਰ ਕੌਰ 42 ਵੋਟਾਂ ਪ੍ਰਾਪਤ ਕਰਨ ਵਿਚ ਕਾਮਯਾਬ ਰਹੇ ਹਨ। ਇਜਲਾਸ ਦੇ ਖਤਮ ਹੁੰਦਿਆਂ ਹੀ ਹਾਕਮ ਧਿਰ ਨਾਲ ਸਬੰਧਿਤ ਕੁੱਝ ਔਰਤ ਮੈਂਬਰਾਂ ਵਲੋਂ ਹੀ ਇਸ ਵਾਰ ਦੀਆਂ ਅਹੁਦੇਦਾਰੀਆਂ



ਵਿਚ ਇਕ ਵੀ ਬੀਬੀ ਨੂੰ ਪ੍ਰਤੀਨਿੱਧਤਾ ਨਾ ਦੇਣ ਲਈ ਕਰੜਾ ਵਿਰੋਧ ਕੀਤਾ ਗਿਆ, ਜਿਸ ਤੋਂ ਬਾਅਦ ਆਨਨ-ਫਾਨਨ ਵਿਚ ਇਕ ਮਰਦ ਮੈਂਬਰ ਸਰਵਨ ਸਿੰਘ ਕੁਲਾਰ ਦਾ ਨਾਂ ਕੱਟ ਕੇ ਇਕ ਇਸਤਰੀ ਮੈਂਬਰ ਬੀਬੀ ਗੁਰਿੰਦਰ ਕੌਰ ਭੋਲੂਵਾਲ ਨੂੰ ਅੰਤ੍ਰਿੰਗ ਕਮੇਟੀ ਵਿਚ ਸ਼ਾਮਿਲ ਕਰਨਾ ਪਿਆ। ਬੀਬੀ ਕਿਰਨਜੋਤ ਕੌਰ ਭਾਵੇਂ ਕਾਫੀ ਵਰੇ ਪਹਿਲਾਂ ਇਸ ਸੰਸਥਾ ਦੇ ਜਨਰਲ ਸਕੱਤਰ ਰਹਿ ਚੁੱਕੇ ਹਨ, ਪਰ ਇਸ ਤੋਂ ਬਾਅਦ ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ ਜਾਂ ਜਨਰਲ ਸਕੱਤਰ ਦੇ ਅਹਿਮ ਅਹੁਦਿਆਂ 'ਤੇ ਵੀ ਕਿਸੇ ਔਰਤ ਮੈਂਬਰ ਨੂੰ ਸੇਵਾ ਕਰਨ ਦਾ ਮਾਣ ਨਹੀਂ ਬਖਸ਼ਿਆ ਗਿਆ। ਧਰਮ ਪ੍ਰਚਾਰ ਕਮੇਟੀ ਦੇ ਮੈਂਬਰਾਂ, ਜਿਨ੍ਹਾਂ ਦੀ ਗਿਣਤੀ 8 ਦੇ ਕਰੀਬ ਹੁੰਦੀ ਹੈ, ਵਿਚ ਵੀ ਇਸ ਵਾਰ ਕੋਈ ਵੀ ਬੀਬੀ ਸ਼ਾਮਿਲ ਨਹੀਂ ਹੈ। ਗੁਰਦੁਆਰਾ ਐਕਟ ਅਨੁਸਾਰ 1966 ਦੀਆਂ ਚੋਣਾਂ ਦੌਰਾਨ ਸਿੱਖ ਔਰਤਾਂ ਵਾਸਤੇ 31 ਦੇ ਕਰੀਬ ਸੀਟਾਂ ਰਾਖਵੀਆਂ ਕੀਤੀਆਂ ਗਈਆਂ ਸਨ, ਜੋ ਕਿ ਉਨ੍ਹਾਂ ਦੀ ਅਬਾਦੀ ਦੇ ਮੁਤਾਬਕ ਹੁਣ ਇਹ ਗਿਣਤੀ ਕਾਫੀ ਘੱਟ ਹੈ। ਮੌਜੂਦਾ ਹਾਊਸ ਵਿਚ ਪੰਜਾਬ ਦੇ ਵੱਖ-ਵੱਖ ਹਲਕਿਆਂ ਤੋਂ 28, ਹਰਿਆਣਾ ਤੋਂ 2 ਅਤੇ ਚੰਡੀਗੜ੍ਹ ਤੋਂ ਇਕ ਔਰਤ ਮੈਂਬਰ ਚੋਣਾਂ ਜਿੱਤ ਕੇ ਆਈਆਂ ਹੋਈਆਂ ਹਨ। ਜ਼ਿਲ੍ਹਾ ਸੰਗਰੂਰ ਤੋਂ ਸਭ ਤੋਂ ਵੱਧ ਚਾਰ ਮੈਂਬਰ, ਅੰਮ੍ਰਿਤਸਰ ਤੋਂ 3, ਗੁਰਦਾਸਪੁਰ, ਜਲੰਧਰ, ਲੁਧਿਆਣਾ, ਬਠਿੰਡਾ, ਫਿਰੋਜ਼ਪੁਰ, ਮੋਗਾ, ਫਰੀਦਕੋਟ, ਪਟਿਆਲਾ ਤੋਂ 2-2 ਅਤੇ ਮੁਕਤਸਰ ਸਾਹਿਬ, ਹੁਸ਼ਿਆਰਪੁਰ ਤੇ ਰੋਪੜ ਜ਼ਿਲ੍ਹਿਆਂ ਤੋਂ 1-1 ਮੈਂਬਰ ਸ਼ਾਮਿਲ ਹਨ। ਦੂਜੇ ਪਾਸੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਅਤੇ ਅਤੇ ਸ਼ਹੀਦ ਭਗਤ ਸਿੰਘ ਨਗਰ ਤੋਂ ਕੋਈ ਵੀ ਔਰਤ ਮੈਂਬਰ ਸ਼ਾਮਿਲ ਨਹੀਂ ਹੈ।

## ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਜਥੇਦਾਰ ਦਾਦੂਵਾਲ ਵੱਲੋਂ ਖ਼ੁਦ 'ਤੇ ਫੁੱਲਾਂ ਦੀ ਵਰਖਾ ਕਰਵਾਈ

### ➢ ਅਕਾਲ ਤਖਤ ਸਾਹਿਬ ਵਿਖੇ ਜਥੇਦਾਰ ਦਾਦੂਵਾਲ ਦੀ ਪੁੱਜੀ ਸ਼ਿਕਾਇਤ ➢30 ਮੈਂਬਰ ਦਾਦੂਵਾਲ ਖ਼ਿਲਾਫ਼ ਹੋਣ ਦਾ ਦਾਅਵਾ

ਅੰਮ੍ਰਿਤਸਰ/ਏ.ਟੀ.ਨਿਊਜ਼ :- ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਦਾ ਵਿਵਾਦ ਵਧਦਾ ਜਾ ਰਿਹਾ ਹੈ। ਹੁਣ ਸਿੱਖ ਪ੍ਰਚਾਰਕ ਬਲਜੀਤ ਸਿੰਘ ਦਾਦੂਵਾਲ ਨੂੰ ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਦੀ ਪ੍ਰਧਾਨਗੀ ਤੋਂ ਲਾਂਭੇ ਕਰਨ ਦੀ ਮੰਗ ਉਠੀ ਹੈ। ਇਸ ਬਾਰੇ ਸ਼ਿਕਾਇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨ ਹਰਪ੍ਰੀਤ ਸਿੰਘ ਕੋਲ ਪਹੁੰਚ ਗਈ ਹੈ। ਜਾਣਕਾਰੀ ਮੁਤਾਬਕ ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਜਸਬੀਰ ਸਿੰਘ ਭਾਟੀ, ਸੰਯੁਕਤ ਸਕੱਤਰ ਚੰਨਦੀਪ ਸਿੰਘ ਖੁਰਾਣਾ ਤੇ ਸੀਨੀਅਰ ਮੀਤ ਪ੍ਰਧਾਨ ਕਰਨੈਲ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿੱਚ ਕਮੇਟੀ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਖ਼ਿਲਾਫ਼ ਸ਼ਿਕਾਇਤ ਦਿੱਤੀ ਹੈ ਕਿ ਉਹ ਕਮੇਟੀ ਮੈਂਬਰਾਂ ਦਾ ਭਰੋਸਾ ਗੁਆ ਚੁੱਕੇ ਹਨ। ਇਸ ਲਈ ਹੁਣ ਉਨ੍ਹਾਂ ਨੂੰ ਕਮੇਟੀ ਪ੍ਰਧਾਨ ਬਣੇ



ਰਹਿਣ ਦਾ ਕੋਈ ਅਧਿਕਾਰ ਨਹੀਂ ਹੈ। ਇਨ੍ਹਾਂ ਆਗੂਆਂ ਨੇ ਦਾਦੂਵਾਲ ਖ਼ਿਲਾਫ਼ ਬਣਦੀ ਕਾਰਵਾਈ ਮੰਗੀ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਮਾਮਲਾ ਹਰਿਆਣਾ ਦੇ ਮੁੱਖ ਮੰਤਰੀ ਕੋਲ ਵੀ ਰੱਖਿਆ ਗਿਆ ਹੈ ਤੇ ਉਨ੍ਹਾਂ ਦੇ ਫ਼ੈਸਲੇ ਦੀ ਉਡੀਕ ਕੀਤੀ ਜਾ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕਮੇਟੀ ਦੇ ਲਗਭਗ ਤੀਹ ਮੈਂਬਰ ਜਥੇਦਾਰ ਦਾਦੂਵਾਲ ਖ਼ਿਲਾਫ਼ ਹਨ। ਇੱਥੇ ਜਥੇਦਾਰ ਹਰਪ੍ਰੀਤ ਸਿੰਘ ਦੇ ਨਾਂ ਸੌਂਪੇ ਗਏ ਇਸ ਪੱਤਰ ਵਿੱਚ ਸਿੱਖ ਆਗੂਆਂ ਵੱਲੋਂ ਮਰਿਯਾਦਾ ਦੀ ਉਲੰਘਣਾ ਹੋਣ ਦਾ ਦੋਸ਼ ਵੀ ਲਾਇਆ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਹਰਿਆਣਾ ਕਮੇਟੀ ਸਬੰਧੀ ਫ਼ੈਸਲਾ ਆਉਣ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਜਥਦਾਰ ਦਾਦੂਵਾਲ ਵੱਲੋਂ ਖ਼ੁਦ 'ਤੇ ਫੁੱਲਾਂ ਦੀ ਵਰਖਾ ਕਰਵਾਈ ਗਈ, ਜੋ ਸਿੱਖ ਰਹਿਤ ਮਰਿਆਦਾ ਦੀ ਘੋਰ ਉਲੰਘਣਾ ਹੈ। ਉਨ੍ਹਾਂ ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਯੋਗ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ।

## ਬੇਅਦਬੀ ਇਨਸਾਫ਼ ਮੋਰਚੇ ਵਿਚ ਪੁੱਜੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗਰੇਵਾਲ

ਕੋਟਕਪੂਰਾ/ਏ.ਟੀ.ਨਿਊਜ਼ :- ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਤੇ ਦੋਆਬਾ ਜ਼ੋਨ ਦੇ ਪ੍ਰਚਾਰ ਸਕੱਤਰ ਗੁਰਬਖਸ਼ ਸਿੰਘ ਖਾਲਸਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਮਗਰੋਂ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਸਿੱਖਾਂ 'ਤੇ ਗੋਲੀਆਂ ਚਲਾਏ ਜਾਣ ਦੀ ਘਟਨਾ ਦੌਰਾਨ ਮਾਰੇ ਗਏ ਦੋ ਸਿੱਖ ਨੌਜਵਾਨਾਂ ਦੇ ਪਰਿਵਾਰਾਂ ਵੱਲੋਂ ਪਿਛਲੇ ਗਿਆਰਾਂ ਮਹੀਨਿਆਂ ਤੋਂ ਚਲਾਏ ਜਾ ਰਹੇ ਬਹਿਬਲ ਕਲਾਂ ਇਨਸਾਫ਼ ਮੋਰਚੇ ਸ਼ਾਮਲ ਹੋਏ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦਾ ਕੋਈ ਵੀ ਨੁਮਾਇੰਦਾ ਇਸ ਮੋਰਚੇ ਵਿੱਚ ਸ਼ਾਮਲ ਨਹੀਂ ਹੋਇਆ ਸੀ। ਗੌਰਤਲਬ ਹੈ ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਬੀਤੀ 14 ਅਕਤੂਬਰ ਨੂੰ ਮੋਰਚੇ ਵਿੱਚ ਸੰਬੋਧਨ ਕਰਦਿਆਂ ਇਹ ਭਰੋਸਾ ਦਿੱਤਾ ਸੀ ਕਿ ਡੇਢ ਮਹੀਨੇ ਦੇ ਅੰਦਰ ਬੇਅਦਬੀ ਤੇ ਗੋਲੀਕਾਂਡ ਪੀੜਤਾਂ ਨੂੰ ਇਨਸਾਫ਼ ਮਿਲ ਜਾਵੇਗਾ ਤੇ ਇੱਕ ਵੱਡਾ ਸ਼ੁਕਰਾਨੇ ਦਾ ਸਮਾਗਮ ਹੋਵੇਗਾ। ਇਹ ਐਲਾਨ ਕੀਤੇ ਨੂੰ ਹੁਣ ਇੱਕ ਮਹੀਨਾ ਹੋ ਗਿਆ ਹੈ, ਪਰ ਹਾਲੇ ਤੱਕ ਇਸ ਕਾਂਡ ਦੇ ਦੋਸ਼ੀਆਂ ਸਬੰਧੀ ਸਰਕਾਰ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ, ਅਜਿਹੇ ਹਾਲਾਤ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਮੋਰਚੇ ਨਾਲ ਖੜ੍ਹਨਾ ਸਿਆਸੀ ਹਲਕਿਆਂ ਵਿੱਚ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਇਸ ਮੌਕੇ ਗੁਰਚਰਨ ਸਿੰਘ ਨੇ ਮੀਡੀਆ ਨੂੰ ਦੱਸਿਆ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਸਿਰਮੌਰ ਸੰਸਥਾ ਹੋਣ ਦੇ ਨਾਤੇ ਮੋਰਚੇ ਨੂੰ ਪੂਰਾ ਸਹਿਯੋਗ ਦੇਵੇਗੀ ਤਾਂ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਸੱਚ ਲੋਕਾਂ ਸਾਹਮਣੇ ਆ ਸਕੇ।

**ਸਚੋ ਸੱਚ ਦਸ ਵੇ ਜੋਗੀਆ**

# ਅੰਮ੍ਰਿਤਪਾਲ ਸਿੰਘ ਤੇ ਖ਼ਾਲਿਸਤਾਨ ਬਿਕਰਮ ਸਿੰਘ ਮਜੀਠੀਆ ਦੇ ਨਿਸ਼ਾਨੇ ਉਪਰ

## ☛ ਕਿਹਾ ਕਿ ਸਰਕਾਰ ਨੱਥ ਪਾਵੇ ਅੰਮ੍ਰਿਤਪਾਲ ਸਿੰਘ ਨੂੰ, ਖ਼ਾਲਿਸਤਾਨ ਨਹੀਂ ਬਣੇਗਾ
## ☛ ਬੇਅੰਤ ਸਿੰਘ ਦੇ ਪੋਤਰੇ ਬਿੱਟੂ ਵਲੋਂ ਮਜੀਠੀਆ ਦੀ ਡਟਵੀਂ ਹਮਾਇਤ

ਅੰਮ੍ਰਿਤਪਾਲ ਸਿੰਘ ਤੇ ਖਾਲਿਸਤਾਨ ਅੱਜ ਕਲ੍ਹ ਸੀਨੀਅਰ ਅਕਾਲੀ ਲੀਡਰ ਬਿਕਰਮ ਸਿੰਘ ਮਜੀਠੀਆ ਦੇ ਨਿਸ਼ਾਨੇ ਉਪਰ ਹਨ। ਹਾਲਾਂਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੰਮ੍ਰਿਤਪਾਲ ਸਿੰਘ ਦੀਆਂ ਧਾਰਮਿਕ ਸਰਗਰਮੀਆਂ ਦਾ ਸਮਰਥਨ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਅੰਮ੍ਰਿਤਪਾਲ ਸਿੰਘ ਦਾ ਵਿਰੋਧ ਨਹੀਂ ਕੀਤਾ। ਸੋਸ਼ਲ ਮੀਡੀਆ ਵਿਚ ਬਿਕਰਮ ਸਿੰਘ ਮਜੀਠੀਆ ਦੇ ਬਿਆਨਾਂ ਨੂੰ ਸਿੱਖ ਧਿਰਾਂ ਵਲੋਂ ਸ਼ਿਵ ਸੈਨਾ ਨਾਲ ਸਾਂਝ ਵਜੋਂ ਦੇਖਿਆ ਜਾ ਰਿਹਾ। ਕੁਝ ਸਿੱਖਾਂ ਦਾ ਕਹਿਣਾ ਹੈ ਕਿ ਛੱਜ ਤਾਂ ਬੋਲੇ ਚਾਨਣੀ ਕਿਉ ਬੋਲੇ।ਬਾਦਲ ਦਲ ਤਾਂ ਸੌਦਾ ਸਾਧ ਦਾ ਸਮਰਥਕ ਹੈ ਤੇ ਬੇਅਦਬੀ ਤੇ ਗੋਲੀ ਕਾਂਡ ਦਾ ਜਿੰਮੇਵਾਰ ਹੈ, ਉਹ ਅੰਮ੍ਰਿਤਪਾਲ ਜੋ ਸਿੱਖੀ ਦਾ ਪ੍ਰਚਾਰ ਕਰ ਰਿਹਾ ਹੈ, ਦੇ ਹੱਕ ਵਿਚ ਕਿਉਂ ਬੋਲੇਗਾ ? ਮਜੀਠੀਆ ਉਪਰ ਤਾਂ ਡਰੱਗ ਮਾਫੀਆ ਨਾਲ ਸਾਂਝ ਦੇ ਦੋਸ਼ ਹਨ। ਉਹ ਨਸ਼ੇ, ਡਰੱਗ ਦੇ ਵਿਰੋਧ ਕਰਨ ਵਾਲੇ ਭਾਈ ਅੰਮ੍ਰਿਤਪਾਲ ਸਿੰਘ ਦੇ ਹਕ ਵਿਚ ਕਿਉਂ ਬੋਲੇਗਾ ? ਉਨ੍ਹਾਂ ਦਾ ਕਹਿਣਾ ਸੀ ਕਿ ਸਿੱਖਾਂ ਦੇ ਵਿਰੋਧ ਕਾਰਨ ਹੀ ਬਾਦਲ ਅਕਾਲੀ ਦਲ ਨੂੰ ਵੱਡਾ ਸਿਆਸੀ ਨੁਕਸਾਨ ਹੋਇਆ ਹੈ। ਹੁਣ ਵੀ ਅਜਿਹੀਆਂ ਪੰਥ ਵਿਰੋਧੀ ਹਰਕਤਾਂ ਕਰਕੇ ਪੰਥ ਦਾ ਨੁਕਸਾਨ ਕਰ ਰਹੇ ਹਨ।

ਯਾਦ ਰਹੇ ਕਿ ਅੰਮ੍ਰਿਤਸਰ ਵਿਖੇ ਇਕ ਧਾਰਮਿਕ ਪ੍ਰੋਗਰਾਮ ਵਿਚ ਸ਼ਿਰਕਤ ਕਰਨ ਪਹੁੰਚੇ ਬਿਕਰਮ ਸਿੰਘ ਮਜੀਠੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਸੀ ਕਿ ਅੰਮ੍ਰਿਤਪਾਲ ਕਦੀ ਕਿਸੇ ਨੂੰ ਮਾੜਾ ਕਹਿ ਰਿਹਾ ਹੈ ਤੇ ਕਦੀ ਕਿਸੇ ਨੂੰ, ਇਸ ਨੂੰ ਏਜੰਸੀਆਂ ਵੀ ਨਹੀਂ ਰੋਕ ਰਹੀਆਂ ਤੇ ਸਰਕਾਰ ਵੀ ਇਸ ਮਾਮਲੇ ਤੇ ਮੌਨ ਧਾਰੀ ਬੈਠੀ ਹੈ। ਉਨ੍ਹਾਂ ਕਿਹਾ ਕਿ ਇਹ ਲੋਕ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।ਸਰਕਾਰ ਇਨ੍ਹਾਂ ਨੂੰ ਨੱਥ ਪਾਵੇ। ਮਜੀਠੀਆ ਨੇ ਡਟਵਾਂ ਸਟੈਂਡ ਲੈਂਦਿਆਂ ਕਿਹਾ ਕਿ ਉਹ ਹਰ ਹਿੰਦੂ, ਇਸਾਈ, ਮੁਸਲਮਾਨ, ਸਿੱਖ ਹਰ ਪੰਜਾਬੀ ਨਾਲ ਖੜ੍ਹੇ ਹਨ ਤੇ ਜਿਸ ਨਾਲ ਵੀ ਧੱਕਾ ਹੋਵੇਗਾ, ਅਸੀਂ ਉਨ੍ਹਾਂ ਲਈ ਡਟ ਕੇ ਲੜਾਂਗੇ। ਲੋਕਾਂ ਦੀ ਸੁਰੱਖਿਆ ਲਈ ਭਾਵੇਂ ਉਨ੍ਹਾਂ ਨੂੰ ਛਾਤੀ 'ਤੇ ਗੋਲੀਆਂ ਵੀ ਸਹਿਣੀਆਂ ਪੈਣ, ਉਹ ਇਸ ਤੋਂ ਵੀ ਪਿੱਛੇ ਨਹੀਂ ਹਟਣਗੇ। ਗੁਰਪਤਵੰਤ ਪੰਨੂ 'ਤੇ ਵਰ੍ਹਦਿਆਂ ਮਜੀਠੀਆ ਨੇ ਕਿਹਾ ਕਿ ਨਾ ਤਾਂ ਉਹ ਗੁਰੂ ਦਾ ਸਿੱਖ ਹੈ ਤੇ ਨਾ ਹੀ ਉਸ ਦਾ ਸਿੱਖੀ ਸਰੂਪ ਹੈ। ਜੇਕਰ ਉਸ ਵਿਚ ਹਿੰਮਤ ਹੈ ਤਾਂ ਉਹ ਪੰਜਾਬ ਦੀ ਧਰਤੀ 'ਤੇ ਆ ਕੇ ਖ਼ਾਲਿਸਤਾਨ ਲਈ ਰੈਫਰੈਂਡਮ ਕਰਵਾ ਲਵੇ। ਖ਼ਾਲਿਸਤਾਨ ਇਸ ਤਰ੍ਹਾਂ ਨਹੀਂ ਬਣ ਸਕਦਾ। ਮਜੀਠੀਆ ਨੇ ਖ਼ਾਲਿਸਤਾਨ ਦੀ ਮੰਗ ਕਰਨ ਵਾਲਿਆਂ ਨੂੰ ਕਿਹਾ ਕਿ ਉਹ ਪਹਿਲਾਂ ਖ਼ਾਲਿਸ ਦਾ ਮਤਲਬ ਸਮਝ ਲੈਣ। ਖ਼ਾਲਿਸਤਾਨ ਸਿਰਫ਼ ਤਾਂ ਬਣੇਗਾ ਜੇਕਰ ਪੰਜਾਬੀ ਚਾਹੁਣਗੇ। ਪਰ ਪੰਜਾਬੀ ਇੱਥੇ ਅਮਨ ਸ਼ਾਂਤੀ ਚਾਹੁੰਦੇ ਹਨ। ਪੰਜਾਬੀ ਇਸ ਦੇਸ਼ ਦੀ ਸਰਹੱਦਾਂ ਦੀ ਰਾਖੀ ਲਈ ਕੁਰਬਾਨੀ ਦਿੰਦੇ ਹਨ। ਉਨ੍ਹਾਂ ਸਾਫ਼ ਕਿਹਾ ਕਿ ਪੰਜਾਬ ਦੇਸ਼ ਦਾ ਹਿੱਸਾ ਹੈ ਤੇ ਜਦੋਂ ਤਕ ਪੰਜਾਬ ਦੇ ਲੋਕ ਜਾਂ ਸਰਕਾਰ ਨਹੀਂ ਕਹੇਗੀ, ਉਦੋਂ ਤਕ ਖ਼ਾਲਿਸਤਾਨ ਨਹੀਂ ਬਣੇਗਾ।



ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ ਵੱਲੋਂ ਸ੍ਰੀ ਦਰਬਾਰ ਸਾਹਿਬ ਵਿਚ ਸ਼ਰੇਆਮ ਹਥਿਆਰ ਲੈ ਕੇ ਜਾਣ 'ਤੇ ਜਵਾਬ ਦਿੰਦਿਆਂ ਕਿਹਾ ਕਿ ਜੇਕਰ ਗੁਰੂ ਨੇ ਸ਼ਸਤਰਧਾਰੀ ਹੋਣ ਦਾ ਹੁਕਮ ਦਿੱਤਾ ਹੈ ਤਾਂ ਇਹ ਵੀ ਕਿਹਾ ਹੈ ਕਿ ਤੇਰੀ ਰੱਖਿਆ ਗੁਰੂ ਆਪ ਕਰੇਗਾ। ਸਾਡਾ ਗੁਰੂ ਰੋਜ਼ ਹਰ ਗੁਰਸਿੱਖ ਤੋਂ ਸਰਬੱਤ ਦੇ ਭਲੇ ਦੀ ਅਰਦਾਸ ਕਰਵਾਉਂਦਾ ਹੈ। ਗੁਰੂ ਸਾਹਿਬ ਦਾ ਹੁਕਮ ਹੈ ਕਿ ਹਰੇਕ ਧਰਮ ਦਾ ਸਤਿਕਾਰ ਕਰੋ। ਕਣ ਲਈ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ। ਦੂਜੇ ਪਾਸੇ ਬਿਕਰਮ ਸਿੰਘ ਮਜੀਠੀਆ ਵੱਲੋਂ ਅੰਮ੍ਰਿਤਪਾਲ ਸਿੰਘ ਵਿਰੁੱਧ ਦਿੱਤੇ ਬਿਆਨਾਂ ਦੀ ਕਾਂਗਰਸੀ ਐਮ. ਪੀ. ਰਵਨੀਤ ਸਿੰਘ ਬਿੱਟੂ ਨੇ ਖੁਲ੍ਹ ਕੇ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਜਦੋਂ ਬਹੁਤ ਔਖੇ ਦੌਰ ਵਿਚੋਂ ਲੰਘ ਰਿਹਾ ਹੈ, ਉਸ ਵੇਲੇ ਜਦੋਂ ਅਸੀਂ ਹਿੰਦੂ, ਸਿੱਖ, ਮੁਸਲਿਮ, ਇਸਾਈ ਦੇ ਆਪਸੀ ਭਾਈਚਾਰੇ ਦੀ ਗੱਲ ਕਰਾਂਗੇ ਤਾਂ ਇਸ ਦਾ ਬਹੁਤ ਵੱਡਾ ਅਸਰ ਪਵੇਗਾ। ਮਜੀਠੀਆ ਵੱਲੋਂ ਦਿੱਤੇ ਬਿਆਨ 'ਤੇ ਪ੍ਰਤੀਕਿਰਿਆ ਦਿੰਦਿਆਂ ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਭਾਵੇਂ ਸਾਡੀ ਕਿੰਨੀ ਵੀ ਸਿਆਸੀ ਲੜਾਈ ਰਹਿੰਦੀ ਹੈ, ਨਿਜੀ ਬਿਆਨਬਾਜ਼ੀ ਚਲਦੀ ਰਹਿੰਦੀ ਹੈ, ਪਰ ਜਦੋਂ ਵੀ ਕੋਈ ਪੰਜਾਬ ਦੇ ਤੇ ਦੇਸ਼ ਦੇ ਮੁੱਦੇ 'ਤੇ ਗੱਲ ਕਰੇਗਾ, ਮੈਂ ਉਨ੍ਹਾਂ ਨੂੰ ਜੀ ਆਇਆਂ ਕਹਾਂਗਾ। ਸੰਸਦ ਮੈਂਬਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਬਹੁਤ ਪੁਰਾਣੀ ਪਾਰਟੀ ਹੈ, ਇਸ ਲਈ ਇਹ ਬਿਆਨ ਬਹੁਤ ਜ਼ਰੂਰੀ ਸੀ। ਭਾਵੇਂ ਇਹ ਬਿਆਨ ਬਹੁਤ ਦੇਰ ਬਾਅਦ ਆਇਆ ਹੈ, ਪਰ ਜਦੋਂ ਉੱਠੋ ਉਦੋਂ ਹੀ ਸਵੇਰਾ। ਲੋਕਾਂ ਨੇ ਅਕਾਲੀ ਦਲ ਨੂੰ ਇਹ ਬਿਆਨ ਦੇਣ ਲਈ ਮਜਬੂਰ ਕੀਤਾ ਹੈ। ਲੋਕ ਪੁੱਛ ਰਹੇ ਹਨ ਕਿ ਅੰਮ੍ਰਿਤਪਾਲ ਸਿੰਘ ਬਾਰੇ ਸਿਆਸੀ ਪਾਰਟੀਆਂ ਸਖ਼ਤ ਸਟੈਂਡ ਕਿਉਂ ਨਹੀਂ ਲੈ ਰਹੀਆਂ। ਸਿਆਸੀ ਲੀਡਰ ਅੰਮ੍ਰਿਤਪਾਲ ਦੇ ਨਾਂ 'ਤੇ ਬੋਲਣ ਲੱਗਿਆਂ ਡਰਦੇ ਹਨ। ਉਹ ਸਿਰਫ਼ ਇਸ ਡਰ ਤੋਂ ਮੂਹਰੇ ਨਹੀਂ ਆ ਰਹੇ ਕਿ ਕੁੱਝ ਲੋਕ ਸਾਡੇ ਖ਼ਿਲਾਫ਼ ਬੋਲਣਗੇ, ਸਾਡੇ ਘਰ ਫ਼ੋਨ ਆਉਣਗੇ, ਸਾਡੇ ਘਰ ਗੋਲੀਆਂ ਚੱਲ ਜਾਣਗੀਆਂ। ਪਰ ਜੇ ਲੋਕ ਮਰ ਰਹੇ ਹੋਣ ਤਾਂ ਲੀਡਰਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਖੁੱਲ੍ਹ ਕੇ ਅੱਗੇ ਆਉਣ ਤੇ ਲੋਕਾਂ ਨੂੰ ਸੇਧ ਦੇਣ, ਉਹ ਮਾਹੌਲ ਖ਼ਰਾਬ ਹੋਣ ਤੋਂ ਪਹਿਲਾਂ ਸਥਿਤੀ ਨੂੰ ਸੰਭਾਲਣ। ਲੀਡਰ ਹਮੇਸ਼ਾ ਲੋਕਾਂ ਲਈ ਹੁੰਦੇ ਹਨ ਤੇ ਜੇ ਲੋਕਾਂ 'ਤੇ ਭੀੜ ਪੈ ਗਈ ਤਾਂ ਸਾਡਾ ਘਰਾਂ ਵਿਚ ਡਰ ਕੇ ਬਹਿਣਾ ਗ਼ਲਤ ਹੈ। ਰਾਜਾ ਵੜਿੰਗ ਨੇ ਵੀ ਉਸ ਦੇ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਸੀ। ਬਿੱਟੂ ਨੇ ਸ਼੍ਰੋਮਣੀ ਅਕਾਲੀ ਦਲ, ਭਾਜਪਾ ਤੇ ਕਾਂਗਰਸ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਮਸਲੇ 'ਤੇ ਖੁੱਲ੍ਹ ਕੇ ਅੱਗੇ ਆਉਣ।

ਕੁਲ ਮਿਲਾ ਕੇ ਅੰਮ੍ਰਿਤਪਾਲ ਸਿੰਘ ਖਾਲਿਸਤਾਨ ਵਿਰੋਧੀਆਂ ਦੇ ਨਿਸ਼ਾਨੇ ਉਪਰ ਆ ਗਿਆ ਹੈ। ਸ਼ਿਵ ਸੈਨਾ ਨੇ ਪਹਿਲਾਂ ਹੀ ਮੋਰਚਾ ਖੋਲਿਆ ਹੋਇਆ ਹੈ।

# '84 ਸਿੱਖ ਕਤਲੇਆਮ-200 ਮਾਮਲਿਆਂ ਦੀ ਮੁੜ ਘੋਖ ਨਹੀਂ ਕਰੇਗੀ ਐਸ.ਆਈ.ਟੀ.

ਇਨਸਾਫ਼ ਦੀ ਉਡੀਕ ਵਿਚ ਬੈਠੇ 1984 ਦੇ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਦੇ ਹੱਥ ਉਸ ਵੇਲੇ ਮੁੜ ਮਾਯੂਸੀ ਲੱਗੀ ਜਦੋਂ ਇਕ ਵਾਰ ਫਿਰ ਵਿਸ਼ੇਸ਼ ਪੜਤਾਲੀਆ ਟੀਮ ਦੇ 1984 ਨਾਲ ਸੰਬੰਧਿਤ ਕਰੀਬ 200 ਕੇਸਾਂ ਨੂੰ ਮੁੜ ਖੋਲ੍ਹਣ ਦੀ ਸੰਭਾਵਨਾ ਤੋਂ ਇਨਕਾਰ ਕਰ ਦਿੱਤਾ ਹੈ। ਸੇਵਾਮੁਕਤ ਜਸਟਿਸ ਐਸ.ਐਸ. ਢੀਂਗਰਾ ਦੀ ਅਗਵਾਈ ਵਾਲੀ ਦੋ ਮੈਂਬਰੀ ਸਿੱਟ ਦੀ ਇਹ ਰਿਪੋਰਟ ਹਾਲ ਹੀ ਵਿਚ ਸੁਪਰੀਮ ਕੋਰਟ ਵਲੋਂ ਦਾਇਰ ਇਕ ਜਨਹਿਤ ਪਟੀਸ਼ਨ ਦੇ ਮਾਮਲੇ ਵਿਚ ਰਿਕਾਰਡ 'ਤੇ ਲਈ ਗਈ ਹੈ। ਸਾਬਕਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 1984 ਕਤਲੇਆਮ ਦੇ ਸੰਬੰਧ ਵਿਚ 199 ਬੰਦ ਕੀਤੇ ਗਏ ਕੇਸਾਂ ਦੀ ਮੁੜ ਪੜਤਾਲ ਕਰਨ ਨੂੰ ਲੈ ਕੇ ਪਾਈ ਗਈ ਜਨਹਿਤ ਪਟੀਸ਼ਨ ਨੂੰ ਲੈ ਕੇ ਬੀਤੀ 3 ਨਵੰਬਰ ਨੂੰ ਸਿੱਟ ਦੀ ਇਹ ਰਿਪੋਰਟ ਅਦਾਲਤ ਵਿਚ ਪੇਸ਼ ਕੀਤੀ ਗਈ। ਜਿਸ ਵਿਚ ਵਿਸ਼ੇਸ਼ ਪੜਤਾਲੀਆ ਟੀਮ ਨੇ ਹੱਥ ਖੜ੍ਹੇ ਕਰਦਿਆਂ ਕਿਹਾ ਕਿ ਏਨੇ ਪੁਰਾਣੇ ਮਾਮਲਿਆਂ ਦੀ ਮੁੜ ਘੋਖ ਕਰਨਾ ਸੰਭਵ ਨਹੀਂ ਹੈ। ਸਿੱਟ ਵਲੋਂ ਇਹ ਰਿਪੋਰਟ ਅਪ੍ਰੈਲ 2019 ਵਿਚ ਕੇਂਦਰ ਦੇ ਸਪੁਰਦ ਵੀ ਕੀਤੀ ਗਈ ਸੀ। ਜਿਸ ਵਿਚ ਕਿਹਾ ਗਿਆ ਸੀ ਕਿ ਸਜ਼ਾ ਨਾ ਦੇਣ ਦਾ ਮੁੱਖ ਕਾਰਨ ਪੁਲਿਸ ਅਤੇ ਪ੍ਰਸ਼ਾਸਨ ਵਲੋਂ ਦਿਲਚਸਪੀ ਦੀ ਘਾਟ ਹੈ। ਰਿਪੋਰਟ 'ਚ ਸਿੱਟ ਨੇ ਸੁਲਤਾਨਪੁਰੀ ਪੁਲਿਸ ਸਟੇਸ਼ਨ ਵਿਚ ਦਾਇਰ ਇਕ ਐਫ.ਆਈ.ਆਰ. ਦਾ ਹਵਾਲਾ ਦਿੱਤਾ ਗਿਆ,



ਜਿਸ ਵਿਚ ਉਸ ਵੇਲੇ ਦੇ ਪੁਲਿਸ ਡਿਪਟੀ ਕਮਿਸ਼ਨਰ ਨੇ ਅਗਜ਼ਨੀ, ਲੁੱਟ ਖੋਹ, ਜ਼ਖ਼ਮੀ ਅਤੇ ਕਤਲ ਦੀਆਂ 337 ਸ਼ਿਕਾਇਤਾਂ ਨੂੰ ਇਕ ਐਫ. ਆਈ.ਆਰ. 'ਚ ਦਰਜ ਕੀਤਾ ਗਿਆ। ਬਾਅਦ ਵਿਚ ਉਸੇ ਐਫ. ਆਈ. ਆਰ. ਵਿਚ 498 ਅਜਿਹੇ ਹਾਦਸਿਆਂ ਨੂੰ ਇਕੱਠੇ ਕਰ ਕੇ ਪ੍ਰਗਟਾਇਆ ਗਿਆ। ਜਸਟਿਸ ਢੀਂਗਰਾ ਦੀ ਅਗਵਾਈ ਵਾਲੀ ਸਿੱਟ ਨੇ ਇਕ ਪਾਸੇ ਇਸ ਮਾਮਲੇ ਵਿਚ ਹੋਈਆਂ ਅਣਗਹਿਲੀਆਂ ਦਾ ਜ਼ਿਕਰ ਕੀਤਾ ਨਾਲ ਹੀ ਉਸੇ ਆਧਾਰ 'ਤੇ ਅੱਗੇ ਦੀ ਘੋਖ ਦੀ ਸੰਭਾਵਨਾ ਤੋਂ ਵੀ ਇਨਕਾਰ ਕਰਦਿਆਂ ਰਿਪੋਰਟ ਵਿਚ ਕਿਹਾ ਗਿਆ ਕਿ ਪੜਤਾਲ ਦੇ ਨਾਂਅ 'ਤੇ ਕੁਝ ਵੀ ਨਹੀਂ ਕੀਤਾ ਗਿਆ। ਰਿਪੋਰਟ 'ਚ ਅੱਗੇ ਇਹ ਵੀ ਕਿਹਾ ਗਿਆ ਕੇਸ ਲਈ ਇਸ ਪੂਰੇ ਕੇਸ ਲਈ ਸਿਰਫ਼ ਇਕ ਪੜਤਾਲੀਆ ਅਧਿਕਾਰੀ ਨਿਯੁਕਤ ਕੀਤਾ ਗਿਆ। ਤਕਰਬੀਨ 500 ਮਾਮਲਿਆਂ ਵਿਚ ਜੁਰਮ ਦੀ ਪੜਤਾਲ ਲਈ ਹਰ ਗਵਾਹ ਤੋਂ ਪੁਛ ਪੜਤਾਲ ਲਈ ਹਰ ਗਵਾਹ ਤੋਂ ਪੁੱਛ-ਪੜਤਾਲ ਕਰਨਾ, ਚਲਾਨ ਬਣਾਉਣ ਅਤੇ ਸਾਰੇ ਮੁਲਜ਼ਮਾਂ ਨੂੰ ਅਦਾਲਤ ਅੰਗੇ ਪੇਸ਼ ਕਰਨਾ, ਕਿਸੇ ਵੀ ਇਕ ਅਧਿਕਾਰੀ ਲਈ ਨਾਮੁਮਕਿਨ ਹੈ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਸੀ ਕਿ ਹੇਠਲੀ ਅਦਾਲਤ ਵਲੋਂ ਬਹੁਤ ਸਾਰੇ ਮਾਮਲੇ ਇਹ ਕਹਿ ਕੇ ਵੀ ਬੰਦ ਕਰ ਦਿੱਤੇ ਗਏ ਕਿ ਜਿਨ੍ਹਾਂ 'ਚ ਜਾਣਕਾਰੀ ਪੀੜਤ ਵਲੋਂ ਨਹੀਂ ਦਿੱਤੀ ਗਈ, ਸਗੋਂ ਪੁਲਿਸ ਅਧਿਕਾਰੀਆਂ ਵਲੋਂ ਐਸ.ਐਚ.ਓ. ਨੂੰ ਦਿੱਤੀ ਗਈ ਜਾਣਕਾਰੀ ਨੂੰ ਜਿਸ ਵਿਚ ਆਧਾਰ ਬਣਾਇਆ ਗਿਆ ਸੀ। ਰਿਪੋਰਟ ਵਿਚ ਸਮੇਂ ਨੂੰ ਵੀ ਵੱਡਾ ਆਧਾਰ ਦੱਸਦਿਆ ਕਿਹਾ ਗਿਆ ਸੀ 25 ਸਾਲ ਤੋਂ ਵੱਧ ਸਮਾਂ ਲੰਘਣ ਤੋਂ ਬਾਅਦ ਇਨ੍ਹਾਂ ਰਿਕਾਰਡਾਂ ਦੀ ਮੁੜ ਬਣਤਰ ਕਰਕੇ ਉਨ੍ਹਾਂ 'ਤੇ ਵਿਚਾਰ ਕਰਨਾ ਸੰਭਵ ਨਹੀਂ ਹੈ।

(ਬਾਕੀ ਸਫ਼ਾ 31 'ਤੇ)

# ਪੱਕੇ ਨਿਵਾਸੀ ਹੁਣ ਕੈਨੇਡਾ ਦੀ ਫ਼ੌਜ ਵਿਚ ਭਰਤੀ ਹੋ ਸਕਣਗੇ, ਫ਼ੌਜ 'ਚ ਹਜ਼ਾਰਾਂ ਅਸਾਮੀਆਂ ਖਾਲੀ

ਕੈਨੇਡਾ ਦੇ ਹਥਿਆਰਬੰਦ ਬਲਾਂ (ਸੀਏਐਫ) ਨੇ ਐਲਾਨ ਕੀਤਾ ਹੈ ਕਿ ਪੱਕੇ ਨਿਵਾਸੀ (ਪੀਆਰ ਧਾਰਕ) ਜਿਨ੍ਹਾਂ ਵਿਚ ਵੱਡੀ ਗਿਣਤੀ ਭਾਰਤੀ ਵੀ ਸ਼ਾਮਲ ਹਨ, ਹੁਣ ਦੇਸ਼ ਦੀ ਫ਼ੌਜ ਵਿਚ ਭਰਤੀ ਹੋ ਸਕਣਗੇ।

ਇਕ ਮੀਡੀਆ ਰਿਪੋਰਟ ਮੁਤਾਬਕ ਮੁਲਕ ਦੀ ਫ਼ੌਜ ਵਿਚ ਭਰਤੀ ਦਾ ਪੱਧਰ ਬਹੁਤ ਨੀਵਾਂ ਹੈ। ਜ਼ਿਕਰਯੋਗ ਹੈ ਕਿ ਪੰਜ ਸਾਲ ਪਹਿਲਾਂ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰਸੀਐਮਪੀ) ਨੇ ਵੀ 'ਵੇਲਾ ਵਿਹਾਅ ਚੁੱਕੇ ਭਰਤੀ ਨਿਯਮਾਂ' ਵਿਚ ਬਦਲਾਅ ਕਰ ਕੇ ਪੀਆਰ ਹੋਲਡਰਾਂ ਨੂੰ ਪੁਲਿਸ ਵਿਚ ਭਰਤੀ ਹੋਣ ਦੀ ਇਜਾਜ਼ਤ ਦੇ ਦਿੱਤੀ ਸੀ। ਉਹ ਪੱਕੇ ਨਿਵਾਸੀ ਜੋ ਕੈਨੇਡਾ ਵਿਚ ਪਿਛਲੇ ਦਸ ਸਾਲਾਂ ਤੋਂ ਰਹਿ ਰਹੇ ਨੇ, ਪੁਲੀਸ ਵਿਚ ਭਰਤੀ ਹੋ ਸਕਦੇ ਹਨ। ਪੀਆਰ ਵਾਲਿਆਂ ਨੂੰ ਇਸ ਤੋਂ ਪਹਿਲਾਂ ਸਿਰਫ਼ 'ਹੁਨਰਮੰਦ ਫ਼ੌਜੀ ਵਿਦੇਸ਼ੀ ਅਰਜ਼ੀਕਰਤਾ' ਦਾਖਲਾ ਪ੍ਰੋਗਰਾਮ ਤਹਿਤ ਹੀ ਫ਼ੌਜ ਵਿਚ ਭਰਤੀ ਦਾ ਹੱਕ ਮਿਲਦਾ ਸੀ। ਇਹ ਪ੍ਰੋਗਰਾਮ ਵੀ ਉਨ੍ਹਾਂ ਲਈ ਸੀ ਜੋ ਸਿਖ਼ਲਾਈ ਦੇ ਖ਼ਰਚੇ ਨੂੰ ਘਟਾਉਂਦੇ ਹੋਣ ਜਾਂ ਕੋਈ ਵਿਸ਼ੇਸ਼ ਲੋੜ ਪੂਰੀ ਕਰਦੇ ਹੋਣ ਜਿਵੇਂ ਕਿ ਸਿਖ਼ਲਾਈ ਪ੍ਰਾਪਤ ਪਾਇਲਟ ਜਾਂ ਡਾਕਟਰ। ਵਰਤਮਾਨ ਨੇਮਾਂ ਮੁਤਾਬਕ ਫ਼ੌਜ ਵਿਚ ਜਾਣ ਲਈ ਉਮੀਦਵਾਰ ਕੈਨੇਡਾ ਦਾ ਨਾਗਰਿਕ ਹੋਣਾ ਚਾਹੀਦਾ ਹੈ ਤੇ 18 ਸਾਲ ਤੋਂ ਵੱਧ ਦਾ ਹੋਣਾ ਚਾਹੀਦਾ ਹੈ। ਹਾਲਾਂਕਿ ਮਾਪਿਆਂ ਦੀ ਸਹਿਮਤੀ ਨਾਲ ਉਹ 16ਸਾਲ ਦੀ ਉਮਰ ਵਿਚ ਵੀ ਫ਼ੌਜ ਦਾ ਹਿੱਸਾ ਬਣ ਸਕਦਾ ਹੈ। ਉਸ ਕੋਲ ਗਰੇਡ 10 ਜਾਂ 12 ਤੱਕ ਦੀ ਸਿੱਖਿਆ ਹੋਣੀ ਚਾਹੀਦੀ ਹੈ ਜੋ ਕਿ ਇਸ ਗੱਲ ਉਤੇ ਨਿਰਭਰ ਕਰੇਗਾ ਕਿ ਉਹ ਕਿਹੜੇ ਅਹੁਦੇ ਲਈ ਜਾਣਾ ਚਾਹੁੰਦਾ ਹੈ। ਇਹੀ ਨਿਯਮ ਪੀਆਰ ਧਾਰਕਾਂ ਉਤੇ ਲਾਗੂ ਹੋਣਗੇ। ਦੱਸਣਯੋਗ ਹੈ ਕਿ ਕੈਨੇਡਾ ਵੱਲੋਂ ਸਾਲ 2025 ਦੇ ਅੰਤ ਤੱਕ ਹਰ ਸਾਲ ਪੰਜ ਲੱਖ ਲੋਕਾਂ ਨੂੰ ਪੀਆਰ ਦੇਣ ਦੀ ਯੋਜਨਾ ਬਣਾਈ ਗਈ ਹੈ। ਇਸ ਤਰ੍ਹਾਂ ਫ਼ੌਜ ਨੂੰ ਵੱਡੀ ਗਿਣਤੀ ਵਿਚ ਉਮੀਦਵਾਰ ਮਿਲ ਜਾਣਗੇ। ਸੰਨ 2021 ਵਿਚ ਕਰੀਬ ਇਕ ਲੱਖ ਭਾਰਤੀ ਕੈਨੇਡਾ ਦੇ ਪੱਕੇ ਨਿਵਾਸੀ ਬਣੇ ਹਨ। ਕੈਨੇਡਾ ਆ ਰਹੇ ਪੰਜ ਲੋਕਾਂ ਵਿਚੋਂ ਇਕ ਭਾਰਤ ਵਿਚ ਜੰਮਿਆ ਹੈ।



ਸੀਏਐਫ ਨੇ ਸਤੰਬਰ ਵਿਚ ਕਿਹਾ ਸੀ ਕਿ ਫ਼ੌਜ ਵਿਚ ਹਜ਼ਾਰਾਂ ਖਾਲੀ ਅਸਾਮੀਆਂ ਹਨ। ਉਨ੍ਹਾਂ ਕਿਹਾ ਸੀ ਕਿ ਇਸ ਸਾਲ 5,900 ਮੈਂਬਰਾਂ ਦੀ ਲੋੜ ਹੈ। ਮਾਰਚ ਮਹੀਨੇ ਕੈਨੇਡਾ ਦੀ ਰੱਖਿਆ ਮੰਤਰੀ ਅਨੀਤਾ ਆਨੰਦ ਨੇ ਕਿਹਾ ਸੀ ਕਿ ਯੂਕਰੇਨ ਜੰਗ ਦੇ ਮੱਦੇਨਜ਼ਰ ਵਧੀ ਆਲਮੀ ਮੰਗ ਕਾਰਨ ਕੈਨੇਡੀਅਨ ਫ਼ੌਜੀਆਂ ਦੀ ਗਿਣਤੀ ਵਿਚ ਵਾਧੇ ਦੀ ਲੋੜ ਹੈ।

# ਸੌਦਾ ਸਾਧ ਦੇ ਹੱਕ ਵਿਚ ਹਾਈਕੋਰਟ ਨੇ ਫੈਸਲਾ ਦਿਤਾ

## ਕੋਰਟ ਨੇ ਵਕੀਲ ਦੀ ਪੈਰੋਲ ਰੱਦ ਕਰਨ ਬਾਰੇ ਪਟੀਸ਼ਨ ਹੀ ਰੱਦ ਕਰ ਦਿੱਤੀ



ਸਿਰਸਾ/ਏ.ਟੀ.ਨਿਊਜ਼ :- ਹਰਿਆਣਾ ਹਾਈ ਕੋਰਟ ਨੇ ਸਿਰਸਾ ਸਥਿਤ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਵੱਡੀ ਰਾਹਤ ਦਿੱਤੀ ਹੈ। ਕੋਰਟ ਨੇ ਪੈਰੋਲ ਰੱਦ ਕਰਨ ਨੂੰ ਲੈ ਕੇ ਇਕ ਵਕੀਲ ਦੀ ਪਟੀਸ਼ਨ ਨੂੰ ਬੀਤੇ ਸੋਮਵਾਰ ਨੂੰ ਰੱਦ ਕਰ ਦਿੱਤੀ ਸੀ। ਡੇਰਾ ਮੁਖੀ ਇਕ ਪੱਤਰਕਾਰ ਅਤੇ ਪੈਰੋਕਾਰ ਦੇ ਕਤਲ ਸਮੇਤ ਹੋਰ ਮਾਮਲਿਆਂ 'ਚ ਸੁਨਾਰੀਆ ਜੇਲ੍ਹ ਵਿਚ ਬੰਦ ਹੈ, ਜਿਸ ਨੂੰ ਜੇਲ੍ਹ ਪ੍ਰਸ਼ਾਸਨ ਤੋਂ ਪਿਛਲੀ 15 ਅਕਤੂਬਰ ਨੂੰ 40 ਦਿਨਾਂ ਦੀ ਪੈਰੋਲ ਮਿਲੀ ਸੀ। ਪੈਰੋਲ ਮਿਲਣ ਤੋਂ ਬਾਅਦ ਡੇਰਾ ਮੁਖੀ ਉੱਤਰ ਪ੍ਰਦੇਸ਼ ਦੇ ਬਰਨਾਵਾ ਸਥਿਤ ਡੇਰਾ ਬਰਾਂਚ ਵਿਚ ਰੁਕਿਆ ਹੈ ਅਤੇ ਇੱਥੋਂ ਦੇਸ਼-ਵਿਦੇਸ਼ ਦੇ ਆਪਣੇ ਪੈਰੋਕਾਰਾਂ ਨਾਲ ਆਨਲਾਈਨ ਰੂ-ਬ-ਰੂ ਹੋ ਰਿਹਾ ਹੈ।ਦੱਸਣਯੋਗ ਹੈ ਕਿ ਗੁਰਮੀਤ ਰਾਮ ਰਹੀਮ ਡੇਰਾ ਦੇ ਸਿਰਸਾ ਸਥਿਤ ਹੈੱਡਕੁਆਰਟਰ ਵਿਚ ਆਪਣੇ ਆਸ਼ਰਮ 'ਤੇ ਦੋ ਸਾਧਵੀਆਂ ਨਾਲ ਯੌਨ ਸ਼ੋਸ਼ਣ ਦੇ ਦੋਸ਼ ਵਿਚ 20 ਸਾਲ ਦੀ ਸਜ਼ਾ ਭੁਗਤ ਰਿਹਾ ਹੈ। ਉਸ ਨੂੰ ਅਗਸਤ 2017 ਵਿਚ ਸੀ.ਬੀ.ਆਈ. ਦੀ ਇਕ ਵਿਸ਼ੇਸ਼ ਅਦਾਲਤ ਨੇ ਦੋਸ਼ੀ ਠਹਿਰਾਇਆ ਸੀ। ਗੁਰਮੀਤ ਰਾਮ ਰਹੀਮ ਨੂੰ 2022 ਵਿਚ ਡੇਰਾ ਪ੍ਰਬੰਧਕ ਰੰਜੀਤ ਸਿੰਘ ਦੇ ਕਤਲ ਦੀ ਸਾਜਿਸ਼ ਰੱਚਣ ਲਈ ਪਿਛਲੇ ਸਾਲ 4 ਹੋਰ ਲੋਕਾਂ ਨਾਲ ਦੋਸ਼ੀ ਠਹਿਰਾਇਆ ਗਿਆ ਸੀ।

# ਪੰਜਾਬ ਦਾ ਮਾਈਨਿੰਗ ਕਿੰਗ ਰਕੇਸ਼ ਚੌਧਰੀ ਜੰਮੂ ਗ੍ਰਿਫ਼ਤਾਰ

## ਕੈਪਟਨ ਤੇ ਚੰਨੀ ਸਰਕਾਰ ਵੇਲੇ ਚਲਦਾ ਸੀ ਇਸ ਦਾ ਸਿੱਕਾ



ਰੂਪਨਗਰ/ਏ.ਟੀ.ਨਿਊਜ਼ :- ਪੰਜਾਬ ਵਿਚ ਮਾਈਨਿੰਗ ਕਿੰਗ ਵਜੋਂ ਜਾਣਿਆ ਜਾਂਦਾ ਠੇਕੇਦਾਰ ਰਕੇਸ਼ ਕੁਮਾਰ ਚੌਧਰੀ ਜੰਮੂ ਨੂੰ ਸੀ. ਆਈ. ਏ. ਸਟਾਫ਼ ਰੂਪਨਗਰ ਦੀ ਟੀਮ ਗ੍ਰਿਫ਼ਤਾਰ ਕਰ ਲਿਆ। ਜਿਸ ਉੱਤੇ ਪਿੰਡ ਸੈਂਸੋਵਾਲ ਦੀ ਡੀਸਿਲਟਿੰਗ ਸਾਈਟ ਤੇ ਨਾਜਾਇਜ਼ ਮਾਈਨਿੰਗ ਕਰਨ ਦੇ ਦੋਸ਼ਾਂ ਹੇਠ ਨੰਗਲ ਥਾਣੇ ਵਿਚ 2 ਨਵੰਬਰ 2022 ਨੂੰ ਐਫ. ਆਈ. ਆਰ. ਦਰਜ ਹੋਈ ਸੀ। ਡੀ. ਐਸ. ਪੀ. (ਡੀ) ਤਲਵਿੰਦਰ ਸਿੰਘ ਗਿੱਲ ਅਤੇ ਡੀ. ਐਸ. ਪੀ. (ਆਰ) ਤਰਲੋਚਨ ਸਿੰਘ ਦੀ ਅਗਵਾਈ ਹੇਠ ਸੀ. ਆਈ. ਏ. ਇੰਚਾਰਜ ਇੰਸਪੈਕਟਰ ਸਤਨਾਮ ਸਿੰਘ ਅਤੇ ਨੰਗਲ ਥਾਣੇ ਦੀ ਪੁਲਿਸ ਨੇ ਚੌਧਰੀ ਦੀ ਨਿਸ਼ਾਨਦੇਹੀ 'ਤੇ ਗਿਆਨੀ ਜ਼ੈਲ ਸਿੰਘ ਨਗਰ (ਰੂਪਨਗਰ) ਸਥਿਤ ਦਫ਼ਤਰ 'ਤੇ ਛਾਪਾ ਮਾਰਿਆ ਅਤੇ ਬੰਦ ਪਏ ਸ਼ਟਰ ਖੁਲ੍ਹਵਾ ਕੇ ਅੰਦਰੋ ਖ਼ਾਲੀ ਰਸੀਦ ਬੁੱਕਾਂ, ਕੰਪਿਊਟਰ, ਲੈਪਟਾਪ, ਪ੍ਰਿੰਟਰ ਅਤੇ ਹੋਰ ਰਿਕਾਰਡ ਕਬਜ਼ੇ ਵਿਚ ਲੈ ਲਏ। ਪਤਾ ਲਗਾ ਹੈ ਕਿ ਕਰੀਬ ਦੋ ਸਾਲ ਪਹਿਲਾਂ ਤਿੰਨ ਮੰਜ਼ਿਲਾਂ ਇਸ ਦਫ਼ਤਰ ਵਿਚ ਖ਼ੂਬ ਰੌਣਕਾਂ ਲੱਗਦੀਆਂ ਸਨ ਜਿੱਥੇ ਮਾਈਨਿੰਗ ਦੇ ਕਾਰੋਬਾਰ 'ਚ ਸ਼ਾਮਲ ਕੁਝ ਸ਼੍ਰੋਮਣੀ ਕਮੇਟੀ ਮੈਂਬਰ, ਸਿਆਸੀ ਆਗੂ ਅਤੇ ਮਹਿੰਗੀਆਂ ਕਾਰਾਂ ਵਿਚ ਘੁੰਮਣ ਵਾਲੇ ਵਿਅਕਤੀ ਮੀਟਿੰਗਾਂ ਕਰਦੇ ਸਨ ਅਤੇ ਇੱਥੇ ਹੀ ਜ਼ਿਲ੍ਹੇ ਦੇ ਕਰੈਸ਼ਰ ਕਾਰੋਬਾਰੀਆਂ ਨੂੰ ਰਾਇਲਟੀ ਦੇ ਭਾਅ ਤੈਅ ਕਰਨ ਲਈ ਹਾਜ਼ਰੀ ਭਰਨੀ ਪੈਂਦੀ ਸੀ। ਹੈਰਾਨੀ ਦੀ ਗੱਲ ਹੈ ਕਿ ਕਈ ਪੁਲਿਸ ਅਫ਼ਸਰ ਵੀ ਇਸ ਦਫ਼ਤਰ ਵਿਚ ਆਉਂਦੇ ਸਨ ਅਤੇ ਕੁਝ ਤਾਂ ਵਰਦੀ ਪਾ ਕੇ ਵੀ ਆ ਜਾਂਦੇ ਸਨ। ਪੁਲਿਸ ਦੀ ਸੁਰੱਖਿਆ ਛਤਰੀ 'ਚ ਰਹਿਣ ਵਾਲੇ ਚੌਧਰੀ ਦੀ ਰੂਪਨਗਰ ਜ਼ਿਲ੍ਹੇ ਵਿਚ ਤੂਤੀ ਬੋਲਦੀ ਸੀ ਜਿਸ ਤੋਂ ਬਗੈਰ ਮਾਈਨਿੰਗ ਵਿਭਾਗ ਅਤੇ ਪੁਲਿਸ ਕਾਰਵਾਈ ਕਰਨ ਤੋਂ ਵੀ ਟਲਦੇ ਸਨ।

**(ਬਾਕੀ ਸਫ਼ਾ 30 'ਤੇ)**

## ਮਾਨ ਅਗਲੀਆਂ ਲੋਕ ਸਭਾ ਚੋਣਾਂ ਸ੍ਰੀਨਗਰ ਤੋਂ ਲੜੇਗਾ



ਕਠੂਆ/ਏ.ਟੀ.ਨਿਊਜ਼ :- ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕੇਂਦਰ ਸਰਕਾਰ 'ਤੇ ਕਸ਼ਮੀਰ 'ਚ ਦਾਖਲੇ ਤੋਂ ਇਨਕਾਰ ਕੀਤੇ ਜਾਣ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਹੈ ਕਿ ਉਹ 2024 ਦੀਆਂ ਲੋਕ ਸਭਾ ਚੋਣਾਂ ਸ੍ਰੀਨਗਰ ਤੋਂ ਲੜਨ ਜਾ ਰਹੇ ਹਨ। ਪੰਜਾਬ ਦੇ ਸੰਗਰੂਰ ਤੋਂ ਸੰਸਦ ਮੈਂਬਰ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਸਾਹਮਣੇ ਪੇਸ਼ ਹੋਣ ਲਈ ਕਠੂਆ ਪੁੱਜੇ ਸਨ, ਪਰ ਉਨ੍ਹਾਂ ਨੂੰ ਹੋਟਲ ਤੋਂ ਬਾਹਰ ਨਹੀਂ ਜਾਣ ਦਿੱਤਾ ਗਿਆ। ਹਾਲਾਂਕਿ ਉਨ੍ਹਾਂ ਦੇ ਨੁਮਾਇੰਦੇ ਅਦਾਲਤ ਵਿਚ ਪੇਸ਼ ਹੋਏ। ਕੇਸ ਦੀ ਸੁਣਵਾਈ 29 ਨਵੰਬਰ ਨੂੰ ਹੋਵੇਗੀ। ਮਾਨ ਨੇ ਕਿਹਾ ਕਿ ਉਹ ਕਸ਼ਮੀਰ ਦੀ ਅਜ਼ਾਦੀ ਲਈ ਲੜਨਗੇ।

# ਅੰਮ੍ਰਿਤਸਰ ਦਾ ਕੌਮਾਂਤਰੀ ਹਵਾਈ ਅੱਡਿਆਂ ਨਾਲ ਸੰਪਰਕ ਵਿਚ ਇਜਾਫਾ

ਅੰਮ੍ਰਿਤਸਰ/ਏ.ਟੀ.ਨਿਊਜ਼ :- ਇੱਥੋਂ ਦਾ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਆਉਣ ਵਾਲੀਆਂ ਸਰਦੀਆਂ ਲਈ 6 ਮੁਲਕਾਂ ਦੇ 9 ਕੌਮਾਂਤਰੀ ਅਤੇ ਭਾਰਤ ਦੇ 11 ਘਰੇਲੂ ਹਵਾਈ ਅੱਡਿਆਂ ਨਾਲ ਸਿੱਧੀਆਂ ਉਡਾਣਾਂ ਰਾਹੀਂ ਜੁੜ ਗਿਆ ਹੈ। ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਸਕੱਤਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਭਾਰਤੀ ਏਅਰਲਾਈਨ ਸਪਾਈਸਜੈੱਟ ਵੱਲੋਂ ਨਵੰਬਰ ਦੇ ਪਹਿਲੇ ਹਫ਼ਤੇ ਤੋਂ ਇਟਲੀ ਦੇ ਰੋਮ ਅਤੇ ਮਿਲਾਨ ਬਰਗਾਮੋ ਹਵਾਈ ਅੱਡੇ ਲਈ ਸਿੱਧੀਆਂ ਉਡਾਣਾਂ ਸ਼ੁਰੂ ਹੋਣ ਨਾਲ ਅੰਮ੍ਰਿਤਸਰ ਦੇ ਅੰਤਰਰਾਸ਼ਟਰੀ ਹਵਾਈ ਸੰਪਰਕ ਨੂੰ ਹੋਰ ਹੁਲਾਰਾ ਮਿਲਿਆ ਹੈ। ਯੂਰਪ, ਯੂ.ਕੇ. ਅਤੇ ਉੱਤਰੀ ਅਮਰੀਕਾ ਨਾਲ ਅੰਮ੍ਰਿਤਸਰ ਦੇ ਵਿਸਤ੍ਰਿਤ ਹਵਾਈ ਸੰਪਰਕ ਬਾਰੇ ਉਨ੍ਹਾਂ ਦੱਸਿਆ ਕਿ ਏਅਰ ਇੰਡੀਆ 16 ਨਵੰਬਰ ਤੋਂ ਬਰਮਿੰਘਮ-ਅੰਮ੍ਰਿਤਸਰ ਦਰਮਿਆਨ ਸਿੱਧੀਆਂ ਉਡਾਣਾਂ ਦੀ ਮੌਜੂਦਾ ਗਿਣਤੀ ਨੂੰ ਹਫ਼ਤੇ ਵਿੱਚ 2 ਤੋਂ ਵਧਾ ਕੇ 3 ਕਰ ਰਹੀ ਹੈ। ਇਸੇ ਤਰ੍ਹਾਂ ਲੰਡਨ-ਹੀਥਰੋ ਲਈ ਵੀ ਹਫ਼ਤੇ ਵਿੱਚ 3 ਸਿੱਧੀਆਂ ਉਡਾਣਾਂ ਦਾ ਸੰਚਾਲਨ ਕੀਤਾ ਜਾਵੇਗਾ। ਕਤਰ ਏਅਰਵੇਜ਼ ਦੋਹਾ ਰਾਹੀਂ ਅਮਰੀਕਾ, ਕੈਨੇਡਾ, ਯੂਰਪ ਅਤੇ ਹੋਰਨਾਂ ਮੁਲਕਾਂ ਤੋਂ ਛੁੱਟੀਆਂ ਮਨਾਉਣ ਲਈ ਪੰਜਾਬ ਆਉਣ ਵਾਲੇ ਪਰਵਾਸੀ ਪੰਜਾਬੀਆਂ ਲਈ ਰੋਜ਼ਾਨਾ ਸਿੱਧੀ ਉਡਾਣ ਨਾਲ ਸੁਵਿਧਾਜਨਕ ਸੰਪਰਕ ਦੇ ਬਦਲ ਦੇ ਰਹੀ ਹੈ। ਉਨ੍ਹਾਂ ਦੱਸਿਆ ਕਿ ਏਅਰ ਇੰਡੀਆ ਵਲੋਂ ਦਿੱਲੀ-ਅੰਮ੍ਰਿਤਸਰ ਦਰਮਿਆਨ ਉਡਾਣਾਂ ਦੀ ਗਿਣਤੀ ਵਧਾਈ ਗਈ ਹੈ।

### ਮਾਮਲਾ ਸ਼ਿਵ ਸੈਨਾ ਆਗੂ ਸੂਰੀ ਦੇ ਕਤਲ ਦਾ

# ਸੰਦੀਪ ਸਿੰਘ ਦੇ ਰਿਮਾਂਡ ਵਿਚ ਮੁੜ ਵਾਧਾ






ਅੰਮ੍ਰਿਤਸਰ/ਏ.ਟੀ.ਨਿਊਜ਼ :- ਸ਼ਿਵ ਸੈਨਾ ਆਗੂ ਸੁਧੀਰ ਸੂਰੀ ਕਤਲ ਮਾਮਲੇ ਵਿਚ ਗ੍ਰਿਫਤਾਰ ਕੀਤੇ ਗਏ ਸੰਦੀਪ ਸਿੰਘ ਸੰਨੀ ਦਾ ਪੁਲਿਸ ਰਿਮਾਂਡ ਖਤਮ ਹੋਣ ਮਗਰੋਂ ਉਸ ਨੂੰ ਮੁੜ ਅਦਾਲਤ ਵਿੱਚ ਪੇਸ਼ ਕੀਤਾ ਗਿਆ ਜਿਥੇ ਅਦਾਲਤ ਨੇ ਦੋਹਾਂ ਧਿਰਾਂ ਦਾ ਪੱਖ ਸੁਣਨ ਤੋਂ ਬਾਅਦ ਉਸ ਨੂੰ ਮੁੜ ਦੋ ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ।ਪੁਲਿਸ ਵੱਲੋਂ ਅਦਾਲਤ ਕੋਲੋਂ ਚਾਰ ਦਿਨ ਦਾ ਰਿਮਾਂਡ ਮੰਗਿਆ ਗਿਆ ਸੀ। ਪੁਲਿਸ ਨੇ ਅਦਾਲਤ ਨੂੰ ਦੱਸਿਆ ਕਿ ਸੰਦੀਪ ਸਿੰਘ ਦੇ ਮੋਬਾਈਲ ਦੀ ਫੋਰੈਂਸਿਕ ਜਾਂਚ ਦੀ ਰਿਪੋਰਟ ਨੂੰ ਪੁਲਿਸ ਵੱਲੋਂ ਘੋਖਿਆ ਜਾਣਾ ਹੈ। ਪੁਲਿਸ ਨੇ ਇਸ ਜਾਂਚ ਰਿਪੋਰਟ ਵਿਚ 81 ਨੰਬਰ ਅਜਿਹੇ ਪਾਏ ਹਨ ਜਿਨ੍ਹਾਂ 'ਤੇ ਉਸ ਨੇ ਸਾਲ ਭਰ ਵਿਚ ਕਈ ਵਾਰ ਗੱਲਬਾਤ ਕੀਤੀ ਹੈ, ਇਨ੍ਹਾਂ ਵਿੱਚੋਂ ਕਈ ਨੰਬਰ ਵਿਦੇਸ਼ ਦੇ ਵੀ ਹਨ। ਅਦਾਲਤ ਵਿਚ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਵੀ ਪੁੱਜੇ ਜਿਨ੍ਹਾਂ ਜੈਕਾਰੇ ਗੁੰਜਾਏ। ਸੰਦੀਪ ਸਿੰਘ ਨੇ ਕਿਹਾ ਕਿ ਹਰੇਕ ਸਿੱਖ ਦਾ ਫਰਜ ਹੈ ਕਿ ਪੰਜਾਬ ਤੇ ਪੰਥ ਦੀ ਚੜ੍ਹਦੀ ਕਲਾ ਲਈ ਸਰਗਰਮ ਰਹੇ।

# ਪੰਜਾਬੀ ਸਾਹਿਤ ਅਕਾਦਮੀ ਨੇ 12 ਲੇਖਕਾਂ ਦਾ ਕੀਤਾ ਸਨਮਾਨ



ਲੁਧਿਆਣਾ/ਏ.ਟੀ.ਨਿਊਜ਼ :- ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਪੰਜਾਬੀ ਭਵਨ ਵਿੱਚ ਕਰਵਾਏ ਇਕ ਸਮਾਰੋਹ ਦੌਰਾਨ 12 ਉੱਘੇ ਲੇਖਕਾਂ ਦਾ ਸਨਮਾਨ ਕੀਤਾ ਗਿਆ। ਸਮਾਗਮ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. ਅਰਵਿੰਦ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜਦੋਂ ਕਿ ਪ੍ਰਧਾਨਗੀ ਮੰਡਲ 'ਚ ਪੰਜਾਬੀ ਦੇ ਪ੍ਰਸਿੱਧ ਕਵੀ ਡਾ. ਸੁਰਜੀਤ ਪਾਤਰ, ਬਲਦੇਵ ਸਿੰਘ ਸੜਕਨਾਮਾ, ਪ੍ਰੋ. ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਸਿੰਘ ਭੱਠਲ, ਡਾ. ਲਖਵਿੰਦਰ ਸਿੰਘ ਜੌਹਲ ਅਤੇ ਡਾ. ਗੁਰਇਕਬਾਲ ਸਿੰਘ ਆਦਿ ਨੇ ਸ਼ਮੂਲੀਅਤ ਕਰਦਿਆਂ ਪੁਰਸਕਾਰ ਭੇਟ ਕਰਨ ਦੀ ਰਸਮ ਅਦਾ ਕੀਤੀ। ਇਸ ਦੌਰਾਨ ਡਾ. ਤੇਜਵੰਤ ਸਿੰਘ ਗਿੱਲ ਅਤੇ ਡਾ. ਈਸ਼ਵਰ ਦਿਆਲ ਗੌੜ ਨੂੰ 'ਡਾ. ਰਵਿੰਦਰ ਸਿੰਘ ਰਵੀ ਯਾਦਗਾਰੀ ਪੁਰਸਕਾਰ', ਹਰਭਜਨ ਸਿੰਘ ਹੁੰਦਲ ਅਤੇ ਡਾ. ਸਵਰਾਜਬੀਰ ਨੂੰ 'ਕਾਮਰੇਡ ਜਗਜੀਤ ਸਿੰਘ ਆਨੰਦ ਯਾਦਗਾਰੀ ਵਾਰਤਕ ਪੁਰਸਕਾਰ' ਅਤੇ ਸਾਂਵਲ ਧਾਮੀ, ਡਾ. ਗਗਨਦੀਪ ਸ਼ਰਮਾ, ਡਾ. ਸਰਘੀ ਅਤੇ ਸਰਬਜੀਤ ਕੌਰ ਜੱਸ ਨੂੰ 'ਜਗਜੀਤ ਸਿੰਘ ਲਾਇਲਪੁਰੀ ਯਾਦਗਾਰੀ ਪੁਰਸਕਾਰ' ਭੇਟ ਕੀਤਾ ਗਿਆ। ਰਘਬੀਰ ਸਿੰਘ ਭਰਤ, ਅਤਰਜੀਤ ਅਤੇ ਡਾ. ਕੁਲਦੀਪ ਸਿੰਘ ਨੂੰ 'ਮੱਲ ਸਿੰਘ ਰਾਮਪੁਰੀ ਯਾਦਗਾਰੀ ਪੁਰਸਕਾਰ' ਅਤੇ ਪਲੇਠਾ 'ਕਰਤਾਰ ਸਿੰਘ ਸ਼ਮਸ਼ੇਰ ਯਾਦਗਾਰੀ ਪੁਰਸਕਾਰ' ਕਿਰਪਾਲ ਸਿੰਘ ਕਜ਼ਾਕ ਨੂੰ ਦਿੱਤਾ ਗਿਆ। ਲੇਖਕਾਂ ਦੇ ਸਨਮਾਨ ਵਿੱਚ ਸਾਰਿਆਂ ਨੂੰ ਇੱਕੀ-ਇੱਕੀ ਹਜ਼ਾਰ ਰੁਪਏ, ਦੋਸ਼ਾਲੇ, ਪੁਸਤਕਾਂ ਦੇ ਸੈੱਟ ਅਤੇ ਸ਼ੋਭਾ ਪੱਤਰ ਭੇਟ ਕੀਤੇ ਗਏ।

ਇਸ ਮੌਕੇ ਮੁੱਖ ਮਹਿਮਾਨ ਪ੍ਰੋ. ਅਰਵਿੰਦ ਨੇ ਆਖਿਆ ਕਿ ਸਰਕਾਰਾਂ ਅਤੇ ਦੇਸ਼ ਬਣਦੇ-ਟੁੱਟਦੇ ਰਹਿੰਦੇ ਹਨ ਪਰ ਸਾਹਿਤਕ ਸੰਸਥਾਵਾਂ ਨੇ ਉਮਰਾਂ ਤੱਕ ਵਿਚਰਨਾ ਹੁੰਦਾ ਹੈ। ਇਸ ਲਈ ਅਕਾਦਮਿਕ ਸੰਸਥਾਵਾਂ ਉਹ ਕੰਮ ਕਰਨ ਜੋ ਲੰਮੇ ਸਮੇਂ ਤੱਕ ਚੱਲਣ। ਉਨ੍ਹਾਂ ਕਿਹਾ ਕਿ ਕੇਂਦਰੀ ਸੰਸਥਾਵਾਂ 'ਚ ਵਿਗਿਆਨ ਅਤੇ ਖੋਜ ਦੀ ਪੜ੍ਹਾਈ ਪੰਜਾਬੀ ਵਿਚ ਹੋਣੀ ਚਾਹੀਦੀ ਹੈ। ਡਾ. ਸੁਰਜੀਤ ਪਾਤਰ ਨੇ ਕਿਹਾ ਕਿ ਜੇਕਰ ਲੇਖਕਾਂ ਦੇ ਸ਼ਬਦ ਜਿਊਂਦੇ ਹਨ ਤਾਂ ਲੇਖਕ ਵੀ ਜਿਊਂਦੇ ਰਹਿੰਦੇ ਹਨ। ਡਾ. ਜੌਹਲ ਨੇ ਮਹਿਮਾਨਾਂ, ਸਨਮਾਨਿਤ ਸ਼ਖ਼ਸੀਅਤਾਂ, ਪ੍ਰਧਾਨਗੀ ਮੰਡਲ 'ਚ ਮੌਜੂਦ ਵਿਦਵਾਨਾਂ ਅਤੇ ਸਰੋਤਿਆਂ ਨੂੰ ਜੀ ਆਇਆਂ ਆਖਦਿਆਂ ਧੰਨਵਾਦ ਕੀਤਾ। ਅਕਾਦਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਸ਼ਿਆਮ ਸੁੰਦਰ ਦੀਪਤੀ ਨੇ ਸਨਮਾਨਿਤ ਸ਼ਖ਼ਸੀਅਤਾਂ ਨੂੰ ਵਧਾਈ ਦਿੱਤੀ। ਇਸ ਦੌਰਾਨ ਡਾ. ਹਰਵਿੰਦਰ ਸਿੰਘ ਸਿਰਸਾ, ਸੁਖਵਿੰਦਰ ਸਿੰਘ, ਬਲਦੇਵ ਸਿੰਘ ਝੱਜ, ਪ੍ਰੋ. ਰਵਿੰਦਰ ਸਿੰਘ ਭੱਠਲ, ਤ੍ਰੈਲੋਚਨ ਲੋਚੀ, ਸੁਰਿੰਦਰ ਕੈਲੇ, ਡਾ. ਗੁਰਚਰਨ ਕੌਰ ਕੋਚਰ, ਜੈਨ ਇੰਦਰ ਚੌਹਾਨ, ਰਵੀ ਰਵਿੰਦਰ, ਸੁਖਜੀਵਨ ਸਿੰਘ ਅਤੇ ਸੁਖਜੀਤ ਆਦਿ ਨੇ ਸ਼ੋਭਾ ਪੱਤਰ ਪੜ੍ਹੇ। ਇਸ ਮੌਕੇ ਲੇਖਕ ਦਰਸ਼ਨ ਬੁੱਟਰ, ਸਹਿਜਪ੍ਰੀਤ ਸਿੰਘ ਮਾਂਗਟ, ਡਾ. ਗੁਲਜ਼ਾਰ ਸਿੰਘ ਪੰਧੇਰ, ਜਤਿੰਦਰ ਸਿੰਘ ਚੌਹਾਨ, ਨਸੀਮ ਆਦਿ ਹਾਜ਼ਰ ਸਨ।

# ਪੰਜਾਬੀ ਨਾਵਲਕਾਰ ਤੇ ਕਹਾਣੀਕਾਰ ਨਿੰਦਰ ਗਿੱਲ ਚਲ ਵਸਿਆ



ਲੁਧਿਆਣਾ/ਏ.ਟੀ.ਨਿਊਜ਼ :- ਪੰਜਾਬੀ ਨਾਵਲਕਾਰ ਤੇ ਕਹਾਣੀਕਾਰ ਨਿੰਦਰ ਗਿੱਲ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ। ਨਿੰਦਰ ਗਿੱਲ ਸਵੀਡਨ ਵਿੱਚ ਲੰਮਾ ਸਮਾਂ ਗੁਜ਼ਾਰਨ ਮਗਰੋਂ ਬੀਤੀ 4 ਨਵੰਬਰ ਨੂੰ ਆਪਣੇ ਜੱਦੀ ਪਿੰਡ ਜੰਡਾਲੀ ਪਰਤੇ ਸਨ। ਇਸ ਮੌਕੇ ਸਥਾਨਕ ਪੰਜਾਬੀ ਭਵਨ ਵਿੱਚ ਜੁੜੇ ਲੇਖਕਾਂ ਡਾ. ਲਖਵਿੰਦਰ ਜੌਹਲ, ਡਾ. ਗੁਰਇਕਬਾਲ ਸਿੰਘ, ਪ੍ਰੋ. ਗੁਰਭਜਨ ਸਿੰਘ ਗਿੱਲ, ਤ੍ਰੈਲੋਚਨ ਲੋਚੀ, ਕਹਾਣੀਕਾਰ ਸੁਖਜੀਤ, ਕਰਮਜੀਤ ਗਰੇਵਾਲ ਨੇ ਦੁੱਖ ਪ੍ਰਗਟਾਇਆ ਹੈ।

ਨਿੰਦਰ ਗਿੱਲ ਨੂੰ ਵਧੇਰੇ ਉਨ੍ਹਾਂ ਦੇ ਨਾਵਲਾਂ ਵਿੱਚ ਪੰਜਾਬ ਦੇ ਅੱਸਵਿਆਂ ਦੇ ਸੰਕਟ ਨੂੰ ਡੂੰਘਾਈ ਨਾਲ ਚਿਤਰਣ ਦੇ ਹੁਨਰ ਕਰਕੇ ਜਾਣਿਆ ਜਾਂਦਾ ਹੈ। ਉਨ੍ਹਾਂ ਦੇ ਨਾਵਲ 'ਪੈਂਡੇ', 'ਪੰਜਾਬ 84 ਚੋਣ ਹਲਕਾ ਪਾਇਲ', 'ਦਹਿਸ਼ਤ ਦੇ ਦਿਨਾਂ ਵਿੱਚ', 'ਵਿੱਚ ਵਿਚਾਲੇ', 'ਉਹ ਤਿੰਨ ਦਿਨ' ਤੇ 'ਸਹਿਮਤੀ ਤੋਂ ਬਾਅਦ' ਉਨ੍ਹਾਂ ਦੀ ਵੱਖਰੀ ਛਾਪ ਦਾ ਸਬੂਤ ਹਨ। ਦੋ ਮੌਲਿਕ ਕਹਾਣੀ ਸੰਗ੍ਰਹਿਆਂ 'ਜ਼ਿੰਦਗੀ ਦੇ ਇਸ਼ਤਿਹਾਰ' ਤੇ 'ਸੁੰਨ ਸਰਾਂ' ਤੋਂ ਬਿਨਾਂ ਉਨ੍ਹਾਂ ਨੇ ਤਰਲੋਚਨ ਝਾਂਡੇ ਨਾਲ 'ਅਸੀਂ ਜਿਉਂਦੇ ਅਸੀਂ ਜਾਗਦੇ' ਕਹਾਣੀ ਸੰਗ੍ਰਹਿ ਦੀ ਸੰਪਾਦਨਾ ਵੀ ਕੀਤੀ।

## ਦਰਪਣ ਝੂਠ ਨਹੀਂ ਬੋਲਦਾ

# ਪੰਜਾਬ ਵਿਚ ਫਿਰਕੂ ਹਿੰਦੂ ਆਗੂ ਖ਼ਤਰੇ 'ਚ

- ਪੁਲਿਸ ਸਾਵਧਾਨ, ਖੁਫੀਆ ਰਿਪੋਟਾਂ ਅਨੁਸਾਰ ਇਨ੍ਹਾਂ ਭੇਸਾਂ ਵਿਚ ਹਮਲਾ ਕਰ ਸਕਦੇ ਨੇ ਖਾੜਕੂ
- ਗੋਲਡੀ ਬਰਾੜ ਦੀ ਧਮਕੀ ਮਗਰੋਂ ਕਾਂਗਰਸੀ ਆਗੂ ਗੁਰਸਿਮਰਨ ਮੰਡ ਘਰ ਵਿਚ ਨਜ਼ਰਬੰਦ
- ਪੁਲਿਸ ਨੇ ਗਲੀ ਨੂੰ ਵੀ ਕੀਤਾ ਸੀਲ, ਘਰ ਦੇ ਬਾਹਰ ਬੰਕਰ ਬਣਾਏ



ਅੰਮ੍ਰਿਤਸਰ ਵਿਚ ਹਿੰਦੂ ਆਗੂ ਅਤੇ ਕੋਟਕਪੂਰਾ 'ਚ ਡੇਰੀ ਪ੍ਰੇਮੀ ਦੇ ਕਤਲ ਤੋਂ ਬਾਅਦ ਪੰਜਾਬ ਦੇ ਲਾਅ ਐਂਡ ਆਰਡਰ 'ਤੇ ਸਵਾਲ ਖੜ੍ਹੇ ਹੋ ਗਏ ਹਨ। ਨਾਲ ਹੀ ਹਿੰਦੂ ਆਗੂਆਂ ਦੀ ਸੁਰੱਖਿਆ ਲਈ ਪੁਲਿਸ ਹੋਰ ਜ਼ਿਆਦਾ ਚੌਕਸ ਹੋ ਗਈ ਹੈ। ਸੂਤਰਾਂ ਮੁਤਾਬਕ ਖੁਫ਼ੀਆ ਏਜੰਸੀਆਂ ਨੇ ਇਨਪੁੱਟ ਦਿੱਤੇ ਹਨ ਕਿ ਖਾੜਕੂ ਪੱਤਰਕਾਰ ਦਾ ਭੇਸ ਬਣਾ ਕੇ ਵੀ ਹਮਲਾ ਕਰ ਸਕਦੇ ਹਨ ਜਾਂ ਫਿਰ ਪੁਲਿਸ ਵਰਦੀ ਦੀ ਵੀ ਵਰਤੋਂ ਕਰ ਸਕਦੇ ਹਨ। ਇਸ ਲਈ ਪੁਲਿਸ ਹਿੰਦੂ ਆਗੂਆਂ ਨੂੰ ਲੈ ਕੇ ਅਲਰਟ ਹੋ ਗਈ ਹੈ। ਲੁਧਿਆਣਾ ਪੁਲਿਸ ਨੇ ਕਈ ਹਿੰਦੂ ਆਗੂਆਂ ਨੂੰ ਇੰਟਰਵਿਊ ਦੇਣ ਤੋਂ ਵੀ ਮਨ੍ਹਾ ਕਰ ਦਿੱਤਾ ਹੈ। ਜੇਕਰ ਕੋਈ ਪੱਤਰਕਾਰ ਇੰਟਰਵਿਊ ਕਰਨਾ ਚਾਹੇਗਾ ਤਾਂ ਉਸ ਨੂੰ ਸਬੰਧਿਤ ਥਾਣੇ ਤੋਂ ਮਨਜ਼ੂਰੀ ਲੈਣੀ ਪਵੇਗੀ। ਇਸ ਤੋਂ ਇਲਾਵਾ ਵਾਹਨਾਂ 'ਤੇ ਚੁੰਬਕ ਬੰਬ ਵਰਤਣ ਦਾ ਵੀ ਸ਼ੱਕ ਜਤਾਇਆ ਜਾ ਰਿਹਾ ਹੈ, ਜਿਸ ਦੇ ਤਹਿਤ ਪੁਲਿਸ ਨੇ ਹਿੰਦੂ ਆਗੂਆਂ ਨੂੰ ਵਾਹਨ ਸੀ. ਸੀ. ਟੀ. ਵੀ. ਕੈਮਰੇ ਦੀ ਨਿਗਰਾਨੀ ਵਿਚ ਰੱਖਣ ਲਈ ਕਿਹਾ ਹੈ। ਇਸ ਤੋਂ ਇਲਾਵਾ ਹਰ ਸੂਰਤ ਵਿਚ ਥਾਣਾ ਪੁਲਿਸ ਨਾਲ ਸੰਪਰਕ ਬਣਾ ਕੇ ਰੱਖਣ ਲਈ ਕਿਹਾ ਗਿਆ ਹੈ। ਅਸਲ 'ਚ ਪੰਜਾਬ ਵਿਚ 2 ਵੱਡੇ ਕਤਲਾਂ ਤੋਂ ਬਾਅਦ ਗੈਂਗਸਟਰ ਅਤੇ ਖਾੜਕੂਆਂ ਵੱਲੋਂ ਕਤਲ ਦੀ ਜ਼ਿੰਮੇਵਾਰੀ ਲੈਣਾ ਅਤੇ ਹੋਰ ਹਿੰਦੂ ਆਗੂਆਂ ਦੇ ਕਤਲ ਦੀ ਪੋਸਟ ਪਾਉਣ ਤੋਂ ਬਾਅਦ ਪੁਲਿਸ ਹੋਰ ਜ਼ਿਆਦਾ ਚੌਕਸ ਹੋਈ ਹੈ। ਇਸ ਲਈ ਲੁਧਿਆਣਾ ਦੇ 6 ਹਿੰਦੂ ਆਗੂਆਂ ਨੂੰ ਕੁੱਝ ਦਿਨ ਪਹਿਲਾਂ ਬੁਲੇਟ ਪਰੂਫ ਜੈਕਟਾਂ ਵੀ ਦਿੱਤੀਆਂ ਗਈਆਂ ਸਨ।ਉਧਰ, ਹਿੰਦੂ ਆਗੂ ਅਮਿਤ ਅਰੋੜਾ ਦਾ ਕਹਿਣਾ ਹੈ ਕਿ ਪੁਲਿਸ ਨੇ ਉਨ੍ਹਾਂ ਨੂੰ ਅਲਰਟ ਕੀਤਾ ਹੈ ਤੇ ਉਨ੍ਹਾਂ ਨੇ ਚੌਕਸੀ ਵਰਤਣੀ ਸ਼ੁਰੂ ਕਰ ਦਿੱਤੀ ਹੈ। ਦੂਜੇ ਪਾਸੇ ਸਿੱਖ ਵਿਰੋਧੀ ਵਿਵਾਦਿਤ ਬਿਆਨ ਕਰਕੇ ਚਰਚਾ ਵਿੱਚ ਰਹਿਣ ਵਾਲੇ ਕਾਂਗਰਸੀ ਆਗੂ ਗੁਰਸਿਮਰਨ ਸਿੰਘ ਮੰਡ ਨੂੰ ਗੈਂਗਸਟਰ ਗੋਲਡੀ ਬਰਾੜ ਵੱਲੋਂ ਧਮਕੀਆਂ ਦੇਣ ਤੋਂ ਬਾਅਦ ਲੁਧਿਆਣਾ ਪੁਲਿਸ ਵੱਲੋਂ ਮੰਡ ਨੂੰ ਘਰ ਵਿਚ ਹੀ ਨਜ਼ਰਬੰਦ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਪਿੰਡ ਦਾਦ, ਸਰਾਭਾ ਨਗਰ ਐਕਸਟੈਂਸ਼ਨ ਮੰਡ ਦੇ ਘਰ ਦੀ ਗਲੀ ਨੂੰ ਪੂਰੀ ਤਰ੍ਹਾਂ ਨਾਲ ਸੀਲ ਕਰ ਦਿੱਤਾ ਗਿਆ ਹੈ ਅਤੇ ਗਲੀ 'ਚ ਬੈਰੀਕੇਡ ਤੇ ਮਿੱਟੀ ਦੀਆਂ ਬੋਰੀਆਂ ਲਾ ਕੇ ਬੰਕਰ ਬਣਾ ਦਿੱਤੇ ਗਏ ਹਨ।

ਲਗਾਤਾਰ ਧਮਕੀਆਂ ਮਿਲਣ ਮਗਰੋਂ ਗੁਰਸਿਮਰਨ ਸਿੰਘ ਮੰਡ ਨੇ ਇਸ ਦੀ ਸ਼ਿਕਾਇਤ ਪੁਲਿਸ ਦੇ ਉੱਚ ਅਧਿਕਾਰੀਆਂ ਨੂੰ ਕੀਤੀ, ਜਿਸ ਮਗਰੋਂ ਥਾਣਾ ਸਦਰ ਦੀ ਪੁਲਿਸ ਨੇ ਕੇਸ ਦਰਜ ਕਰ ਲਿਆ ਹੈ। ਉਸ ਨੇ ਕਈ ਵਿਦੇਸ਼ੀ ਨੰਬਰਾਂ ਦਾ ਜ਼ਿਕਰ ਵੀ ਕੀਤਾ ਹੈ। ਬੀਤੇ ਦਿਨ ਗੈਂਗਸਟਰ ਗੋਲਡੀ ਬਰਾੜ ਨੇ ਗੁਰਸਿਮਰਨ ਸਿੰਘ ਮੰਡ ਨੂੰ ਧਮਕੀ ਦਿੱਤੀ ਸੀ ਕਿ ਉਸ ਦਾ ਹਾਲ ਵੀ ਡੇਰਾ ਪ੍ਰੇਮੀ ਪ੍ਰਦੀਪ ਕੁਮਾਰ ਵਰਗਾ ਹੀ ਕੀਤਾ ਜਾਵੇਗਾ। ਪੁਲਿਸ ਕਮਿਸ਼ਨਰ ਡਾ. ਕੌਸਤਭ ਸ਼ਰਮਾ ਨੇ ਕਿਹਾ ਕਿ ਮੰਡ ਦੀ ਸ਼ਿਕਾਇਤ 'ਤੇ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਸੁਰੱਖਿਆ ਸਬੰਧੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ। ਪੁਲੀਸ ਨੇ ਮੰਡ ਨੂੰ ਸੋਸ਼ਲ ਮੀਡੀਆ 'ਤੇ ਕਿਸੇ ਵੀ ਤਰ੍ਹਾਂ ਦੀ ਵੀਡੀਓ ਅਪਲੋਡ ਕਰਨ ਤੋਂ ਰੋਕ ਦਿੱਤਾ ਹੈ ।

# ਆਪ ਸਰਕਾਰ ਲਈ 7 ਵਾਰਦਾਤਾਂ ਚੈਲਿੰਜ ਬਣੀਆਂ

ਮਾਰਚ 2022, ਜਦੋਂ ਤੋਂ ਪੰਜਾਬ ਵਿੱਚ ਭਗਵੰਤ ਮਾਨ ਦੀ ਅਗਵਾਈ ਵਿਚ ਸਰਕਾਰ ਬਣੀ ਹੈ, ਉਸ ਤੋਂ ਕੁਝ ਦਿਨ ਪਹਿਲਾਂ ਹੀ ਸ਼ੁਰੂ ਹੋਈਆਂ ਵਾਰਦਾਤਾਂ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਵਾਰਦਾਤਾਂ ਦਾ ਕਾਰਨ ਗੈਂਗਸਟਰਾਂ ਨੂੰ ਸਿਆਸਤਦਾਨਾਂ ਵਲੋਂ ਉਭਾਰਨਾ ਹੈ ਜੋ ਨਸ਼ਿਆਂ ਤੇ ਪੰਜਾਬ ਵਿਚ ਕਰਾਈਮ ਦੇ ਜਿੰਮੇਵਾਰ ਹਨ।ਆਪ ਸਰਕਾਰ ਨੇ ਡਰੱਗ ਮਾਫੀਆ ਨੂੰ ਨਥ ਪਾਉਣ ਲਈ ਕੋਈ ਕਾਰਵਾਈ ਨਹੀਂ ਕੀਤੀ। ਦੂਸਰਾ ਸ਼ਿਵ ਸੈਨਾ ਦੀ ਭੜਕਾਊ ਫਿਰਕੂ ਕਾਰਵਾਈਆਂ ਉਪਰ ਰੋਕ ਨਾ ਲਗਾਕੇ ਸਗੋਂ ਭਾਰੀ ਸੁਰਖਿਆ ਦੇਕੇ ਸਿਖਾਂ ਨੂੰ ਚਿੜ੍ਹਾਇਆ ਹੈ ਤੇ ਖਾੜਕੂਵਾਦ ਨੂੰ ਪ੍ਰਤੀਕਰਮ ਲਈ ਉਤਸ਼ਾਹਿਤ ਕੀਤਾ ਹੈ।

ਸੂਬੇ ਵਿੱਚ ਵਿਰੋਧੀ ਧਿਰਾਂ ਸਰਕਾਰ 'ਤੇ ਅਮਨ ਕਾਨੂੰਨ ਦੇ ਹਾਲਾਤ ਨੂੰ ਕਾਬੂ ਨਾ ਰੱਖ ਸਕਣ ਦਾ ਇਲਜ਼ਾਮ ਲਗਾ ਰਹੀਆਂ।ਜਦਕਿ ਇਹ ਵੀ ਪੰਜਾਬ ਦੇ ਮਾਹੌਲ ਸ਼ਾਂਤ ਕਰਨ ਵਿਚ ਸਰਕਾਰ ਦੀ ਸਹਿਯੋਗੀ ਨਹੀਂ ਬਣੀਆਂ।

ਪੰਜਾਬ ਸਰਕਾਰ ਦੇ 8 ਮਹੀਨੇ ਦੇ ਕਾਰਜਕਾਲ ਦੌਰਾਨ ਅਮਨ ਕਾਨੂੰਨ ਨਾਲ ਸਬੰਧਤ 7 ਵੱਡੀਆਂ ਵਾਰਦਾਤਾਂ ਵਾਪਰੀਆਂ ਹਨ। 10 ਨਵੰਬਰ ਨੂੰ ਕੋਟਕਪੂਰਾ 'ਚ ਡੇਰਾ ਪ੍ਰੇਮੀ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤੇ ਜਾਣ ਦੀ ਘਟਨਾ ਸਾਹਮਣੇ ਆਈ ਹੈ। 4 ਮਾਰਚ ਨੂੰ ਜਲੰਧਰ ਸ਼ਹਿਰ ਨੇੜੇ ਪਿੰਡ ਮੱਲੀਆਂ ਕਲਾਂ ਵਿੱਚ ਕੌਮਾਂਤਰੀ ਪੱਧਰ ਦੇ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਨੂੰ ਟੂਰਨਾਮੈਂਟ ਦੌਰਾਨ ਅੰਨ੍ਹੇਵਾਹ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਸੰਦੀਪ ਨੰਗਲ ਅੰਬੀਆਂ ਸ਼ਾਹਕੋਟ ਨੇੜਲੇ ਪਿੰਡ ਨੰਗਲ ਅੰਬੀਆਂ ਦਾ ਰਹਿਣ ਵਾਲਾ ਸੀ। ਅਜੇ ਕੁਝ ਦਿਨ ਪਹਿਲਾਂ ਹੀ ਸੰਦੀਪ ਦੀ ਪਤਨੀ ਨੇ ਇੱਕ ਵੀਡੀਓ ਸੰਦੇਸ਼ ਰਾਹੀ ਪੰਜਾਬ ਸਰਕਾਰ ਤੋਂ ਇਨਸਾਫ਼ ਦੀ ਮੰਗ ਕੀਤੀ ਸੀ।ਉਨ੍ਹਾਂ ਇਲਜ਼ਾਮ ਲਾਇਆ ਸੀ ਕਿ ਸੰਦੀਪ ਦਾ ਕਤਲ ਕਰਵਾਉਣ ਪਿੱਛੇ ਪਰਿਵਾਰ ਨੂੰ ਜਿਸ ਵਿਅਕਤੀ ਉੱਤੇ ਸ਼ੱਕ ਹੈ, ਉਸ ਬਾਰੇ ਪੁਲਿਸ ਨੂੰ ਸੂਚਨਾ ਦਿੱਤੇ ਜਾਣ ਦੇ ਬਾਵਜੂਦ ਕਾਰਵਾਈ ਨਹੀਂ ਹੋਈ।ਪੁਲਿਸ ਇਸ ਮਾਮਲੇ ਵਿੱਚ ਕੁਝ ਗ੍ਰਿਫ਼ਤਾਰੀਆਂ ਕਰਨ ਦਾ ਵੀ ਦਾਅਵਾ ਕਰ ਚੁੱਕੀ ਹੈ। ਮਾਰਚ 2022 ਦੌਰਾਨ ਭਾਰਤ ਸਰਕਾਰ ਵੱਲੋਂ ਪਾਬੰਦੀਸ਼ੁਦਾ ਸੰਸਥਾ 'ਸਿੱਖਸ ਫਾਰ ਜਸਟਿਸ' ਵੱਲੋਂ ਅਪ੍ਰੈਲ ਮਹੀਨੇ ਵਿੱਚ ਡੀਸੀ ਦਫਤਰਾਂ 'ਤੇ ਖ਼ਾਲਿਸਤਾਨ ਪੱਖੀ ਝੰਡੇ ਲਹਿਰਾਉਣ ਦੀ ਅਪੀਲ ਕੀਤੀ ਗਈ ਸੀ। ਪਟਿਆਲਾ ਵਿੱਚ ਸ਼ਿਵ ਸੈਨਾ ਵੱਲੋਂ ਇਸ ਅਪੀਲ ਦੇ ਵਿਰੋਧ ਵਿੱਚ ਖਾਲਿਸਤਾਨੀ ਵਿਰੋਧੀ ਮਾਰਚ ਤੇ ਸੰਤ ਭਿੰਡਰਾਂਵਾਲਿਆਂ ਦੇ ਪੁਤਲੇ ਫੂਕਣ ਦਾ ਸੱਦਾ ਦਿੱਤਾ ਗਿਆ ਸੀ। ਇਸ ਤੋਂ ਬਾਅਦ ਇਸੇ ਮਾਰਚ ਦੇ ਵਿਰੋਧ ਵਿੱਚ ਕਈ ਸਿੱਖ ਸੰਗਠਨ ਵੀ ਵਿਰੋਧ ਪ੍ਰਦਰਸ਼ਨ ਲਈ ਸੜਕਾਂ ਉੱਤੇ ਉਤਰ ਆਏ ਸਨ। ਇਹ ਮਾਰਚ ਪਟਿਆਲਾ ਦੇ ਫੁਹਾਰਾ ਚੌਂਕ ਤੋਂ ਸ਼ੁਰੂ ਹੋਇਆ ਅਤੇ ਕਾਲੀ ਮਾਤਾ ਮੰਦਿਰ ਤੱਕ ਪਹੁੰਚਿਆ, ਜਿੱਥੇ ਇਨ੍ਹਾਂ ਦਾ ਆਪਸੀ ਵਿੱਚ ਟਕਰਾਅ ਹੋ ਗਿਆ ਸੀ। ਦੋਵਾਂ ਧਿਰਾਂ ਵਿਚਾਲੇ ਕਾਫੀ ਤਣਾਅ ਵਧਿਆ, ਪੱਥਰਬਾਜ਼ੀ ਹੋਈ ਤੇ ਤਲਵਾਰਾਂ ਲਹਿਰਾਈਆਂ ਗਈਆਂ। ਪੁਲਿਸ ਵੱਲੋਂ ਹਾਲਾਤ ਨੂੰ ਕਾਬੂ ਕਰਨ ਲਈ ਹਵਾਈ ਫਾਇਰਿੰਗ ਵੀ ਕੀਤੀ ਗਈ ਸੀ। ਹਾਲਾਂਕਿ, ਇਨ੍ਹਾਂ ਹਿੰਸਕ ਘਟਨਾਵਾਂ ਤੋਂ ਬਾਅਦ ਪੁਲਿਸ ਵੱਲੋਂ ਇਸ ਮਾਮਲੇ ਵਿੱਚ ਮੁੱਖ ਮੁਲਜ਼ਮ ਦੱਸੇ ਜਾ ਰਹੇ ਸ਼ਿਵ ਸੈਨਾਨੀ ਹਰੀਸ਼ ਸਿੰਗਲਾ ਤੇ ਦਮਦਮੀ ਟਕਸਾਲ ਰਾਜਪੁਰਾ ਨਾਲ ਸਬੰਧਿਤ



ਬਰਜਿੰਦਰ ਸਿੰਘ ਪਰਵਾਨਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਸਿੰਗਲਾ ਨੂੰ ਜਮਾਨਤ ਦੇ ਦਿੱਤੀ ਗਈ, ਪਰ ਪਰਵਾਨਾ ਨੂੰ ਹਾਲੇ ਤਕ ਨਹੀਂ ਦਿਤੀ ਗਈ। ਪਟਿਆਲਾ ਦੇ ਆਈਜੀ ਮੁਖਵਿੰਦਰ ਸਿੰਘ ਛੀਨਾ ਅਨੁਸਾਰ ਉਸ ਸਮੇਂ 6 ਹੋਰ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਸਨ।

9 ਮਈ ਦੀ ਰਾਤ ਮੁਹਾਲੀ ਵਿੱਚ ਪੰਜਾਬ ਪੁਲਿਸ ਇੰਟੈਲੀਜੈਂਸ ਹੈੱਡਕੁਆਰਟਰ 'ਤੇ ਸ਼ਾਮ ਦੌਰਾਨ ਹਮਲਾ ਹੋਇਆ ਸੀ। ਜਿਸ ਨੇ ਪੰਜਾਬ ਦੀ ਸੁਰੱਖਿਆ ਨੂੰ ਡੂੰਘੀ ਚਿੰਤਾ ਦਾ ਵਿਸ਼ਾ ਬਣਾ ਦਿੱਤਾ ਸੀ। ਇਸ ਧਮਾਕੇ ਲਈ ਵਰਤੇ ਗਏ ਲਾਂਚਰ ਨੂੰ ਬਰਾਮਦ ਕਰ ਲਿਆ ਗਿਆ ਸੀ। ਪੁਲਿਸ ਨੇ ਇਸ ਨੂੰ ਸੂਬੇ ਵਿੱਚ ਸਰਗਰਮ ਗੈਂਗਸਟਰਾਂ ਅਤੇ ਵਿਦੇਸ਼ਾਂ ਵਿੱਚ ਬੈਠੇ ਖਾਲਿਸਤਾਨ ਪੱਖੀ ਕਾਰਕੁਨਾਂ ਦੀ ਰਲੀ-ਮਿਲੀ ਸਾਜਿਸ਼ ਕਰਾਰ ਦਿੱਤਾ ਸੀ।

29 ਮਈ ਨੂੰ ਪੰਜਾਬੀ ਗਾਇਕ ਅਤੇ ਕਾਂਗਰਸੀ ਆਗੂ ਸਿੱਧੂ ਮੂਸੇਵਾਲਾ ਉੱਪਰ ਮਾਨਸਾ ਵਿਖੇ ਅਣਪਛਾਤੇ ਲੋਕਾਂ ਵੱਲੋਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਕਤਲ ਨੇ ਪੰਜਾਬ ਦੇ ਨਾਲ-ਨਾਲ ਦੇਸ਼ਾਂ-ਵਿਦੇਸ਼ਾਂ ਵਿੱਚ ਬੈਠੇ ਪੰਜਾਬੀਆਂ ਨੂੰ ਝੰਜੋੜ ਦਿੱਤਾ ਸੀ। ਸਿੱਧੂ ਮੂਸੇਵਾਲਾ ਦੇ ਕਤਲ ਨੂੰ ਪੰਜਾਬ ਪੁਲਿਸ ਨੇ ਗੈਂਗਵਾਰ ਨਾਲ ਜੋੜਿਆ ਸੀ। ਜਿਸ ਦਿਨ ਘਟਨਾ ਵਾਪਰੀ ਸੀ ਉਸ ਤੋਂ ਇੱਕ ਦਿਨ ਪਹਿਲਾਂ ਹੀ ਪੰਜਾਬ ਵਿਚਲੀ ਆਮ ਆਦਮੀ ਪਾਰਟੀ ਸਰਕਾਰ ਨੇ ਵੱਖ-ਵੱਖ ਖੇਤਰਾਂ ਨਾਲ ਸੰਬੰਧਿਤ 424 ਹਸਤੀਆਂ ਨੂੰ ਦਿੱਤੀ ਪੁਲਿਸ ਸੁਰੱਖਿਆ ਨੂੰ ਘਟਾਇਆ ਜਾਂ ਖ਼ਤਮ ਕੀਤਾ ਸੀ।

ਅਗਸਤ ਦੇ ਅਖ਼ੀਰ ਵਿੱਚ ਪੰਜਾਬ ਦੇ ਜ਼ਿਲ੍ਹਾ ਤਰਨਤਾਰਨ ਦੇ ਪੱਟੀ ਨਜ਼ਦੀਕ ਪਿੰਡ ਠੱਕਰਪੁਰ ਵਿੱਚ ਇੱਕ ਚਰਚ ਵਿੱਚ ਭੰਨਤੋੜ ਕੀਤੀ ਗਈ ਸੀ।

ਇਸ ਘਟਨਾ ਨੂੰ ਮੁਲਜ਼ਮ ਵੱਲੋਂ ਅੰਜਾਮ ਦੇਣ ਦੀਆਂ ਤਸਵੀਰਾਂ ਵੀ ਸੀਸੀਟੀਵੀ ਕੈਮਰੇ ਰਾਹੀਂ ਸਾਹਮਣੇ ਆਈਆਂ ਸੀ। ਤਸਵੀਰਾਂ ਵਿੱਚ ਨਜ਼ਰ ਆ ਰਿਹਾ ਸੀ ਕਿ ਇੱਕ ਵਿਅਕਤੀ ਚਰਚ ਦੇ ਅੰਦਰ ਜਾ ਕੇ ਧਾਰਮਿਕ ਮੂਰਤੀਆਂ ਨੂੰ ਤੋੜ ਰਿਹਾ ਹੈ। ਇਸ ਤੋਂ ਇਲਾਵਾ ਚਰਚ ਵਿੱਚ ਇੱਕ ਕਾਰ ਨੂੰ ਵੀ ਅੱਗ ਲਗਾਈ ਗਈ ਸੀ। ਧਾਰਮਿਕ ਭਾਵਨਾਵਾਂ ਭੜਕਾਉਣ ਦੀ ਕੋਸ਼ਿਸ਼ ਅਤੇ ਧਾਰਮਿਕ ਸਥਾਨ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਤਹਿਤ ਇਹ ਮਾਮਲਾ ਦਰਜ ਕੀਤਾ ਗਿਆ ਹੈ।

4 ਨਵੰਬਰ ਨੂੰ ਅੰਮ੍ਰਿਤਸਰ ਵਿੱਚ ਸ਼ਿਵ ਸੈਨਾ (ਟਕਸਾਲੀ) ਆਗੂ ਸੁਧੀਰ ਸੂਰੀ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਸ਼ਹਿਰ ਦੇ ਗੋਪਾਲ ਮੰਦਿਰ ਬਾਹਰ ਉਨ੍ਹਾਂ ਉੱਤੇ ਹਮਲਾ ਹੋਇਆ। ਉਹ ਹਮਲੇ ਤੋਂ ਪਹਿਲਾਂ ਇੱਕ ਮੰਦਰ ਵਲੋਂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਕੂੜੇ ਵਿੱਚ ਸੁੱਟੇ ਜਾਣ ਦੇ ਵਿਰੋਧ ਵਿੱਚ ਉਹ ਧਰਨੇ ਉੱਤੇ ਬੈਠੇ ਸਨ।

ਸੋਸ਼ਲ ਮੀਡੀਆ ਉੱਤੇ ਵਾਇਰਲ ਵੀਡੀਓ ਮੁਤਾਬਕ ਉਨ੍ਹਾਂ ਨਾਲ ਕਿਸੇ ਦੀ ਬਹਿਸਬਾਜ਼ੀ ਹੁੰਦੀ ਦਿਖਾਈ ਦੇ ਰਹੀ ਹੈ ਅਤੇ ਫਿਰ ਉਨ੍ਹਾਂ ਉੱਤੇ ਗੋਲੀਆਂ ਚਲਾਈਆਂ ਗਈਆਂ ਸਨ।ਹਾਲਾਂਕਿ, ਇਸ ਮਾਮਲੇ ਵਿੱਚ ਪੁਲਿਸ ਨੇ ਇੱਕ ਮੁਲਜ਼ਮ ਸੰਦੀਪ ਸਿੰਘ ਸੰਨੀ ਨੂੰ ਘਟਨਾ ਵਾਲੀ ਥਾਂ ਤੋਂ ਹੀ ਗ੍ਰਿਫ਼ਤਾਰ ਕਰ ਲਿਆ ਸੀ।ਗੋਲੀਆਂ ਲੱਗਣ ਤੋਂ ਬਾਅਦ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ ਗਿਆ ਸੀ, ਪਰ ਉਸ ਤੋਂ ਪਹਿਲਾਂ ਹੀ ਉਨ੍ਹਾਂ ਦੀ ਮੌਤ ਹੋ ਚੁੱਕੀ ਸੀ। 10 ਨਵੰਬਰ ਸਵੇਰੇ ਕਰੀਬ 7 ਵਜੇ ਕੋਟਕਪੂਰਾ ਵਿਚ ਪ੍ਰਦੀਪ ਸਿੰਘ ਨਾਂ ਦੇ ਡੇਰਾ ਪ੍ਰੇਮੀ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ।ਲਾਰੈਂਸ਼ ਬਿਸ਼ਨੋਈ ਗੈਂਗ ਦੇ ਜਿਸ ਸਰਗਨਾ, ਗੋਲਡੀ ਬਰਾੜ ਨੇ ਸਿੱਧੂ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਲਈ ਸੀ, ਉਸੇ ਨੇ ਪੋਸਟ ਪਾ ਕੇ ਇਸ ਕਤਲ ਦੀ ਵੀ ਜ਼ਿੰਮੇਵਾਰੀ ਲਈ ਹੈ। ਮਾਰੇ ਗਏ ਡੇਰਾ ਪ੍ਰੇਮੀ ਦਾ ਨਾਮ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸ ਵਿੱਚ ਆਇਆ ਸੀ, ਸਾਲ 2021 ਤੋਂ ਉਨ੍ਹਾਂ ਨੂੰ ਜ਼ਮਾਨਤ ਮਿਲੀ ਹੋਈ ਸੀ।ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਘਟਨਾ ਉੱਤੇ ਪ੍ਰਤੀਕਰਮ ਦਿੱਤਾ ਅਤੇ ਕਿਹਾ, 'ਕਿਸੇ ਨੂੰ ਵੀ ਪੰਜਾਬ ਦੀ ਸ਼ਾਂਤੀ ਭੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।'

## ਪ੍ਰਧਾਨ ਮੰਤਰੀ ਮੋਦੀ ਅਨੋਖਾ ਚੋਣ ਪ੍ਰਚਾਰ

ਸ਼ਿਮਲਾ - ਹਿਮਾਚਲ ਪ੍ਰਦੇਸ਼ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 9 ਨਵੰਬਰ ਦੀ ਆਪਣੀ ਰੈਲੀ 'ਚ ਕਿਹਾ ਕਿ ਹਿਮਾਚਲ 'ਚ ਜੇਕਰ ਕਾਂਗਰਸ ਦੀ ਸਰਕਾਰ ਆ ਗਈ ਤਾਂ ਕਾਂਗਰਸ ਵਾਲੇ ਹਿਮਾਚਲ 'ਚ ਵਿਕਾਸ ਦੇ ਕੰਮ ਰੋਕ ਦੇਣਗੇ ਅਤੇ ਉਹ ਕੇਂਦਰ ਸਰਕਾਰ ਨੂੰ ਵੀ ਹਿਮਾਚਲ ਦਾ ਵਿਕਾਸ ਨਹੀਂ ਕਰਨ ਦੇਣਗੇ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਪ੍ਰਧਾਨ ਮੰਤਰੀ ਅਜਿਹਾ ਕਹਿ ਰਹੇ ਹਨ। ਕੋਈ ਸੂਬਾ ਸਰਕਾਰ ਕਿਵੇਂ ਕੇਂਦਰ ਨੂੰ ਕਿਸੇ ਰਾਜ ਵਿਚ ਜਾਂ ਕੇਂਦਰ ਸਰਕਾਰ ਕਿਸੇ ਰਾਜ ਸਰਕਾਰ ਨੂੰ ਵਿਕਾਸ ਦਾ ਕੋਈ ਕੰਮ ਕਰਨ ਤੋਂ ਰੋਕ ਸਕਦੀ ਹੈ ? ਰਾਜਾਂ ਦੇ ਵਿਕਾਸ ਲਈ 'ਡਬਲ ਇੰਜਣ' ਦੀ ਸਰਕਾਰ ਜ਼ਰੂਰੀ ਹੁੰਦੀ ਤਾਂ ਤਾਮਿਲਨਾਡੂ



ਅਤੇ ਆਂਧਰਾ ਪ੍ਰਦੇਸ਼ 'ਚ ਕਦੇ ਵਿਕਾਸ ਨਾ ਹੁੰਦਾ ਕਿਉਂਕਿ ਕਈ ਦਹਾਕਿਆਂ ਤੋਂ ਸੂਬੇ 'ਚ ਖੇਤਰੀ ਪਾਰਟੀਆਂ ਦੀ ਸਰਕਾਰ ਬਣਦੀ ਰਹੀ ਹੈ। ਕੇਰਲ 'ਚ ਵੀ ਹਰ ਪੰਜ ਸਾਲ ਤੋਂ ਖੱਬੇਪੱਖੀ ਮੋਰਚਾ ਸੱਤਾ 'ਚ ਆਉਂਦਾ ਰਿਹਾ ਹੈ। ਖ਼ੁਦ ਨਰਿੰਦਰ ਮੋਦੀ 13 ਸਾਲ ਗੁਜਰਾਤ 'ਚ ਮੁੱਖ ਮੰਤਰੀ ਰਹੇ ਅਤੇ ਇਸ ਮਿਆਦ 'ਚ 10 ਸਾਲ ਕੇਂਦਰ 'ਚ ਕਾਂਗਰਸ ਦੀ ਸਰਕਾਰ ਸੀ। ਇਸ ਦੇ ਬਾਵਜੂਦ ਉਨ੍ਹਾਂ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਗੁਜਰਾਤ 'ਚ ਬੇਮਿਸਾਲ ਵਿਕਾਸ ਕੀਤਾ ਹੈ। ਜਦੋਂ ਕੇਂਦਰ 'ਚ ਵਿਕਾਸ ਦੀ ਸਰਕਾਰ ਹੋਣ ਦੇ ਬਾਵਜੂਦ ਉਨ੍ਹਾਂ ਨੇ ਗੁਜਰਾਤ ਦਾ ਵਿਕਾਸ ਕੀਤਾ, ਮੱਧ ਪ੍ਰਦੇਸ਼ 'ਚ ਸ਼ਿਵਰਾਜ ਸਿੰਘ ਚੌਹਾਨ ਅਤੇ ਛੱਤੀਸਗੜ੍ਹ 'ਚ ਰਮਨ ਸਿੰਘ ਨੇ ਬਹੁਤ ਵਿਕਾਸ ਕੀਤਾ ਤਾਂ ਹਿਮਾਚਲ ਪ੍ਰਦੇਸ਼ 'ਚ ਕਾਂਗਰਸ ਦਾ ਮੁੱਖ ਮੰਤਰੀ ਕਿਵੇਂ ਵਿਕਾਸ ਦਾ ਕੰਮ ਨਹੀਂ ਕਰ ਸਕੇਗਾ ਜਾਂ ਉਹ ਕਿਵੇਂ ਕੇਂਦਰ ਨੂੰ ਕੰਮ ਕਰਨ ਤੋਂ ਰੋਕ ਦੇਵੇਗਾ ? ਅਸਲ 'ਚ ਇਹ ਕਹਿਣਾ ਕਿ 'ਡਬਲ ਇੰਜਣ' ਦੀ ਸਰਕਾਰ ਹੋਵੇਗੀ, ਉਦੋਂ ਵਿਕਾਸ ਹੋਵੇਗਾ, ਇਕ ਤਰ੍ਹਾਂ ਜਨਤਾ ਨੂੰ ਧਮਕੀ ਹੈ ਅਤੇ ਇਸ ਨਾਲ ਲੋਕਤੰਤਰ ਅਤੇ ਸੰਘਵਾਦ ਦੀ ਧਾਰਨਾ 'ਤੇ ਸਵਾਲ ਖੜ੍ਹਾ ਹੁੰਦਾ ਹੈ।

# ਕੈਲੀਫੋਰਨੀਆ ਵਿਧਾਨ ਸਭਾ ਲਈ ਚੁਣੀ ਗਈ ਪਹਿਲੀ ਸਿੱਖ ਬੀਬੀ : ਜਸਮੀਤ ਕੌਰ ਬੈਂਸ

ਸਰਬਜੀਤ ਕੌਰ ਸਰਬ






ਜਸਮੀਤ ਕੌਰ ਬੈਂਸ ਨੇ ਕੈਲੀਫੋਰਨੀਆ ਅਸੈਂਬਲੀ ਦੀ ਚੋਣ ਜਿੱਤਣ ਵਾਲੀ ਪਹਿਲੀ ਸਿੱਖ ਬੀਬੀ ਵਜੋਂ ਇਤਿਹਾਸ ਰਚਿਆ ਹੈ। 8 ਨਵੰਬਰ ਨੂੰ, ਡੈਮੋਕਰੇਟ ਜਸਮੀਤ ਕੌਰ ਬੈਂਸ ਕੈਲੀਫੋਰਨੀਆ ਅਸੈਂਬਲੀ ਲਈ ਚੁਣੀ ਜਾਣ ਵਾਲੀ ਦੱਖਣੀ ਏਸ਼ੀਆਈ ਮੂਲ ਦੀ ਪਹਿਲੀ ਬੀਬੀ ਬਣ ਗਈ ਹੈ ਜੋ ਇੱਕ ਸਿੱਖ ਪਰਵਾਸੀ ਪਰਿਵਾਰ ਨਾਲ ਸਬੰਧ ਰੱਖਦੀ ਹੈ।

ਕੇਰਨ ਕਾਉਂਟੀ ਸੁਪਰਵਾਈਜ਼ਰ ਲਈ ਚੋਣ ਲੜ ਰਹੇ ਡੈਮੋਕਰੇਟ ਲੈਟੀਸੀਆ ਪੇਰੇਜ਼ ਨੇ ਉਸ ਨੂੰ ਸਖ਼ਤ ਟੱਕਰ ਦਿੱਤੀ ਪਰ ਜਸਮੀਤ ਕੌਰ ਬੈਂਸ ਨੇ ਉਸ ਨੂੰ 13,721 ਵੋਟਾਂ ਨਾਲ ਹਰਾਇਆ। ਜਸਮੀਤ ਕੌਰ ਬੈਂਸ ਨੂੰ ਕੇਰਨ ਕਾਉਂਟੀ ਵਿੱਚ 35ਵੇਂ ਅਸੈਂਬਲੀ ਡਿਸਟ੍ਰਿਕਟ ਲਈ ਡੈਮੋਕਰੇਟ ਬਨਾਮ ਡੈਮੋਕਰੇਟ ਮੁਕਾਬਲੇ ਵਿੱਚ ਲੈਟੀਸੀਆ ਪੇਰੇਜ਼ ਦੇ ਵਿਰੁੱਧ ਸ਼ੁਰੂਆਤੀ ਬੜ੍ਹਤ ਹਾਸਲ ਸੀ। ਈਸਟ ਬੇਕਰਸਫੀਲਡ ਦਾ ਬਹੁਤਾ ਹਿੱਸਾ 35ਵੇਂ ਅਸੈਂਬਲੀ ਜ਼ਿਲ੍ਹੇ ਦਾ 'ਚ ਆਉਂਦਾ ਹੈ, ਜੋ ਕਿ ਅਰਵਿਨ ਤੋਂ ਡੇਲਾਨੋ ਤੱਕ ਫੈਲਿਆ ਹੋਇਆ ਹੈ।

ਕੇਰਨ ਕਾਉਂਟੀ ਚੋਣ ਨਤੀਜਿਆਂ ਦੀ ਵੈੱਬਸਾਈਟ ਦੇ ਅਨੁਸਾਰ, ਬੈਂਸ ਨੂੰ 10,827 ਵੋਟਾਂ, ਜਾਂ 58.9% ਵੋਟਾਂ ਪ੍ਰਾਪਤ ਹੋਈਆਂ, ਜਦੋਂ ਕਿ ਪੇਰੇਜ਼ ਨੂੰ ਬਹੁਤ ਘੱਟ ਵੋਟਾਂ, 7,555, ਜਾਂ 41.1%, ਪ੍ਰਾਪਤ ਹੋਈਆਂ। ਜਸਮੀਤ ਕੌਰ ਬੈਂਸ ਬੇਕਰਸਫੀਲਡ ਰਿਕਵਰੀ ਸਰਵਿਸਿਜ਼ ਦੀ ਇਕ ਸੰਸਥਾ ਵਿਚ ਮੈਡੀਕਲ ਡਾਇਰੈਕਟਰ ਹਨ, ਜੋ ਲੋਕਾਂ ਨੂੰ ਨਸ਼ਾ ਮੁਕਤੀ ਦਾ ਇਲਾਜ ਪ੍ਰਦਾਨ ਕਰਦੀ ਹੈ। ਜਸਮੀਤ ਕੌਰ ਨੇ ਕੈਲੀਫੋਰਨੀਆ ਅਕੈਡਮੀ ਆਫ਼ ਫੈਮਲੀ ਫਿਜ਼ੀਸ਼ੀਅਨਜ਼ ਤੋਂ 2019 ਦਾ ਹੀਰੋ ਆਫ਼ ਫੈਮਿਲੀ ਮੈਡੀਸਨ ਅਵਾਰਡ ਅਤੇ ਨਾਲ ਹੀ ਗ੍ਰੇਟਰ ਬੇਕਰਸਫੀਲਡ ਚੈਂਬਰ ਆਫ਼ ਕਾਮਰਸ ਤੋਂ 2021 ਦਾ ਸੁੰਦਰ ਬੇਕਰਸਫੀਲਡ ਅਵਾਰਡ ਪ੍ਰਾਪਤ ਕੀਤਾ ਹੈ।

ਫੈਮਿਲੀ ਫਿਜ਼ੀਸ਼ੀਅਨ ਜਸਮੀਤ ਬੈਂਸ ਜਿਸ ਦੀ ਉਮਰ 34 ਸਾਲ ਦੀ ਹੈ ਉਹ ਬੇਕਰਸਫੀਲਡ ਵਿੱਚ ਐਡਵੈਂਟਿਸਟ ਹੈਲਥ ਵਿੱਚ ਕੰਮ ਕਰਦੀ ਹੈ। ਚੋਣ ਲੜਨ ਦੀ ਉਸਦੀ ਇਹ ਪਹਿਲੀ ਕੋਸ਼ਿਸ਼ ਸੀ। ਸਿੱਖ ਅਤੇ ਅਮਰੀਕਨ ਭਾਰਤੀ ਭਾਈਚਾਰਿਆਂ ਨੇ ਫੰਡ ਇਕੱਠਾ ਕਰਨ ਦੇ ਯਤਨਾਂ ਵਿੱਚ ਉਸ ਨੂੰ $500,000 ਤੋਂ ਵੱਧ ਦਾ ਯੋਗਦਾਨ ਦਿੱਤਾ। ਉਸ ਦੀ ਮੁਹਿੰਮ ਵਿੱਚ ਬਹੁਤ ਸਾਰੀਆਂ ਪੰਜਾਬੀ ਔਰਤਾਂ ਨੇ ਹਿੱਸਾ ਲਿਆ।

ਚੋਣ ਮੁਹਿੰਮ ਦਾ ਉਦੇਸ਼

ਜਸਮੀਤ ਕੌਰ ਬੈਂਸ ਦੀ ਮੁਹਿੰਮ ਦਾ ਉਦੇਸ਼ ਉੱਚ-ਗੁਣਵੱਤਾ ਵਾਲੀ ਸਿਹਤ ਸੰਭਾਲ ਤੱਕ ਪਹੁੰਚ ਦਾ ਵਿਸਤਾਰ ਕਰਨਾ ਅਤੇ ਛੋਟੀਆਂ ਕੰਪਨੀਆਂ ਨੂੰ ਕੋਵਿਡ-19 ਮਹਾਂਮਾਰੀ ਤੋਂ ਉਭਰਨ ਵਿੱਚ ਸਹਾਇਤਾ ਕਰਨਾ ਸੀ। ਉਸਨੇ ਆਪਣੀ ਮੁਹਿੰਮ ਦੀ ਅਪੀਲ ਵਿੱਚ ਹਵਾ ਦੀ ਗੁਣਵੱਤਾ, ਪਾਣੀ ਦੇ ਬੁਨਿਆਦੀ ਢਾਂਚੇ, ਬੇਘਰੇ, ਸਿਹਤ ਸੰਭਾਲ ਅਤੇ ਹੋਰ ਮੁੱਦਿਆਂ ਨੂੰ ਤਰਜੀਹ ਦੇਣ ਦਾ ਵਾਅਦਾ ਕੀਤਾ।

ਜਸਮੀਤ ਕੌਰ ਦਾ ਪਰਿਵਾਰਕ ਪਿਛੋਕੜ

ਜਸਮੀਤ ਕੌਰ ਅਤੇ ਉਸਦਾ ਪਰਿਵਾਰ 1989 ਵਿੱਚ ਡੇਲਾਨੋ, ਕੈਲੀਫੋਰਨੀਆ ਵਿੱਚ ਆ ਗਿਆ ਸੀ। 1979 ਵਿੱਚ, ਉਸਦੇ ਪਿਤਾ ਪੰਜਾਬ, ਭਾਰਤ ਤੋਂ ਪਰਵਾਸ ਕਰ ਗਏ। ਪੰਜਾਬ 'ਚ ਉਹ ਇੱਕ ਕ੍ਰਿਸਲਰ ਕਾਰ ਡੀਲਰਸ਼ਿਪ ਦਾ ਕੰਮ ਕਰਦੇ ਸਨ ਜਾ ਆਖ ਸਕਦੇ ਹਾਂ ਕਿ ਉਹ ਇਸ ਸਮੇਂ ਇਕ ਉਘੇ ਬਿਜਨਸਮੈਨ ਹਨ। ਜਸਮੀਤ ਕੌਰ ਨੇ ਇੱਕ ਛੋਟੇ ਬੱਚੇ ਦੇ ਰੂਪ ਵਿੱਚ ਆਪਣੇ ਪਿਤਾ ਦੇ ਮਕੈਨਿਕ ਹੋਣ ਤੋਂ ਲੈ ਕੇ ਆਪਣੀ ਖੁਦ ਦੀ ਆਟੋ ਡੀਲਰਸ਼ਿਪ ਦੀ ਸਫਲ ਮਾਲਕ ਬਣਨ ਤੱਕ ਦੀ ਚੜ੍ਹਤ ਵੇਖੀ ਸੀ, ਜਿੱਥੇ ਉਹ ਹੁਣ ਪ੍ਰਬੰਧਕੀ ਭੂਮਿਕਾ ਵਿੱਚ ਉਨ੍ਹਾਂ ਨਾਲ ਸਹਿਯੋਗ ਕਰਦੀ ਹੈ। ਜਸਮੀਤ ਕੌਰ ਦਾ ਕਹਿਣਾ ਹੈ ਕਿ 'ਜੇ ਸਾਡੀ ਆਰਥਿਕਤਾ ਮਜ਼ਬੂਤ ਨਹੀਂ ਹੈ ਤਾਂ ਅਸੀਂ ਸੱਚਮੁੱਚ ਸਿਹਤਮੰਦ ਨਹੀਂ ਹੋ ਸਕਦੇ।'

ਉੱਤਰੀ ਕੇਰਨ ਕਾਉਂਟੀ ਵਿੱਚ ਇੱਕ ਕਮਿਊਨਿਟੀ ਜਿੱਥੇ ਉਹ ਵੱਡੀ ਹੋਈ ਸੀ। ਉਥੇ ਉਹ ਲਗਭਗ 100 ਪਰਿਵਾਰਕ ਮੈਂਬਰਾਂ, ਦੋਸਤਾਂ ਅਤੇ ਸਮਰਥਕਾਂ ਨਾਲ ਡੇਲਾਨੋ ਵਿੱਚ ਟੋਨੀਜ਼ ਫਾਇਰ ਹਾਊਸ ਗਰਿੱਲ ਵਿਖੇ ਚੋਣਾਂ ਦੇ ਨਤੀਜੇ ਦੇਖਣ ਲਈ ਇਕੱਠੇ ਹੋਏ ਸਨ। ਇਸ ਸਾਲ ਦੀਆਂ ਚੋਣਾਂ ਵਿੱਚ ਪੂਰੇ ਸੰਯੁਕਤ ਰਾਜ ਤੋਂ ਦੱਖਣੀ ਏਸ਼ੀਆਈ ਅਤੇ ਭਾਰਤੀ-ਅਮਰੀਕੀ ਉਮੀਦਵਾਰਾਂ ਦੀ ਇੱਕ ਅਸਾਧਾਰਨ ਗਿਣਤੀ ਸ਼ਾਮਲ ਸੀ। ਤਜਰਬੇਕਾਰ ਸਿਆਸਤਦਾਨਾਂ ਅਤੇ ਪਹਿਲੀ ਵਾਰੀ ਦੋਵਾਂ ਨੇ ਮਹੱਤਵਪੂਰਨ ਜਿੱਤਾਂ ਹਾਸਲ ਕੀਤੀਆਂ। ਬੇਕਰਸਫੀਲਡ ਕੈਲੀਫੋਰਨੀਆ ਨੇ ਰਿਪੋਰਟ ਦਿੱਤੀ ਕਿ ਹਾਲਾਂਕਿ 'ਇਹ ਇੱਕ ਡੈਮੋਕਰੇਟ ਬਨਾਮ ਡੈਮੋਕਰੇਟ ਦੌੜ ਸੀ,' ਗਿਣਤੀ ਪਰਿਵਾਰਕ ਦੇਖਭਾਲ ਡਾਕਟਰ ਅਤੇ ਰਾਜਨੀਤਿਕ ਨਵੇਂ ਆਉਣ ਵਾਲੇ ਵੱਲ ਬਹੁਤ ਜ਼ਿਆਦਾ ਝੁਕਦੀ ਸੀ।'

ਜਸਮੀਤ ਕੌਰ ਨੇ ਰਾਜ ਵਿਧਾਨ ਸਭਾ ਲਈ ਚੁਣੇ ਜਾਣ ਤੋਂ ਬਾਅਦ ਕਿਹਾ ਕਿ, ਉਹ ਪੇਸ਼ੇਵਰ ਤਕਨੀਕੀ ਸਿੱਖਿਆ ਨੂੰ ਉੱਚ ਤਰਜੀਹ ਦੇਵੇਗੀ, ਪ੍ਰੀ-ਕੇ ਤੋਂ ਲੈ ਕੇ ਕਮਿਊਨਿਟੀ (ਬਾਕੀ ਸਫ਼ਾ 30 'ਤੇ)

ਜਸਮੀਤ ਨੇ ਗਲੋਬਲ ਫੈਮਿਲੀ ਕੇਅਰ ਨੈੱਟਵਰਕ, ਕੇਰਨ ਕਾਉਂਟੀ ਮੈਡੀਕਲ ਸੋਸਾਇਟੀ, ਕੇਰਨ ਰੀਜਨਲ ਸੈਂਟਰ, ਅਤੇ ਟਾਫਟ ਕਾਲਜ ਫਾਊਂਡੇਸ਼ਨਾਂ ਲਈ ਬੋਰਡ ਡਾਇਰੈਕਟਰ ਵਜੋਂ ਕੰਮ ਕੀਤਾ ਹੈ। ਉਸਨੇ ਆਪਣੇ ਪੂਰੇ ਕੈਰੀਅਰ ਵਿੱਚ ਵਿਆਪਕ ਵਲੰਟੀਅਰ ਕੰਮ ਕਰਨ ਨੂੰ ਤਰਜੀਹ ਦਿੱਤੀ ਹੈ। ਜਿਸ ਵਿੱਚ ਹੀਲ ਅਵਰ ਵਰਲਡ ਆਰਗੇਨਾਈਜ਼ੇਸ਼ਨ ਲਈ ਇੱਕ ਵਲੰਟੀਅਰ ਅਤੇ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਬੇਕਰਸਫੀਲਡ ਵਿਖੇ ਗਲੋਬਲ ਮੈਡੀਕਲ ਬ੍ਰਿਗੇਡਜ਼ ਲਈ ਇੱਕ ਸਲਾਹਕਾਰ ਵਜੋਂ ਸ਼ਾਮਲ ਹੈ। ਉਹ ਕਈ ਗਲੋਬਲ ਸਿਹਤ ਪਹਿਲਕਦਮੀਆਂ ਵਿੱਚ ਵੀ ਸ਼ਾਮਲ ਰਹੀ ਹੈ, ਜਿਸ ਵਿੱਚ ਬੱਚਿਆਂ ਵਿੱਚ ਦਵਾਈਆਂ ਦੀ ਸਹੀ ਵਰਤੋਂ, ਸਰਵਾਈਕਲ ਕੈਂਸਰ ਦੇ ਇਲਾਜ ਅਤੇ ਪਨਾਮਾ ਅਤੇ ਹੌਂਡੂਰਸ ਵਿੱਚ ਰੋਕਥਾਮ ਸਿਖਲਾਈ ਅਤੇ ਨਵੀਂ ਦਿੱਲੀ, ਭਾਰਤ ਵਿੱਚ HIV ਅਤੇ TB ਸਕ੍ਰੀਨਿੰਗ ਨੂੰ ਸਿਖਲਾਈ ਦੇਣ ਲਈ ਹੌਂਡੂਰਾਸ ਵਿੱਚ ਥਰਮਾਮੀਟਰ ਗਲੋਬਲ ਹੈਲਥ ਪ੍ਰੋਜੈਕਟ ਸ਼ਾਮਲ ਹੈ।



# ਹਾਸ਼ੀਏ 'ਤੇ ਪਹੁੰਚੇ ਲੋਕਾਂ ਲਈ ਸਿੱਖਿਆ ਕਿਹੋ ਜਿਹੀ



ਗੁਰਮੀਤ ਸਿੰਘ ਪਲਾਹੀ
ਮੋ. 9815802070



ਵਿੱਤੀ ਵਰ੍ਹੇ 2021-22 ਵਿੱਚ ਦੇਸ਼ 'ਚ ਸਿੱਖਿਆ ਦਾ ਬਜਟ ਲਗਭਗ 93,224 ਕਰੋੜ ਹੈ, ਜੋ ਦੇਸ਼ ਦੇ ਕੁੱਲ ਬਜਟ ਦਾ ਲਗਭਗ ਪੌਣੇ ਤਿੰਨ ਫ਼ੀਸਦੀ ਹੈ। ਇਸ ਬਜਟ ਵਿੱਚ ਉੱਚ ਸਿੱਖਿਆ ਲਈ 38,350 ਕਰੋੜ ਰੱਖੇ ਗਏ ਹਨ, ਜੋ ਕਿ ਸਿੱਖਿਆ ਬਜਟ ਦਾ ਲਗਭਗ ਇਕਤਾਲੀ ਫੀਸਦੀ ਹੈ ਜਦਕਿ ਵਿੱਤੀ ਵਰ੍ਹੇ 2021-21 ਦਾ ਸਿੱਖਿਆ ਬਜਟ 99,311 ਕਰੋੜ ਸੀ ਅਤੇ ਉਸ ਵਿੱਚ ਉੱਚ ਸਿੱਖਿਆ ਲਈ 39,466 ਕਰੋੜ ਸਨ।

ਦੋ ਵਿੱਤੀ ਵਰ੍ਹਿਆਂ ਦੇ ਬਜਟ ਦੀ ਜੇਕਰ ਤੁਲਨਾ ਕੀਤੀ ਜਾਵੇ ਤਾਂ ਸਿੱਖਿਆ ਬਜਟ ਵਿੱਚ ਲਗਭਗ ਸਾਢੇ ਛੇ ਫ਼ੀਸਦੀ ਭਾਵ 6,087 ਕਰੋੜ ਰੁਪਏ ਅਤੇ ਉੱਚ ਸਿੱਖਿਆ ਉਤੇ ਪੌਣੇ ਤਿੰਨ ਫ਼ੀਸਦੀ ਭਾਵ 1,115 ਕਰੋੜ ਰੁਪਏ ਦੀ ਕਮੀ ਕੀਤੀ ਗਈ ਹੈ। ਇਹ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਸਿੱਖਿਆ, ਭਾਰਤੀ ਸੰਵਿਧਾਨ ਵਿੱਚ ਸਮਵਰਤੀ ਸੂਚੀ ਵਿੱਚ ਹੈ। ਕੇਂਦਰ ਸਰਕਾਰ ਸੂਬਾ ਸਰਕਾਰਾਂ ਉਤੇ ਇਸਦਾ ਬੋਝ ਸੁੱਟਦੀ ਹੈ ਅਤੇ ਸੂਬਾ ਸਰਕਾਰਾਂ ਕੇਂਦਰ ਦੇ ਸਿੱਖਿਆ ਬਜ਼ਟ ਵੱਲ ਝਾਕਦੀਆਂ ਹਨ। ਸਿੱਖਿਆ ਦੇ ਖ਼ਰਚ ਦਾ ਫੁਟਬਾਲ ਮੈਚ ਕੇਂਦਰ ਅਤੇ ਸੂਬਿਆਂ ਵਿਚਕਾਰ ਲਗਾਤਾਰ ਚਲਦਾ ਹੈ ਅਤੇ ਕੇਂਦਰੀ ਬਜਟ, ਸਿੱਖਿਆ ਪ੍ਰਤੀ ਅਣਦੇਖੀ ਕਰਦਾ ਦਿਸਦਾ ਹੈ। ਜਦਕਿ ਸੂਬੇ ਵੀ ਸਿੱਖਿਆ ਸਹੂਲਤਾਂ ਦੇਣ ਤੋਂ ਮੁੱਖ ਮੋੜੀ ਬੈਠੇ ਹਨ। ਉਦਾਹਰਨ, ਸਾਲ 2021-22 ਦੇ ਬਜਟ ਪ੍ਰਾਵਾਧਾਨ ਵਿੱਚ ਪਿਛਲੇ ਸਾਲ ਨਾਲੋਂ ਛੇ ਫ਼ੀਸਦੀ ਦੀ ਕਟੌਤੀ ਕਰਨਾ ਹੈ ਅਤੇ ਸਿੱਖਿਆ ਦਾ ਬਜਟ ਇਸ ਸਾਲ ਦੀ ਜੀਡੀਪੀ ਦਾ ਪੌਣੇ ਤਿੰਨ ਫ਼ੀਸਦੀ ਹੈ। ਜਦਕਿ ਸਿੱਖਿਆ ਬਾਰੇ ਸਰਕਾਰ ਵਲੋਂ ਸਥਾਪਿਤ ਬਹੁਚਰਚਿਤ ਕੋਠਾਰੀ ਕਮਿਸ਼ਨ ਨੇ 1966 ਵਿੱਚ ਇਹ ਸੁਝਾਅ ਦਿੱਤਾ ਸੀ ਕਿ ਜੀ ਡੀ ਪੀ (ਸਕਲ ਘਰੇਲੂ ਉਤਪਾਦ) ਦਾ ਛੇ ਫ਼ੀਸਦੀ ਸਿੱਖਿਆ ਉੱਤੇ ਖ਼ਰਚ ਕਰਨਾ ਚਾਹੀਦਾ ਹੈ।

ਸਾਲ 2011-12 ਦੇ ਵਿੱਤੀ ਬਜਟ ਵਿੱਚ ਸਿੱਖਿਆ ਬਜਟ ਚਾਰ ਫ਼ੀਸਦੀ ਤੱਕ ਪਹੁੰਚਿਆ, ਉਸ ਤੋਂ ਬਾਅਦ ਇਸ ਬਜਟ ਵਿੱਚ ਕਮੀ ਹੀ ਵੇਖਣ ਲਈ ਮਿਲੀ ਜੋ ਪੌਣੇ ਤਿੰਨ ਫ਼ੀਸਦੀ ਤੱਕ ਪੁੱਜ ਗਈ ਹੈ। ਸੌ ਫ਼ੀਸਦੀ ਸਿੱਖਿਆ ਪ੍ਰਾਪਤ ਕਰਨ ਦੇ ਟੀਚੇ ਅਤੇ ਸਿੱਖਿਆ ਵਿੱਚ ਗੁਣਵੱਤਾ ਲਿਆਉਣ ਦੇ ਟੀਚੇ ਦੀ ਪੂਰਤੀ ਇੰਨੇ ਕੁ ਬਜਟ ਨਾਲ ਕਿਵੇਂ ਹੋ ਸਕਦੀ ਹੈ?

ਅਜ਼ਾਦੀ ਦੇ 75 ਵਰ੍ਹੇ ਬੀਤ ਗਏ ਹਨ। ਸਿੱਖਿਆ ਨੀਤੀ 'ਚ ਬਦਲ ਹੁੰਦਾ ਰਿਹਾ ਹੈ। ਘੱਟ ਗਿਣਤੀਆਂ, ਐਸ.ਸੀ.ਐਸ.ਟੀ ਵਰਗ ਅਤੇ ਖ਼ਾਸ ਕਰਕੇ ਲੜਕੀਆਂ ਦੀ ਸਿੱਖਿਆ ਲਈ ਸਿੱਖਿਆ ਨੀਤੀਆਂ 'ਚ ਫੇਰ ਬਦਲ ਕੀਤੇ ਗਏ ਸਨ। ਪਰ ਪ੍ਰਾਪਤੀਆਂ ਅੱਧੀਆਂ-ਅਧੂਰੀਆਂ ਹਨ। ਨਵੇਂ ਆਰਥਿਕ ਉਦਾਰਵਾਦ ਅਤੇ ਸਿਆਸੀ ਅਰਥ ਸ਼ਾਸ਼ਤਰ ਦੀ ਇੱਛਾ ਸ਼ਕਤੀ ਦੀ ਘਾਟ ਦੇ ਬਾਅਦ ਸਭ ਤੋਂ ਵੱਧ ਸੰਕਟ ਦੇਸ਼ ਵਿੱਚ ਹਾਸ਼ੀਏ 'ਤੇ ਪਹੁੰਚੇ ਲੋਕਾਂ ਦੀ ਸਿੱਖਿਆ ਉਤੇ ਹੀ ਪਿਆ ਹੈ।

ਸਾਲ 2002 'ਚ ਸੰਵਿਧਾਨ ਦੀ ਧਾਰਾ 21-ਏ ਅਨੁਸਾਰ, ਐਕਟ-2002 ਪਾਸ ਕੀਤਾ ਗਿਆ, ਜੋ 86ਵੀਂ ਸੰਵਿਧਾਨਿਕ ਸੋਧ ਸੀ ਜਿਸ ਅਨੁਸਾਰ 6 ਸਾਲ ਤੋਂ 14 ਸਾਲ ਤੱਕ ਸਭ ਬੱਚਿਆਂ ਲਈ ਲਾਜ਼ਮੀ ਸਿੱਖਿਆ (ਨਾਗਰਿਕਾਂ ਨੂੰ ਮਿਲੇ ਮੁਢਲੇ ਅਧਿਕਾਰਾਂ ਅਧੀਨ) ਕੀਤੀ ਗਈ। ਇਸੇ ਤਰ੍ਹਾਂ ਇੱਕ ਕਨੂੰਨ 2009 ਵਿੱਚ ਪਾਸ ਕੀਤਾ ਗਿਆ , ਜਿਸ ਅਨੁਸਾਰ ਹਰ ਵਰਗ ਦੇ ਬਿਨ੍ਹਾਂ ਜਾਤ ਦੇ ਭਿੰਨ ਭੇਦ ਦੇ ਚੰਗੇਰੀ ਸਿੱਖਿਆ ਬੱਚਿਆਂ ਨੂੰ ਦੇਣ ਦਾ ਪ੍ਰਾਵਾਧਾਨ ਕੀਤਾ ਗਿਆ। ਪਰ ਇਨ੍ਹਾਂ ਐਕਟਾਂ ਵਿੱਚ ਕਿਧਰੇ ਵੀ ਗਰੀਬ, ਅਮੀਰ ਲਈ ਇਕੋ ਜਿਹੀ ਸਿੱਖਿਆ ਦਾ ਪ੍ਰਬੰਧ ਨਹੀਂ ਕੀਤਾ ਗਿਆ। ਸਥਿਤੀ ਇਹ ਹੈ ਕਿ ਇੱਕ ਪਾਸੇ ਤਿੰਨ ਤਾਰਾ, ਪੰਜ ਤਾਰਾ ਹੋਟਲਾਂ ਵਰਗੇ ਪਬਲਿਕ ਸਕੂਲ ਹਨ ਅਤੇ ਦੂਜੇ ਪਾਸੇ ਪਿੰਡਾਂ, ਬਸਤੀਆਂ 'ਚ ਬਿਨ੍ਹਾਂ ਬੁਨਿਆਦੀ ਸਹੂਲਤਾਂ ਵਾਲੇ ਸਕੂਲ ਹਨ, ਜਿਥੇ ਨਾ ਬਿਜਲੀ ਹੈ, ਨਾ ਪਾਣੀ ਹੈ। ਅਧਿਆਪਕਾਂ ਦੀ ਸਥਿਤੀ ਇਹਨਾਂ ਸਕੂਲਾਂ ਵਿੱਚ ਇਹ ਹੈ ਕਿ ਇੱਕ ਕਮਰੇ ਦੇ ਸਕੂਲ ਵਿੱਚ ਪੰਜ ਕਲਾਸਾਂ ਹਨ ਅਤੇ ਪੜ੍ਹਾਉਣ ਲਈ ਪਹਿਲੀ ਤੋਂ ਪੰਜਵੀਂ ਕਲਾਸ ਤੱਕ ਇਕੋ ਟੀਚਰ ਹੈ। ਇਹਨਾ ਸਰਕਾਰੀ ਸਕੂਲਾਂ ਵਿੱਚ ਕਿਧਰੇ ਕੋਈ ਪੱਕਾ ਟੀਚਰ ਹੈ, ਕਿਧਰੇ ਮਹਿਮਾਨ ਅਧਿਆਪਕ ਹੈ, ਕਿਧਰੇ ਸਿੱਖਿਆ ਮਿੱਤਰ ਹੈ ਅਤੇ ਪੱਕੇ ਕੱਚੇ ਅਧਿਆਪਕਾਂ ਦੀਆਂ ਤਨਖ਼ਾਹਾਂ 'ਚ ਕਈ ਹਾਲਤਾਂ ਵਿੱਚ 10 ਤੋਂ 20 ਗੁਣਾ ਤੱਕ ਫ਼ਰਕ ਹੈ। ਦੇਸ਼ ਦੇ ਪ੍ਰਾਇਮਰੀ/ਐਲੀਮੈਂਟਰੀ ਸਕੂਲਾਂ ਵਿੱਚ ਫਰਵਰੀ 2020 ਦੀ ਇੱਕ ਰਿਪੋਰਟ ਅਨੁਸਾਰ 10 ਲੱਖ ਤੋਂ ਵੀ ਵੱਧ ਅਧਿਆਪਕਾਂ ਦੀਆਂ ਖ਼ਾਲੀ ਅਸਾਮੀਆਂ ਹਨ।

ਅਕਤੂਬਰ 2021 ਦੀ ਯੂਨੈਸਕੋ ਦੀ ਇੱਕ ਰਿਪੋਰਟ ਅਨੁਸਾਰ ਦੇਸ਼ ਭਰ 'ਚ ਇੱਕ ਲੱਖ ਸਕੂਲ ਇਕੋ ਅਧਿਆਪਕ ਵਾਲੇ ਹਨ ਅਤੇ ਇਨ੍ਹਾਂ ਵਿਚੋਂ 89 ਫ਼ੀਸਦੀ ਪਿੰਡਾਂ 'ਚ ਹਨ। ਇੰਜ ਦੇਸ਼ ਦੇ ਉਸ ਹੇਠਲੇ ਵਰਗ ਦੇ ਲੋਕਾਂ ਦੇ ਬੱਚਿਆਂ ਨੂੰ ਪੜ੍ਹਾਉਣ ਵਾਲੇ ਸਕੂਲਾਂ ਵਿੱਚ ਟੀਚਰਾਂ ਦੀ ਅਤਿਅੰਤ ਕਮੀ ਹੈ। ਇਸੇ ਕਰਕੇ ਇਨ੍ਹਾਂ ਸਕੂਲਾਂ 'ਚ ਗਰੀਬੀ ਵਾਲੀਆਂ ਹਾਲਾਤਾਂ ਦੇ ਮੱਦੇਨਜ਼ਰ ਸਕੂਲ ਛੱਡਣ ਵਾਲੇ ਵਿਦਿਆਰਥੀਆਂ (ਭਾਵ ਡਰਾਪ ਆਊਟ) ਦੀ ਗਿਣਤੀ ਲਗਾਤਾਰ ਵਧੀ ਹੈ। ਕਿਉਂਕਿ ਇਨ੍ਹਾਂ ਸਕੂਲਾਂ 'ਚ ਚੰਗੀ ਸਿੱਖਿਆ ਪ੍ਰਦਾਨ ਕਰਨਾ ਤਾਂ ਇੱਕ ਸੁਫ਼ਨੇ ਜਿਹਾ ਹੈ। ਖ਼ਾਸ ਕਰਕੇ ਕਰੋਨਾ ਕਾਲ ਦੌਰਾਨ ਤਾਂ ਇਨ੍ਹਾਂ ਸਕੂਲਾਂ ਅਤੇ ਇਨ੍ਹਾਂ ਸਕੂਲਾਂ 'ਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਤਾਂ ਮੰਦਾ ਹਾਲ ਹੀ ਹੋਇਆ। ਵੱਡੀ ਗਿਣਤੀ ਇਨ੍ਹਾਂ ਸਕੂਲਾਂ ਦੇ ਵਿਦਿਆਰਥੀ ਪੜ੍ਹਾਈ ਛੱਡ ਗਏ।

ਦੇਸ਼ 'ਚ ਸਿੱਖਿਆ ਸਥਿਤੀ ਦਾ ਅਕਸ ਵਿਖਾਉਣ ਲਈ, ਚਲੋ ਦੇਸ਼ ਭਾਰਤ ਦੀ ਰਾਜਧਾਨੀ ਦਿੱਲੀ ਦੀ ਸਿੱਖਿਆ ਦੀ ਗੱਲ ਕਰਦੇ ਹਾਂ। ਦਿੱਲੀ ਯੂਨੀਵਰਸਿਟੀ ਵਿੱਚ ਕੁੱਲ ਅਧਿਆਪਕਾਂ ਵਿੱਚ 60 ਫ਼ੀਸਦੀ ਕੱਚੇ ਅਧਿਆਪਕ ਹਨ। ਦਿੱਲੀ ਸਕੂਲਾਂ 'ਚ ਕੁੱਲ 64,000 ਅਧਿਆਪਕਾਂ ਦੀਆਂ ਅਸਾਮੀਆਂ 'ਚ 35,000 ਅਧਿਆਪਕ ਹੀ ਰੈਗੂਲਰ ਹਨ। 22,000 ਮਹਿਮਾਨ ਅਧਿਆਪਕ ਹਨ ਬਾਕੀ ਸਿੱਖਿਆ ਮਿੱਤਰ, ਪੈਰਾ ਟੀਚਰ ਆਦਿ। ਕੇਂਦਰੀ ਯੂਨੀਵਰਸਿਟੀਆਂ ਵਿੱਚ ਲਗਭਗ 18,000 ਅਸਾਮੀਆਂ ਮਨਜ਼ੂਰ ਹਨ, ਜਿਨ੍ਹਾਂ ਵਿਚੋਂ 6,000 ਅਸਾਮੀਆਂ ਖ਼ਾਲੀ ਹਨ। ਇਨ੍ਹਾਂ ਯੂਨੀਵਰਸਿਟੀਆਂ, ਪਬਲਿਕ ਸਕੂਲਾਂ 'ਚ ਪੜ੍ਹਨ ਵਾਲੇ ਬਹੁਤੇ ਵਿਦਿਆਰਥੀ ਉੱਚ ਵਰਗ, ਮੱਧ ਵਰਗ ਨਾਲ ਸਬੰਧਤ ਹਨ, ਸਧਾਰਨ ਸਕੂਲਾਂ ਦੇ ਪੜ੍ਹੇ ਵਿਦਿਆਰਥੀ ਤਾਂ ਯੂਨੀਵਰਸਿਟੀਆਂ, ਕਾਲਜਾਂ 'ਚ ਉੱਚ ਸਿੱਖਿਆ ਲਈ ਪਹੁੰਚ ਹੀ ਨਹੀਂ ਪਾਉਂਦੇ।

ਦੇਸ਼ ਦੀ ਅਜ਼ਾਦੀ ਉਪਰੰਤ ਭਾਰਤ ਦੇ ਪਹਿਲੇ ਸਿੱਖਿਆ ਮੰਤਰੀ ਮੌਲਾਨਾ ਅਬੁਲ ਕਲਾਮ ਆਜ਼ਾਦ ਸਨ। ਉਨ੍ਹਾਂ ਨੇ ਦੇਸ਼ ਵਿੱਚ ਯੂਨੀਵਰਸਿਟੀਆਂ, ਤਕਨੀਕੀ ਸੰਸਥਾਵਾਂ ਅਤੇ ਸਕੂਲਾਂ ਵਿੱਚ ਧਰਮ ਨਿਰਪੱਖ ਅਤੇ ਸਮਾਜਵਾਦੀ ਚਿੰਤਨ ਨਾਲ ਪ੍ਰਭਾਵਿਤ ਸਿੱਖਿਆ ਦਰਸ਼ਨ ਅਤੇ ਸਿੱਖਿਆ ਸਮਾਜ ਸ਼ਾਸ਼ਤਰ ਨੂੰ ਨਵੇਂ ਸਿਰੇ ਤੋਂ ਪੜ੍ਹਾਉਣ ਉਤੇ ਜ਼ੋਰ ਦਿੱਤਾ ਸੀ। ਉਨ੍ਹਾਂ ਨੇ ਚਿਤਵਿਆ ਸੀ ਕਿ ਪੜ੍ਹਾਇਆ ਜਾਣਾ ਵਾਲਾ ਸਿਲੇਬਸ ਕਿਸੇ ਵਰਗ ਵਿਸ਼ੇਸ਼, ਜਾਤ, ਧਰਮ, ਬਾਸ਼ਾ ਵਾਲੇ ਦ੍ਰਿਸ਼ਟੀਕੋਨ ਵਾਲਾ ਨਾ ਹੋਵੇ, ਨਾ ਹੀ ਸੂਬਾਈ ਰੰਗ ਨਾਲ ਰੰਗਿਆ ਹੋਵੇ ਸਗੋਂ ਦੇਸ਼ ਦੇ ਸਿੱਖਿਆ

(ਬਾਕੀ ਸਫ਼ਾ 30 'ਤੇ)

## 'ਦਿ ਕਸ਼ਮੀਰ ਫ਼ਾਈਲਜ਼' ਦੇ ਬਾਅਦ ਵਿਵੇਕ ਅਗਨੀਹੋਤਰੀ ਹੁਣ 'ਦਿ ਵੈਕਸੀਨ ਵਾਰ' ਲੈ ਕੇ ਆਉਣਗੇ

### 15 ਅਗਸਤ 2023 ਦੀ ਤਾਰੀਖ ਨੂੰ ਹੋਵੇਗੀ ਰਿਲੀਜ਼




ਫ਼ਿਲਮਕਾਰ ਵਿਵੇਕ ਰੰਜਨ ਅਗਨੀਹੋਤਰੀ ਪਿਛਲੇ ਦਿਨੀਂ ਫ਼ਿਲਮ 'ਦਿ ਕਸ਼ਮੀਰ ਫਾਈਲਜ਼' ਨੂੰ ਲੈ ਕੇ ਚਰਚਾ 'ਚ ਰਹੇ ਸਨ। ਫ਼ਿਲਮ ਨੂੰ ਦਰਸ਼ਕਾਂ ਦੁਆਰਾ ਭਰਪੂਰ ਹੁੰਗਾਰਾ ਮਿਲਿਆ ਅਤੇ ਪਬਲੀਸਿਟੀ ਕਾਰਨ ਇਸ ਨੇ ਵਧੀਆ ਕੁਲੈਕਸ਼ਨ ਵੀ ਕੀਤਾ। 'ਦਿ ਕਸ਼ਮੀਰ ਫ਼ਾਈਲਜ਼' ਤੋਂ ਹੀ ਪ੍ਰਸ਼ੰਸਕ ਵਿਵੇਕ ਦੀ ਅਗਲੀ ਫ਼ਿਲਮ ਦਾ ਇੰਤਜ਼ਾਰ ਕਰ ਰਹੇ ਸਨ, ਜੋ ਹੁਣ ਪੂਰੀ ਹੋ ਗਈ ਹੈ। ਵਿਵੇਕ ਨੇ ਅਗਲੀ ਫ਼ਿਲਮ 'ਦਿ ਵੈਕਸੀਨ ਵਾਰ' ਦਾ ਐਲਾਨ ਕਰ ਦਿੱਤਾ ਹੈ। ਵਿਵੇਕ ਉਨ੍ਹਾਂ ਦਰਸ਼ਕਾਂ ਲਈ ਫ਼ਿਲਮਾਂ ਬਣਾਉਣ ਵਿਚ ਵਿਸ਼ਵਾਸ ਰੱਖਦਾ ਹੈ ਜੋ ਸਾਡੇ ਦੇਸ਼ ਦੀਆਂ ਜੜ੍ਹਾਂ 'ਚ ਹਨ ਅਤੇ ਦੁਨੀਆ ਨੂੰ ਇਹ ਵੀ ਦੇਖਣ ਲਈ ਕਿ ਸਾਡੇ ਦੇਸ਼ ਨੇ ਅਸਲ ਵਿਚ ਕੀ ਪ੍ਰਾਪਤ ਕੀਤਾ ਹੈ। 'ਦਿ ਵੈਕਸੀਨ ਵਾਰ' ਦੀ ਗਲੋਬਲ ਰਿਲੀਜ਼ ਲਈ 15 ਅਗਸਤ 2023 ਦੀ ਤਾਰੀਖ ਬੁੱਕ ਕੀਤੀ ਗਈ ਹੈ।ਇਹ ਫ਼ਿਲਮ ਹਿੰਦੀ, ਅੰਗਰੇਜ਼ੀ, ਤੇਲਗੂ, ਤਾਮਿਲ, ਮਲਿਆਲਮ, ਕੰਨੜ, ਭੋਜਪੁਰੀ, ਪੰਜਾਬੀ, ਗੁਜਰਾਤੀ, ਮਰਾਠੀ ਅਤੇ ਬੰਗਾਲੀ ਸਮੇਤ 11 ਤੋਂ ਵੱਧ ਭਾਸ਼ਾਵਾਂ ਵਿਚ ਰਿਲੀਜ਼ ਹੋਵੇਗੀ। 'ਦਿ ਵੈਕਸੀਨ ਵਾਰ' ਬਾਰੇ ਵਿਵੇਕ ਰੰਜਨ ਅਗਨੀਹੋਤਰੀ ਨੇ ਕਿਹਾ ਕਿ 'ਜਦੋਂ ਕੋਵਿਡ ਲੌਕਡਾਊਨ ਦੌਰਾਨ ਕਸ਼ਮੀਰ ਫਾਈਲਾਂ ਨੂੰ ਮੁਲਤਵੀ ਕੀਤਾ ਗਿਆ ਸੀ, ਮੈਂ ਇਸ ਦੀ ਖ਼ੋਜ ਕਰਨੀ ਸ਼ੁਰੂ ਕਰ ਦਿੱਤੀ ਸੀ। ਫ਼ਿਰ ਅਸੀਂ ਆਈਸੀਐਮਆਰ ਅਤੇ ਐਨ ਆਈ ਵੀ ਦੇ ਵਿਗਿਆਨੀਆਂ ਨਾਲ ਖ਼ੋਜ ਕਰਨੀ ਸ਼ੁਰੂ ਕੀਤੀ ਜਿਨ੍ਹਾਂ ਨੇ ਸਾਡੀ ਆਪਣੀ ਵੈਕਸੀਨ ਨੂੰ ਸੰਭਵ ਬਣਾਇਆ।

## ਰਾਧਾ ਸਵਾਮੀ ਸਤਿਸੰਗ ਘਰ ਦੀ ਕੰਧ 'ਤੇ ਖਾਲਿਸਤਾਨ ਪੱਖੀ ਨਾਅਰੇ ਲਿਖੇ



ਫ਼ਿਰੋਜ਼ਪੁਰ/ਏ.ਟੀ.ਨਿਊਜ਼ :- ਕਸਬਾ ਤਲਵੰਡੀ ਭਾਈ ਵਿੱਚ ਪੈਂਦੇ ਪਿੰਡ ਲੱਲੇ ਸਥਿਤ ਰਾਧਾ ਸੁਆਮੀ ਸਤਿਸੰਗ ਘਰ ਦੀ ਕੰਧ 'ਤੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਖਾਲਿਸਤਾਨੀ ਪੱਖੀ ਨਾਅਰੇ ਲਿਖੇ ਗਏ। ਜਦੋਂ ਡੇਰੇ ਦੇ ਸੇਵਾਦਾਰ ਉਥੇ ਪਹੁੰਚੇ ਤਾਂ ਉਨ੍ਹਾਂ ਨੇ ਇਹ ਨਾਅਰੇ ਵੇਖ ਕੇ ਪੁਲਿਸ ਨੂੰ ਸੂਚਨਾ ਦਿੱਤੀ। ਇਨ੍ਹਾਂ ਨਾਅਰਿਆਂ ਨਾਲ ਐੱਸ.ਐੱਫ਼.ਜੇ. ਵੀ ਲਿਖਿਆ ਹੋਇਆ ਸੀ। ਇਸ ਦੌਰਾਨ ਸਥਾਨਕ ਪੁਲਿਸ ਨੇ ਨਾਅਰਿਆਂ ਵਾਲੀ ਥਾਂ ਦਾ ਜਾਇਜ਼ਾ ਲਿਆ ਅਤੇ ਕਾਗਜ਼ੀ ਕਾਰਵਾਈ ਤੋਂ ਬਾਅਦ ਪੁਲਿਸ ਨੇ ਨਾਅਰੇ ਮਿਟਾ ਦਿੱਤੇ। ਪੁਲਿਸ ਵੱਲੋਂ ਇਸ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ।

Allstate
You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

16 ਨਵੰਬਰ ਤੋਂ 22 ਨਵੰਬਰ, 2022

## ਇਨਸਾਫ਼

ਲੰਘੇ ਦਿਨੀਂ ਕੋਟਕਪੂਰਾ ਵਿਖੇ ਡੇਰਾ ਪ੍ਰੇਮੀ ਪ੍ਰਦੀਪ ਉਰਫ ਰਾਜੂ ਦਾ ਕਤਲ ਹੋਇਆ ਹੈ। ਕਤਲ ਹੋਇਆ ਵਿਅਕਤੀ ਡੇਰਾ ਸਿਰਸਾ ਨਾਲ ਸਬੰਧਿਤ ਸੀ ਅਤੇ ਸਾਲ 2015 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਦੇ ਦੋਸ਼ੀਆਂ ਵਿੱਚ ਉਸ ਦਾ ਨਾਮ ਬੋਲ ਰਿਹਾ ਸੀ। ਲੰਘੇ ਵੀਰਵਾਰ ਸਵੇਰੇ ਸੱਤ ਵਜੇ ਡੇਰਾ ਪ੍ਰੇਮੀ ਨੂੰ ਹਰੀ ਨੌ ਰੋਡ ਸਥਿਤ ਦੁਕਾਨ 'ਤੇ ਛੇ ਅਣਪਛਾਤੇ ਹਮਲਾਵਾਰਾਂ ਨੇ ਗੋਲੀਆਂ ਮਾਰ ਕਰਕੇ ਗੰਭੀਰ ਜ਼ਖ਼ਮੀ ਕਰ ਦਿੱਤਾ ਸੀ, ਜਿਸ ਦੀ ਮਗਰੋਂ ਮੌਤ ਹੋ ਗਈ ਸੀ। ਹਮਲੇ ਦੌਰਾਨ ਡੇਰਾ ਪ੍ਰੇਮੀ ਦਾ ਸੁਰੱਖਿਆ ਗਾਰਡ ਹਾਕਮ ਸਿੰਘ ਤੇ ਗੁਆਂਢੀ ਸਾਬਕਾ ਕੌਂਸਲਰ ਅਮਰ ਸਿੰਘ ਵੀ ਜ਼ਖ਼ਮੀ ਹੋ ਗਏ ਸਨ।

ਰਣਜੀਤ ਸਿੰਘ ਕਮਿਸ਼ਨ ਦੇ ਲੇਖੇ (ਰਿਪੋਰਟ) ਦੇ ਮੁਤਾਬਿਕ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਵੱਲੋਂ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਕਰਨ ਦੀ ਯੋਜਨਾ ਬਣਾਉਣ ਵਿਚ ਪ੍ਰਦੀਪ ਸ਼ਾਮਲ ਸੀ। ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਗੁਰੂ ਸਾਹਿਬ ਦਾ ਸਰੂਪ ਚੋਰੀ ਕਰਨ ਲਈ ਬਿੱਟੂ ਵੱਲੋਂ ਪ੍ਰਦੀਪ ਤੇ ਇਕ ਹਰਸ਼ ਧੂਰੀ ਨਾਂ ਦੇ ਦੋਸ਼ੀ ਨਾਲ ਸਲਾਹ ਮਸ਼ਵਰਾ ਕਰਨ ਮਗਰੋਂ ਹੀ ਸੁਖਜਿੰਦਰ ਤੇ ਰਣਦੀਪ ਨਾਂ ਦੇ ਦੋਸ਼ੀਆਂ ਨੂੰ ਚੁਣਿਆ ਗਿਆ ਤੇ ਬਾਅਦ 'ਚ ਇਨ੍ਹਾਂ ਦੋਵਾਂ ਨੇ ਹੀ ਗੁਰੂ ਸਾਹਿਬ ਦਾ ਸਰੂਪ ਚੋਰੀ ਕੀਤਾ ਸੀ। ਗੁਰੂ ਸਾਹਿਬ ਦੇ ਕੁਝ ਅੰਗ ਪ੍ਰਦੀਪ ਨੂੰ ਵੀ ਫੜਾਏ ਗਏ ਸਨ। ਬਿੱਟੂ ਵੱਲੋਂ ਪ੍ਰਦੀਪ ਨੂੰ ਯੋਜਨਾ ਮੁਤਾਬਿਕ ਪਹਿਲਾਂ ਹੀ ਕਿਹਾ ਗਿਆ ਸੀ ਕਿ ਇਹ ਅੰਗ ਤੂੰ ਕੋਟਕਪੂਰਾ ਤੋਂ ਹਰੀਨੌਂ ਪਿੰਡ ਨੂੰ ਜਾਂਦੀ ਸੜਕ 'ਤੇ ਸੁੱਟਣੇ ਹਨ ਪਰ ਅਗਲੇ ਦਿਨ ਬਰਗਾੜੀ ਦੀਆਂ ਗਲੀਆਂ ਵਿਚੋਂ ਗੁਰੂ ਸਾਹਿਬ ਦੇ ਪਾਵਨ ਅੰਗ ਮਿਲਣ 'ਤੇ ਸਿੱਖਾਂ 'ਚ ਪੈਦਾ ਹੋਏ ਰੋਹ ਕਰਕੇ ਭਾਰੀ ਰੋਸ ਵਿਖਾਵੇ ਸ਼ੁਰੂ ਹੋ ਗਏ ਅਤੇ ਰਣਜੀਤ ਸਿੰਘ ਕਮਿਸ਼ਨ ਦੇ ਲੇਖੇ (ਰਿਪੋਰਟ) ਮੁਤਾਬਿਕ ਇਹ ਵੇਖ ਕੇ ਪ੍ਰਦੀਪ ਡਰ ਗਿਆ ਤੇ ਉਹਨੇ ਗੁਰੂ ਸਾਹਿਬ ਦੇ ਅੰਗ ਜੋ ਹਰੀਨੌਂ ਪਿੰਡ ਨੂੰ ਜਾਂਦੀ ਸੜਕ 'ਤੇ ਸੁੱਟਣੇ ਸਨ ਉਹ ਹਰੀਨੌਂ ਪਿੰਡ ਦੇ ਇਕ ਨਾਲੇ ਵਿਚ ਸੁੱਟ ਦਿੱਤੇ। ਦੱਸਿਆ ਜਾ ਰਿਹਾ ਹੈ ਕਿ ਹੁਣ ਪ੍ਰਦੀਪ ਜਮਾਨਤ 'ਤੇ ਬਾਹਰ ਆਇਆ ਹੋਇਆ ਸੀ ਤੇ ਉਸ ਨੂੰ ਸੁਰੱਖਿਆ ਵੀ ਮਿਲੀ ਹੋਈ ਸੀ।

ਜ਼ਿਕਰਯੋਗ ਹੈ ਕਿ ਹੁਣ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਹੋਏ 7 ਡੇਰਾ ਪ੍ਰੇਮੀਆਂ ਦਾ ਕਤਲ ਹੋ ਚੁੱਕਾ ਹੈ। ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿੱਚ ਡੇਰਾ ਪ੍ਰੇਮੀ ਗੁਰਦੇਵ ਦਾ ਜੂਨ 2016 ਵਿੱਚ ਗੋਲੀਆਂ ਮਾਰ ਕੇ ਕਤਲ, ਇਸ ਤੋਂ ਬਾਅਦ ਡੇਰਾ ਸੱਤਪਾਲ ਸ਼ਰਮਾ ਅਤੇ ਰਮੇਸ਼ ਕੁਮਾਰ ਦਾ 25 ਫਰਵਰੀ 2017 ਨੂੰ ਗੋਲੀਆਂ ਮਾਰ ਕੇ ਕਤਲ, ਬੇਅਦਬੀ ਦੇ ਦੋਸ਼ਾਂ ਵਿੱਚ ਨਾਭਾ ਜੇਲ੍ਹ ਵਿੱਚ ਨਜ਼ਰਬੰਦ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਦਾ 23 ਜਨਵਰੀ 2019 ਨੂੰ ਜੇਲ੍ਹ ਵਿੱਚ ਹੀ ਕਤਲ, ਇਸ ਤੋਂ ਬਾਅਦ ਜਨਵਰੀ 2020 ਵਿੱਚ ਮਨੋਹਰ ਲਾਲ ਦਾ ਗੋਲੀਆਂ ਮਾਰ ਕੇ ਕਤਲ ਅਤੇ 3 ਦਸੰਬਰ 2021 ਨੂੰ ਚਰਨ ਦਾਸ ਵਾਸੀ ਮੁਕਤਸਰ ਦਾ ਵੀ ਕਤਲ ਕਰ ਦਿੱਤਾ ਗਿਆ ਸੀ। ਪੁਲਸ ਸੁਰੱਖਿਆ ਮਿਲਣ ਦੇ ਬਾਵਜੂਦ ਹੁਣ ਪ੍ਰਦੀਪ ਸਿੰਘ ਦਾ ਹਰੀ ਨੌਂ ਰੋਡ ਕੋਟਕਪੂਰਾ ਵਿਖੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਬੇਅਦਬੀ ਦੇ ਦੋਸ਼ਾਂ ਵਿੱਚ ਘਿਰੇ ਫ਼ਰੀਦਕੋਟ ਜ਼ਿਲ੍ਹੇ ਦੇ ਸੱਤ ਡੇਰਾ ਪ੍ਰੇਮੀਆਂ ਨੂੰ ਜ਼ਿਲ੍ਹਾ ਪੁਲਿਸ ਨੇ ਸੁਰੱਖਿਆ ਮੁਹੱਈਆ ਕਰਵਾਈ ਹੋਈ ਹੈ।

ਸਾਲ 2015 ਤੋਂ ਲਗਾਤਾਰ ਵੱਖ-ਵੱਖ ਸਰਕਾਰਾਂ ਗੁਰੂ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿੱਚ ਇਨਸਾਫ ਕਰਨ ਦਾ ਦਾਅਵਾ ਕਰ ਰਹੀਆਂ ਹਨ ਪਰ ਅਜੇ ਤੱਕ ਕਿਸੇ ਨੇ ਵੀ ਆਪਣੀ ਕਹੀ ਗੱਲ ਨੂੰ ਪੂਰਾ ਨਹੀਂ ਕੀਤਾ। ਹੁਣ ਵੀ ਬਹਿਬਲ ਕਲਾਂ ਵਿਖੇ ਇਨਸਾਫ ਮੋਰਚਾ ਚੱਲ ਰਿਹਾ ਹੈ ਅਤੇ ਮੌਜੂਦਾ ਸਰਕਾਰ ਤੋਂ ਇਨਸਾਫ ਦੀ ਮੰਗ ਕੀਤੀ ਜਾ ਰਹੀ ਹੈ। ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਵਿੱਚ ਇਨਸਾਫ ਦੇ ਅਰਥ ਸੱਚ ਅਤੇ ਝੂਠ ਨੂੰ ਨਿਤਾਰਨਾ ਲਿਖਦੇ ਹਨ ਜਿਸ ਨੂੰ ਨਿਆਂ ਵੀ ਕਿਹਾ ਜਾਂਦਾ ਹੈ। ਪਰਕਾਸ਼ ਸਿੰਘ ਜੰਮੂ ਇਸ ਨੂੰ ਹੋਰ ਖੋਲਦਿਆਂ ਇਨਸਾਫ ਦੇ ਅਰਥ ਲਿਖਦੇ ਹਨ ਕਿ, ਕਨੂੰਨ ਵਿੱਚ ਉਹ ਆਦਰਸ਼ ਜਿਸ ਤੋਂ ਜੱਜਾਂ ਦੀ ਅਗਵਾਈ ਦੀ ਆਸ ਕੀਤੀ ਜਾਂਦੀ ਹੈ ਅਤੇ ਲੋਕਾਂ ਦੁਆਰਾ ਉਹ ਪ੍ਰਾਪਤ ਕਰਨ ਵਿੱਚ ਨਿਰਪੱਖਤਾ, ਜਿਸ ਦਾ ਉਹ ਹੱਕ ਰੱਖਦੇ ਹਨ। ਲੋਕਤੰਤਰੀ ਮੁਲਕਾਂ ਵਿੱਚ ਇਹ ਪ੍ਰੀਕਿਰਿਆ ਵੱਖ-ਵੱਖ ਢਾਂਚਿਆਂ ਰਾਹੀਂ ਕੀਤੀ ਜਾਂਦੀ ਹੈ ਜਾਂ ਕੀਤੇ ਜਾਣ ਦਾ ਦਾਅਵਾ ਕੀਤਾ ਜਾਂਦਾ ਹੈ। ਇੰਡੀਆ ਦੇ ਮੌਜੂਦਾ ਢਾਂਚੇ ਇਨਸਾਫ ਦੇ ਮਸਲੇ ਉੱਤੇ ਪੱਖਪਾਤੀ ਹੋਣ ਕਰਕੇ ਸਵਾਲਾਂ ਦੇ ਘੇਰੇ ਵਿੱਚ ਹਨ। ਇਸ ਪੱਖਪਾਤ ਦੀ ਮਾਰ ਝੱਲ ਰਹੇ ਵਰਗ ਲਗਾਤਾਰ ਸੱਚ ਲਈ ਝੂਠ ਨਾਲ ਜੂਝ ਰਹੇ ਹਨ। ਇਹ ਪੱਖਪਾਤੀ ਰਵਈਆ ਇੱਥੇ ਅੱਜ ਤੋਂ ਨਹੀਂ ਹੈ ਸਗੋਂ ਜਦੋਂ ਤੋਂ 1947 ਵਿੱਚ ਸੱਤਾ ਤਬਦੀਲੀ ਹੋਈ ਉਦੋਂ ਤੋਂ ਹੀ ਇਹ ਜਾਰੀ ਹੈ। ਸਿਰਦਾਰ ਕਪੂਰ ਸਿੰਘ ਦੀ ਵੱਡੀ ਉਦਾਹਰਣ ਆਪਣੇ ਕੋਲ ਹੈ। ਉਸ ਤੋਂ ਬਾਅਦ ਲਗਾਤਾਰ ਬੇਇਨਸਾਫੀਆਂ ਅਤੇ ਪੱਖਪਾਤ ਦਾ ਸਿਲਸਿਲਾ ਜਾਰੀ ਹੈ।

ਕੁਝ ਸਮਾਂ ਪਹਿਲਾਂ ਬਹਿਬਲ ਇਨਸਾਫ ਮੋਰਚੇ 'ਤੇ ਪੰਜਾਬ ਸਰਕਾਰ ਵੱਲੋਂ ਕੁਲਤਾਰ ਸਿੰਘ ਸੰਧਵਾਂ ਨੇ ਇਸ ਮਸਲੇ 'ਤੇ ਬੋਲਦਿਆਂ ਕਿਹਾ ਸੀ ਕਿ 'ਮੈਂ ਪੰਥ ਨੂੰ ਇਹ ਵਿਸ਼ਵਾਸ਼ ਦਵਾਉਣਾ ਕਿ ਜਿੰਨੇ ਧੋਖੇ ਹੋਣੇ ਸੀ, ਹੋ ਗਏ। ਹੁਣ ਇਨਸਾਫ ਹੋਵੇਗਾ।' ਪਰ ਅਜੇ ਤੱਕ ਇਸ ਮਸਲੇ ਵਿੱਚ ਕੋਈ ਖਾਸ ਉੱਦਮ ਸਰਕਾਰ ਵੱਲੋਂ ਨਹੀਂ ਹੋਇਆ। ਪ੍ਰਦੀਪ ਦੇ ਕਤਲ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅਮਨ ਕਾਨੂੰਨ ਦੀ ਵਿਵਸਥਾ ਸਬੰਧੀ ਬਿਆਨ ਦਿੱਤਾ ਕਿ ਸੂਬਾ ਸਰਕਾਰ ਕਿਸੇ ਵੀ ਕੀਮਤ 'ਤੇ ਅਮਨ ਸ਼ਾਂਤੀ ਨੂੰ ਭੰਗ ਨਹੀਂ ਹੋਣ ਦੇਵੇਗੀ ਅਤੇ ਦੁਸ਼ਮਣ ਤਾਕਤਾਂ ਨੂੰ ਮੂੰਹ ਤੋੜਵਾਂ ਜੁਆਬ ਦਿੱਤਾ ਜਾਵੇਗਾ।

ਅਮਨ ਕਨੂੰਨ ਸਿਰਫ ਇਨਸਾਫ 'ਤੇ ਹੀ ਖੜ੍ਹਾ ਰਹਿ ਸਕਦਾ ਹੈ। ਬਰਾਬਰਤਾ ਅਤੇ ਇਨਸਾਫ ਨਾਲ ਹੀ ਸ਼ਾਂਤੀ ਬਣੀ ਰਹਿ ਸਕਦੀ ਹੈ। ਧੱਕਾ ਅਤੇ ਪੱਖਪਾਤ ਲੋਕਾਂ ਨੂੰ ਬਹੁਤ ਸਮਾਂ ਰੋਕ ਕੇ ਨਹੀਂ ਰੱਖ ਸਕਦੇ। ਇਹ ਮਸਲਾ ਬਹੁਤ ਗੰਭੀਰ ਹੈ, ਇਸ 'ਤੇ ਸਰਕਾਰ ਨੂੰ ਪਹਿਲ ਦੇ ਅਧਾਰ 'ਤੇ ਕੰਮ ਕਰਨਾ ਚਾਹੀਦਾ ਹੈ ਅਤੇ ਬਣਦਾ ਇਨਸਾਫ ਕਰਨਾ ਚਾਹੀਦਾ ਹੈ। ਸਰਕਾਰ ਇਨਸਾਫ ਕਰਨ ਵਿੱਚ ਅਸਫਲ ਰਹੇਗੀ ਤਾਂ ਲੋਕਾਂ ਨੇ ਇੱਕ ਦਿਨ ਖੁਦ ਇਨਸਾਫ ਕਰਨ ਦੇ ਰਾਹ ਪੈਣਾ ਹੀ ਹੈ, ਇਹ ਅਟੱਲ ਸਚਾਈ ਹੈ।

-ਸੰਪਾਦਕ

# ਸਟੇਟਾਂ ਦਾ ਫੌਜੀਕਰਨ ਤੇ ਭਾਜਪਾ ਸਰਕਾਰ

ਗੁਰਪ੍ਰੀਤ ਸਿੰਘ




ਬੀਤੀ 27-28 ਅਕਤੂਬਰ ਨੂੰ ਫਰੀਦਾਬਾਦ (ਹਰਿਆਣਾ) ਦੇ ਸੂਰਜਕੁੰਡ ਵਿਚ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਸਭ ਸੂਬਿਆਂ ਦੇ ਗ੍ਰਹਿ ਮੰਤਰੀਆਂ ਨਾਲ਼ 'ਚਿੰਤਨ ਸ਼ਿਵਰ' ਦੇ ਨਾਮ ਹੇਠ ਦੋ ਦਿਨਾਂ ਦੀ ਬੈਠਕ ਕੀਤੀ ਗਈ। ਇਸ ਵਿੱਚ ਭਾਜਪਾ ਦੀ ਸਰਕਾਰ ਵਾਲ਼ੇ ਸਭ ਸੂਬਿਆਂ ਦੇ ਗ੍ਰਹਿ ਮੰਤਰੀ ਤੇ ਹੋਰ ਅਧਿਕਾਰੀ ਸ਼ਾਮਲ ਸਨ। ਗੈਰ-ਭਾਜਪਾ ਸਰਕਾਰ ਵਾਲ਼ੇ ਸੂਬਿਆਂ ਵਿੱਚੋਂ ਸਿਰਫ ਪੰਜਾਬ ਤੇ ਕੇਰਲ ਸ਼ਾਮਲ ਹੋਏ। ਇਉਂ ਕੇਂਦਰ ਸਰਕਾਰ ਤੋਂ ਬਿਨਾਂ ਇਸ ਵਿੱਚ 10 ਸੂਬਿਆਂ ਦੇ ਗ੍ਰਹਿ ਮੰਤਰੀ ਤੇ ਹੋਰ ਉੱਚ ਅਧਿਕਾਰੀ ਸ਼ਾਮਲ ਹੋਏ। ਕੇਂਦਰ ਸਰਕਾਰ ਮੁਤਾਬਕ ਇਹ ਬੈਠਕ ਸਾਈਬਰ ਜੁਰਮਾਂ, ਜੁਰਮਾਂ ਵਿੱਚ ਵਧ ਰਹੀ ਸੂਚਨਾ ਤਕਨੀਕ ਦੀ ਵਰਤੋਂ, ਔਰਤਾਂ ਦੀ ਸੁਰੱਖਿਆ ਸਰਹੱਦੀ ਸੁਰੱਖਿਆ ਤੇ ਮੁਲਕ ਦੀ ਅੰਦਰੂਨੀ ਸੁਰੱਖਿਆ ਦੇ ਮਸਲੇ ਵਿਚਾਰਨ ਲਈ ਸੀ। ਇਸਨੂੰ ਪ੍ਰਧਾਨ ਮੰਤਰੀ ਮੋਦੀ ਨੇ ਵੀ ਸੰਬੋਧਨ ਕੀਤਾ। ਪਰ ਅਸਲ ਵਿੱਚ ਇਹ ਬੈਠਕ ਲੋਕਾਂ ਉੱਪਰ ਸੱਤ੍ਹਾ ਦਾ ਸ਼ਿਕੰਜਾ ਕਸਣ, ਹਕੂਮਤੀ ਜਬਰ ਦੇ ਸੰਦ ਹੋਰ ਤਿੱਖੇ ਕਰਨ ਤੇ ਸੂਬਿਆਂ ਦੇ ਉੱਤੋਂ ਦੀ ਹੋ ਕੇ ਕੇਂਦਰ ਸਰਕਾਰ ਨੂੰ ਹੋਰ ਵੱਧ ਤਾਕਤਾਂ ਸੌਂਪਣ ਲਈ ਸੀ। ਇਸ ਬੈਠਕ ਦੇ ਨਤੀਜੇ ਵਜੋਂ ਅਗਲੇ ਸਮਿਆਂ ਵਿੱਚ ਪੁਲਿਸ ਹੱਥ ਹੋਰ ਵੱਧ ਤਾਕਤਾਂ ਦੇਣ, ਕੌਮੀ ਜਾਂਚ ਏਜੰਸੀ ਅਤੇ ਯੂ.ਏ.ਪੀ.ਏ ਦੀ ਦੁਰਵਰਤੋਂ ਅਤੇ ਨਕਸਲਵਾਦ ਨਾਲ਼ ਲੜਾਈ ਦੇ ਨਾਮ ਉੱਪਰ ਜਮਹੂਰੀ ਕਾਰਕੁੰਨਾਂ ਨੂੰ ਜੇਲ੍ਹ ਡੱਕਣ ਜਿਹੀਆਂ ਕਾਰਵਾਈਆਂ ਵਧਣਗੀਆਂ। ਮੋਦੀ ਤੇ ਅਮਿਤ ਸ਼ਾਹ ਵੱਲੋਂ ਕੀਤੀ ਚਰਚਾ ਇਨ੍ਹਾਂ ਮਸਲਿਆਂ ਉੱਪਰ ਹੀ ਵੱਧ ਕੇਂਦਰਤ ਰਹੀ ਹੈ।

ਇਸ ਵਿੱਚ ਪਹਿਲਾ ਮਸਲਾ ਕੌਮੀ ਜਾਂਚ ਏਜੰਸੀ ਦਾ ਹੈ। ਇਸ ਬੈਠਕ ਵਿੱਚ ਦੇਸ਼ ਦੀ ਸੁਰੱਖਿਆ ਦੇ ਨਾਮ ਉੱਪਰ ਕੌਮੀ ਜਾਂਚ ਏਜੰਸੀ ਦੀ ਭੂਮਿਕਾ ਨੂੰ ਨਾ ਸਿਰਫ ਸਲਾਹਿਆ ਗਿਆ ਹੈ ਸਗੋਂ ਇਸਨੂੰ ਹੋਰ ਵੱਧ ਖਤਰਨਾਕ ਬਣਾਉਣ ਲਈ ਵਿਚਾਰਾਂ ਕੀਤੀਆਂ ਗਈਆਂ ਹਨ। ਅਮਿਤ ਸ਼ਾਹ ਨੇ ਕਿਹਾ ਕਿ ਦੇਸ਼ ਦੀ ਸੁਰੱਖਿਆ ਲਈ ਸੂਬਿਆ ਤੇ ਕੇਂਦਰ ਨੂੰ ਰਲ਼ਕੇ ਕੰਮ ਕਰਨ ਦੀ ਲੋੜ ਹੈ, ਇਸ ਕਰਕੇ 2024 ਤੱਕ ਕੌਮੀ ਜਾਂਚ ਏਜੰਸੀ ਦੇ ਦਫਤਰ ਸਭ ਸੂਬਿਆਂ ਵਿੱਚ ਖੋਲ੍ਹੇ ਜਾਣਗੇ। ਕੌਮੀ ਜਾਂਚ ਏਜੰਸੀ ਇੱਕ ਬਦਨਾਮ ਅਦਾਰਾ ਹੈ। ਬਹੁਤ ਸਾਰੇ ਕਨੂੰਨ ਮਾਹਿਰ ਤੇ ਜਮਹੂਰੀ ਕਾਰਕੁੰਨ ਇਸਨੂੰ ਸੂਬਿਆਂ ਦੇ ਸੰਵਿਧਾਨਕ ਹੱਕਾਂ ਤੇ ਨਾਗਰਿਕਾਂ ਦੇ ਜਮਹੂਰੀ ਹੱਕਾਂ ਉੱਪਰ ਹਮਲਾ ਮੰਨਦੇ ਹਨ। ਇਹ ਕਾਂਗਰਸ ਵੱਲੋਂ 2008 ਵਿੱਚ ਦੇਸ਼ ਦੀ ਸੁਰੱਖਿਆ ਤੇ ਅਖੰਡਤਾ ਨੂੰ ਖਤਰਾ ਬਣਨ ਵਾਲ਼ੇ ਮਾਮਲਿਆਂ ਵਿੱਚ ਜਾਂਚ ਤੇ ਕਾਨੂੰਨੀ ਕਾਰਵਾਈ ਲਈ ਬਣਾਈ ਗਈ ਸੀ। ਪਰ ਇਹਨਾਂ ਮਾਮਲਿਆਂ ਵਿੱਚ ਪਹਿਲਾਂ ਹੀ ਸਭ ਸੂਬਿਆਂ ਵਿੱਚ ਪੁਲਿਸ ਤੇ ਹੋਰ ਸੁਰੱਖਿਆ ਅਦਾਰੇ ਮੌਜੂਦ ਸਨ। ਸੰਵਿਧਾਨ ਮੁਤਾਬਕ ਵੀ ਛਾਣਬੀਣ, ਨਿਆਂਇਕ ਜਾਂਚ ਤੇ ਕਨੂੰਨੀ ਪ੍ਰਕਿਰਿਆ ਸੂਬਿਆਂ ਦੇ ਹੱਕਾਂ ਵਿੱਚ ਆਉਂਦੀ ਹੈ। ਇਸਤੋਂ ਬਿਨਾਂ ਕੇਂਦਰ ਸਰਕਾਰ ਅਧੀਨ ਆਉਂਦੀ ਕੇਂਦਰੀ ਜਾਂਚ ਏਜੰਸੀ (ਸੀ.ਬੀ.ਆਈ.) ਵੀ ਮੌਜੂਦ ਸੀ। ਇਸ ਕਰਕੇ ਕੌਮੀ ਜਾਂਚ ਏਜੰਸੀ ਬਣਾਉਣ ਦਾ ਮਕਸਦ ਕੇਂਦਰ ਸਰਕਾਰ ਅਧੀਨ ਅਜਿਹੀ ਪੁਲਸੀਆ ਤਾਕਤ ਦੇਣਾ ਸੀ ਜੋ ਸੂਬਿਆਂ ਦੀ ਮਨਜੂਰੀ ਜਾਂ ਦਖਲ-ਅੰਦਾਜੀ ਤੋਂ ਬਿਨਾਂ ਤੇ ਉਹਨਾਂ ਦੇ ਉੱਪਰੋਂ ਦੀ ਕੰਮ ਕਰੇ। 2014 ਤੱਕ ਇਸਦੀ ਵਰਤੋਂ ਬਹੁਤ ਸੀਮਤ ਸੀ। ਪਰ 2014 ਵਿੱਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਇਸਦੀ ਵਰਤੋਂ ਬਹੁਤ ਵਧ ਗਈ ਹੈ। ਭਾਜਪਾ ਨੇ ਇਸਨੂੰ ਗਿਣ-ਮਿੱਥ ਕੇ ਆਪਣੇ ਵਿਰੋਧੀਆਂ ਤੇ ਜਮਹੂਰੀ-ਸਿਆਸੀ ਕਾਰਕੁੰਨਾਂ ਨੂੰ ਨਿਸ਼ਾਨਾ ਬਣਾਉਣ ਲਈ ਵਰਤਿਆ ਹੈ। ਇਹ ਹੁਣ ਪੂਰੀ ਤਰ੍ਹਾਂ ਭਾਜਪਾ ਦੇ ਸਿਆਸੀ ਟੀਚਿਆਂ ਲਈ ਹੱਥਠੋਕੇ ਦੀ ਭੂਮਿਕਾ ਨਿਭਾ ਰਹੀ ਹੈ। ਭਾਜਪਾ ਨੇ ਇਸ ਰਾਹੀਂ ਇਸਨੇ ਆਪਣੇ ਨੇੜਲਿਆਂ ਨੂੰ ਬਰੀ ਵੀ ਕਰਵਾਇਆ ਹੈ। ਜੂਨ 2016 ਵਿੱਚ ਇੱਕ ਵਕੀਲ ਰੋਹਿਣੀ ਸਾਲਿਆਨ ਨੇ ਖੁਲਾਸ ਕੀਤਾ ਸੀ ਕਿ 2008 ਦੇ ਮਾਲੇਗਾਂਉ ਬੰਬ ਧਮਾਕਿਆਂ ਦੀ ਜਾਂਚ ਵਿੱਚ 2014 ਵਿੱਚ ਸਰਕਾਰ ਬਦਲਣ ਤੋਂ ਬਾਅਦ ਕੌਮੀ ਜਾਂਚ ਏਜੰਸੀ ਦਾ ਰਵੱਈਆ ਬਿਲਕੁਲ ਬਦਲ ਗਿਆ ਜਿਸ ਕਰਕੇ ਸਾਧਵੀ ਪ੍ਰੱਗਿਆ ਠਾਕੁਰ ਤੇ ਹੋਰ ਦੋਸ਼ੀ ਬਰੀ ਹੋਏ। ਇਸੇ ਤਰ੍ਹਾਂ ਅਜਮੇਰ ਸ਼ਰੀਫ ਦਰਗਾਹ ਦੇ ਬੰਬ ਧਮਾਕੇ, ਸਮਝੌਤਾ ਐਕਸਪ੍ਰੈਸ ਬੰਬ ਧਮਾਕੇ ਤੇ ਹੈਦਰਾਬਾਦ ਦੀ ਮੱਕਾ ਮਸਜਿਦ ਦੇ ਬੰਬ ਧਮਾਕਿਆਂ ਵਿੱਚ ਵੀ ਕੌਮੀ ਜਾਂਚ ਏਜੰਸੀ ਦੀ ਕਾਰਗੁਜਾਰੀ ਸ਼ੱਕੀ ਤੇ ਦੋਸ਼ੀਆਂ ਨੂੰ ਬਰੀ ਕਰਨ ਵਾਲ਼ੀ ਰਹੀ ਹੈ।

ਦੂਜੇ ਪਾਸੇ ਇਸ ਨਾਲ਼ ਜਮਹੂਰੀ ਕਾਰਕੁੰਨਾਂ, ਲੋਕ-ਪੱਖੀ ਬੁੱਧੀਜੀਵੀਆਂ, ਪੱਤਰਕਾਰਾਂ ਤੇ ਸੰਘ-ਭਾਜਪਾ ਦੀਆਂ ਨੀਤੀਆਂ ਦਾ ਵਿਰੋਧ ਕਰਨ ਵਾਲ਼ਿਆਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। 2019 ਵਿੱਚ ਭਾਜਪਾ ਨੇ ਇਸ ਵਿੱਚ ਸੋਧਾਂ ਕਰਦਿਆਂ ਇਸ ਅਧੀਨ ਆਉਂਦੇ ਮਸਲਿਆਂ ਦਾ ਘੇਰਾ ਹੋਰ ਵਿਸ਼ਾਲ ਕਰ ਦਿੱਤਾ ਹੈ ਜਿਸ ਮਗਰੋਂ ਇਸਦੀ (ਦੁਰ) ਵਰਤੋਂ ਹੋਰ ਵੀ ਵਧ ਗਈ ਹੈ। ਮਿਸਾਲ ਵਜੋਂ 2018 ਵਿੱਚ ਹੋਏ ਭੀਮਾਂ ਕੋਰੇਗਾਂਵ ਕਾਂਡ ਦੀ ਜਾਂਚ ਮਹਾਂਰਾਸ਼ਟਰ ਪੁਲਿਸ ਕਰ ਰਹੀ ਸੀ। ਉਦੋਂ ਤੱਕ ਉੱਥੇ ਭਾਜਪਾ ਦੀ ਸਰਕਾਰ ਸੀ। 2019 ਦੀਆਂ ਚੋਣਾਂ ਵਿੱਚ ਭਾਜਪਾ ਜਦੋਂ ਸੱਤ੍ਹਾ ਵਿੱਚ ਨਾ ਰਹੀ ਤਾਂ 2020 ਵਿਚ ਇਸ ਮਾਮਲੇ ਦੀ ਜਾਂਚ ਵੀ ਮਹਾਂਰਾਸ਼ਟਰ ਪੁਲਿਸ ਤੋਂ ਲੈ ਕੇ ਕੌਮੀ ਜਾਂਚ ਏਜੰਸੀ ਨੂੰ ਸੌਂਪ ਦਿੱਤੀ ਗਈ। ਇਸ ਜਾਂਚ ਦੇ ਨਾਮ ਹੇਠ ਵਰਵਰਾ ਰਾਓ, ਸੁਧਾ ਭਾਰਦਵਾਜ, ਰੋਨਾ ਵਿਲਸਨ, ਆਨੰਦ ਤੇਲਤੁੰਬੜੇ, ਪ੍ਰੋ. ਸਾਈਬਾਬਾ, ਰੋਨਾ ਵਿਲਸਨ ਤੇ ਵਰਨੋਨ ਗੋਂਜ਼ਾਲਵੇਸ ਜਿਹੇ ਕਈ ਬੁੱਧੀਜੀਵੀਆਂ ਨੂੰ ਝੂਠੇ ਦੋਸ਼ ਮੜ੍ਹ ਕੇ ਜੇਲ੍ਹ ਵਿੱਚ ਡੱਕ ਦਿੱਤਾ ਹੈ। ਪਿਛਲੇ ਸਾਲ ਵੀ ਜਦੋਂ ਕੇਂਦਰ ਦੇ ਖੇਤੀ ਕਨੂੰਨਾਂ ਖਿਲਾਫ ਲੋਕ ਘੋਲ ਸਿਖਰ 'ਤੇ ਸੀ ਤਾਂ ਉਦੋਂ ਵੀ ਕੌਮੀ ਜਾਂਚ ਏਜੰਸੀ ਨੇ ਇਸ ਘੋਲ਼ ਦੀ ਹਮਾਇਤ ਕਰਨ ਵਾਲ਼ੇ ਬੁੱਧੀਜੀਵੀਆਂ ਨੂੰ ਨੋਟਿਸ ਕੱਢੇ ਸਨ। ਕਸ਼ਮੀਰ ਵਿੱਚ ਵੀ ਇਸ ਏਜੰਸੀ ਦੀ ਅੰਨ੍ਹੀ ਵਰਤੋਂ ਕੀਤੀ ਜਾ ਰਹੀ ਹੈ। ਨਾਗਰਿਕਤਾ ਸੋਧ ਕਨੂੰਨ ਖਿਲਾਫ ਸੰਘਰਸ਼ ਕਰਨ ਵਾਲ਼ੇ ਕਈ ਕਾਰਕੁੰਨਾਂ ਨੂੰ ਵੀ ਕੌਮੀ ਜਾਂਚ ਏਜੰਸੀ ਨੇ ਫਰਜੀ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਸੀ। ਕੌਮੀ ਜਾਂਚ ਏਜੰਸੀ ਵੱਲੋਂ ਸਭ ਤੋਂ ਵੱਧ ਮਾਮਲੇ ਗੈਰ-ਕਨੂੰਨੀ ਸਰਗਰਮੀ ਰੋਕੂ ਕਨੂੰਨ (ਯੂਏਪੀਏ) ਤਹਿਤ ਦਰਜ ਕੀਤੇ ਜਾ ਰਹੇ ਹਨ। ਇਸ ਕਰਕੇ ਇਹ ਕੋਈ ਹੈਰਾਨੀ ਵਾਲ਼ੀ ਗੱਲ ਨਹੀਂ ਹੈ ਕਿ ਅਮਿਤ ਸ਼ਾਹ ਤੇ ਮੋਦੀ ਵੱਲੋਂ ਇਸ ਬੈਠਕ ਵਿੱਚ ਵੀ ਯੂਏਪੀਏ ਦੇ ਕਸੀਦੇ ਪੜ੍ਹੇ ਗਏ ਹਨ। ਇਸ ਗੈਰ-ਜਮਹੂਰੀ ਕਾਨੂੰਨ ਦੀ ਵੈਧਤਾ ਉੱਪਰ ਸਰਵਉੱਚ ਅਦਾਲਤ ਵਿੱਚ ਮਾਮਲਾ ਚੱਲ ਰਿਹਾ ਹੈ। ਇਹ ਵੀ ਕੋਈ ਇਤਫਾਕ ਨਹੀਂ ਹੈ ਕਿ 2019 ਵਿੱਚ ਹੀ ਕੌਮੀ ਜਾਂਚ ਏਜੰਸੀ ਦੇ ਨਾਲ਼-ਨਾਲ਼ ਯੂਏਪੀਏ ਵਿੱਚ ਵੀ ਭਾਜਪਾ ਹਕੂਮਤ ਵੱਲੋਂ ਸੋਧ ਕੀਤੀ ਗਈ ਹੈ। ਇਹ ਕਾਨੂੰਨ ਕਿਸੇ ਵਿਅਕਤੀ ਨੂੰ ਬਿਨਾਂ ਮੁਕੱਦਮਾ ਚਲਾਏ ਅੱਤਵਾਦੀ ਐਲਾਨ ਸਕਦਾ ਹੈ। ਇਸਦੀ ਦੁਰਵਰਤੋਂ ਖਿਲਾਫ ਵੀ ਕਿਸੇ ਤਰ੍ਹਾਂ ਦੀ ਕੋਈ ਸੁਣਵਾਈ ਨਹੀਂ ਹੈ।

ਕੌਮੀ ਜਾਂਚ ਏਜੰਸੀ ਦੇ ਬਣਨ ਤੋਂ ਲੈ ਕੇ 12 ਅਗਸਤ 2022 ਤੱਕ ਇਸ ਕੋਲ਼ 456 ਮਾਮਲੇ ਦਰਜ ਹੋਏ ਹਨ ਜਿਨ੍ਹਾਂ ਵਿੱਚ 357 ਮਾਮਲੇ (78 ਫੀਸਦੀ) ਯੂਏਪੀਏ ਤਹਿਤ ਦਰਜ ਕੀਤੇ ਗਏ ਹਨ। ਇਨ੍ਹਾਂ 357 ਮਾਮਲਿਆਂ ਵਿੱਚੋਂ ਵੀ 80 ਫੀਸਦੀ ਮਾਮਲੇ 2014 ਵਿੱਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਦਰਜ ਕੀਤੇ ਗਏ ਹਨ। ਯੂਏਪੀਏ ਦੀ ਦੁਰਵਰਤੋਂ ਕਿੰਨੇ ਵੱਡੇ ਪੱਧਰ 'ਤੇ ਹੋ ਰਹੀ ਹੈ। ਇਸਨੂੰ ਦੱਸਣ ਲਈ ਇੱਕ ਤੱਥ ਹੀ ਕਾਫੀ ਹੈ। 2015 ਤੋਂ 2020 ਦਰਮਿਆਨ 8371 ਲੋਕਾਂ ਉੱਤੇ ਯੂਏਪੀਏ ਤਹਿਤ ਪਰਚਾ ਦਰਜ ਕੀਤਾ ਗਿਆ। ਅਦਾਲਤੀ ਕਾਰਵਾਈ ਤੋਂ ਬਾਅਦ ਇਹਨਾਂ ਵਿੱਚੋਂ 8136 ਜਣੇ ਬੇਦੋਸ਼ ਸਾਬਿਤ ਹੋਏ, ਮਤਲਬ 3 ਫੀਸਦੀ ਤੋਂ ਵੀ ਘੱਟ ਲੋਕ ਦੋਸ਼ੀ ਪਾਏ ਗਏ। ਮਤਲਬ ਹਰ 1 ਦੋਸ਼ੀ ਪਿੱਛੇ 32-33 ਬੇਦੋਸ਼ੇ ਯੂਏਪੀਏ ਤਹਿਤ ਜੇਲ੍ਹਾਂ ਵਿੱਚ ਸੁੱਟੇ ਜਾ ਰਹੇ ਹਨ। ਇਹ ਹੈ ਯੂਏਪੀਏ ਦੀ ਹਕੀਕਤ ਜਿਸਦਾ ਮੋਦੀ ਨੇ ਗ੍ਰਹਿ ਮੰਤਰੀਆਂ ਦੀ ਇਸ ਬੈਠਕ ਵਿੱਚ ਅੱਤਵਾਦ ਖਿਲਾਫ ਲੜਾਈ ਨੂੰ ਹੱਲਾਸ਼ੇਰੀ ਦੇਣ ਲਈ ਗੁਣਗਾਣ ਕੀਤਾ ਹੈ।

ਮੋਦੀ ਨੇ ਆਪਣੇ ਭਾਸ਼ਣ ਵਿੱਚ 'ਇੱਕ ਦੇਸ਼ ਇੱਕ ਵਰਦੀ' ਦਾ ਵੀ ਨਾਅਰਾ ਦਿੱਤਾ ਹੈ, ਭਾਵ ਪੂਰੇ ਭਾਰਤ ਵਿੱਚ ਪੁਲਿਸ ਦੀ ਵਰਦੀ ਇੱਕੋ-ਜਿਹੀ ਹੋਵੇ। ਮੋਦੀ ਨੇ ਕਿਹਾ ਕਿ ਉਹ ਇੱਕ ਸੁਝਾਅ ਹੀ ਪੇਸ਼ ਕਰ ਰਿਹਾ ਹੈ ਇਹ ਕਿਸੇ ਉੱਪਰ ਥੋਪਿਆ ਨਹੀਂ ਜਾ ਰਿਹਾ। ਪਰ ਇਹ ਮਹਿਜ ਸੁਝਾਅ ਨਹੀਂ ਹੈ ਸਗੋਂ ਪੁਲਿਸ ਨੂੰ ਲੈਕੇ ਭਾਜਪਾ ਦੀਆਂ ਹਿੰਦੂ ਰਾਸ਼ਟਰਵਾਦ ਦੀਆਂ ਖਾਹਿਸ਼ਾਂ ਦਾ ਛੋਟਾ ਜਿਹਾ ਸੰਕੇਤ ਹੈ। ਭਾਜਪਾ ਦੀ ਅਸਲ ਇੱਛਾ ਸਿਰਫ ਇੱਕ ਵਰਦੀ ਦੀ ਨਹੀਂ ਸਗੋਂ ਪੂਰੇ ਭਾਰਤ ਵਿੱਚ ਪੁਲਿਸ ਨੂੰ ਇੱਕ ਪ੍ਰਣਾਲੀ ਵਿੱਚ ਬੰਨ੍ਹਣਾ ਹੈ ਜਿਸਦਾ ਕੰਟਰੋਲ ਕੇਂਦਰ ਹੱਥ ਹੋਵੇ। ਅਗਲੇ ਸਮਿਆਂ ਵਿੱਚ ਭਾਜਪਾ ਦੇ ਅਜਿਹੇ ਮਨਸੂਬੇ ਹੋਰ ਵੀ ਖੁੱਲ੍ਹੇ ਰੂਪ ਵਿੱਚ ਜਾਹਿਰ ਹੋਣਗੇ।

'ਦੇਸ਼ਧ੍ਰੋਹੀ', 'ਨਕਸਲਵਾਦੀ', ਖਾਲਿਸਤਾਨੀ 'ਭੜਕਾਊ ਤੱਤ', 'ਅਮਨ ਕਨੂੰਨ ਲਈ ਖਤਰਾ', 'ਦੇਸ਼ ਦੀ ਅਖੰਡਤਾ ਦੇ ਦੁਸ਼ਮਣ' ਇਹ ਕੁੱਝ ਅਜਿਹੇ ਲਕਬ ਹਨ ਜਿਹੜੇ ਭਾਜਪਾ ਥੋਕ ਵਿੱਚ ਵੰਡ ਰਹੀ ਹੈ। ਜਿਹੜਾ ਵੀ ਸੰਘ-ਭਾਜਪਾ ਦੀਆਂ ਫਾਸ਼ੀਵਾਦੀ ਨੀਤੀਆਂ ਦਾ ਵਿਰੋਧ ਕਰਦਾ ਹੈ ਉਨ੍ਹਾਂ ਨੂੰ ਅਜਿਹੇ ਲਕਬਾਂ ਨਾਲ ਨਿਵਾਜ ਕੇ ਸਮੁੱਚੇ ਲੋਕਾਂ ਦੇ ਦੁਸ਼ਮਣ ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਇਹ ਜੋ ਕੁੱਝ ਵੀ ਹੋ ਰਿਹਾ ਹੈ ਇਹ ਕੋਈ ਅਚਨਚੇਤ ਜਾਂ ਅਣਕਿਆਸਾ ਨਹੀਂ ਹੈ। ਸੰਸਾਰ ਸਰਮਾਏਦਾਰਾ ਪ੍ਰਬੰਧ ਦੇ ਨਾਲ਼-ਨਾਲ਼ ਭਾਰਤ ਵੀ ਆਰਥਿਕ ਸੰਕਟ ਦੇ ਦੌਰ ਵਿੱਚੋਂ ਗੁਜਰ ਰਿਹਾ ਹੈ। ਇਸ ਦੌਰ ਵਿੱਚੋਂ ਇੱਥੋਂ ਦੀ ਵੱਡੀ ਸਰਮਾਏਦਾਰ ਜਮਾਤ ਨੇ ਫਾਸ਼ੀਵਾਦੀ ਰਾਸ਼ਟਰੀ ਸਵੈਸੇਵਕ ਸੰਘ ਤੇ ਉਸਦੇ ਸਿਆਸੀ ਵਿੰਗ ਭਾਜਪਾ ਨੂੰ ਆਪਣੀ ਸੇਵਾ ਲਈ ਚੁਣਿਆ ਹੈ। ਇਸ ਹਕੂਮਤ ਦਾ ਪਹਿਲਾ ਕੰਮ ਹੈ ਦੇਸੀ ਵਿਦੇਸ਼ੀ ਸਰਮਾਏਦਾਰਾਂ ਦੇ ਹੱਕ ਵਿੱਚ ਨੀਤੀਆਂ ਬਣਾਉਣਾ, ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਉੱਪਰ ਕਟੌਤੀ ਕਰਕੇ ਸਰਕਾਰੀ ਖਜਾਨੇ ਦਾ ਮੂੰਹ ਉਨ੍ਹਾਂ ਲਈ ਖੋਲ੍ਹਣਾ। ਦੂਜਾ ਕੰਮ ਹੈ ਲੋਕਾਂ ਨੂੰ ਧਰਮ ਦੇ ਨਾਮ ਉੱਪਰ ਆਪਸ ਵਿੱਚ ਲੜਾਉਣਾ ਜਿਸਦੇ ਲਈ ਹਿੰਦੂਤਵ ਦਾ ਜਨੂੰਨ ਖੜ੍ਹਾ ਕੀਤਾ ਜਾ ਰਿਹਾ ਹੈ ਤੇ ਮੁਸਲਮਾਨਾਂ ਸਮੇਤ ਸਭ ਧਾਰਮਿਕ ਘੱਟਗਿਣਤੀਆਂ ਨੂੰ ਦੁਸ਼ਮਣਾਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਤੀਜਾ ਕੰਮ ਹੈ ਲੋਕਾਂ ਵਿੱਚੋਂ ਵਿਰੋਧ ਦੀ ਉੱਠਣ ਵਾਲ਼ੀ ਹਰ ਅਵਾਜ ਨੂੰ ਕੁਚਲਣਾ। ਇਸਦੇ ਲਈ ਜਮਹੂਰੀ ਹੱਕਾਂ ਦੇ ਘੇਰਾ ਸੁੰਗੇੜਿਆ ਜਾ ਰਿਹਾ ਹੈ, ਜਾਬਰ ਕਨੂੰਨ ਬਣਾਏ ਜਾ ਰਹੇ ਹਨ, ਪੁਲਿਸ ਤੇ ਸੁਰੱਖਿਆ ਏਜੰਸੀਆਂ ਨੂੰ ਅੰਨ੍ਹੀਆਂ ਤਾਕਤਾਂ ਦਿੱਤੀਆਂ ਜਾ ਰਹੀਆਂ ਹਨ ਸਟੇਟਾਂ ਦਾ ਫੌਜੀਕਰਨ ਕੀਤਾ ਜਾ ਰਿਹਾ ਹੈ। ਜਿਹਨਾਂ ਦੀ ਕੋਈ ਜਵਾਬਦੇਹੀ ਨਹੀਂ ਹੈ ਅਤੇ ਸੂਬਿਆਂ ਉੱਪਰ ਮਨਮਰਜੀ ਲਈ ਤਾਕਤਾਂ ਦਾ ਕੇਂਦਰੀਕਰਨ ਕੀਤਾ ਜਾ ਰਿਹਾ ਹੈ। ਮੀਡੀਆ, ਅਦਾਲਤਾਂ, ਨਿਆਂਇਕ ਪ੍ਰਬੰਧ ਆਦਿ ਨੂੰ ਹੱਥ ਠੋਕੇ ਬਣਾਇਆ ਜਾ ਰਿਹਾ ਹੈ। ਇਉਂ ਦੇਸ਼ ਵਾਸੀਆਂ ਸਾਹਮਣਾ ਫਾਸ਼ੀਵਾਦੀ ਉਭਾਰ ਨਾਲ਼ ਹੋ ਰਿਹਾ ਹੈ ਜਿਸਨੂੰ ਇੱਥੋਂ ਦੀ ਵੱਡੀ ਸਰਮਾਏਦਾਰੀ ਨੇ ਆਪਣੀ ਸੇਵਾ ਲਈ ਚੁਣਿਆ ਹੈ।

## ਮਾਮਲਾ ਗੁਜਰਾਤ ਮੁਸਲਮਾਨ ਨਸਲਕੁਸ਼ੀ ਦਾ

# 97 ਕਤਲਾਂ ਦੇ ਦੋਸ਼ੀਆਂ ਵਿੱਚ ਸ਼ਾਮਲ ਮਨੋਜ ਦੀ ਧੀ ਪਾਇਲ ਨੂੰ ਭਾਜਪਾ ਨੇ ਦਿੱਤੀ ਟਿਕਟ

## ਪੀੜਤ ਮੁਸਲਮਾਨ ਪਰਿਵਾਰ ਨਰਾਜ਼, ਪੀੜਤ ਸਲੀਮ ਸ਼ੇਖ਼ ਨੇ ਕਿਹਾ ਕਿ ਦਾਊਦ ਇਬਰਾਹਿਮ ਦੀ ਧੀ ਨੂੰ ਏਥੇ ਕੋਈ ਪਾਰਟੀ ਟਿਕਟ ਦਿੰਦੀ ਤਾਂ ਭਾਜਪਾ ਨੂੰ ਕਿਸ ਤਰ੍ਹਾਂ ਲੱਗਦਾ ?

ਨਰੋਦਾ ਪਾਟਿਆ/ਏ.ਟੀ.ਨਿਊਜ਼ :- 28 ਫ਼ਰਵਰੀ 2002 ਨੂੰ ਅਹਿਮਦਾਬਾਦ ਦੇ ਨਰੋਦਾ ਪਾਟੀਆ ਦੀ ਮੁਸਲਮਾਨ ਬਸਤੀ ਵਿੱਚ 97 ਲੋਕਾਂ ਦੀ ਹੱਤਿਆ ਕਰ ਦਿੱਤੀ ਗਈ ਸੀ। ਇਸ ਕਤਲੇਆਮ ਦੇ ਦੋਸ਼ੀਆਂ ਵਿੱਚ ਮਨੋਜ ਕੁਕਰਾਨੀ ਵੀ ਸ਼ਾਮਿਲ ਸੀ। ਗੁਜਰਾਤ ਦੇ ਇਸ ਕਤਲੇਆਮ ਵਿੱਚ ਹੋਰ ਕਿਸੇ ਇਲਾਕੇ ਵਿੱਚ ਐਨੀਆਂ ਮੌਤਾਂ ਨਹੀਂ ਹੋਈਆਂ ਸਨ। ਸਾਲ 2012 ਵਿੱਚ ਅਦਾਲਤ ਨੇ ਪਾਇਲ ਦੇ ਪਿਤਾ ਮਨੋਜ ਕੁਕਰਾਨੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਕਰੀਬ 20 ਸਾਲ ਬਾਅਦ ਇਸੇ ਨਰੋਦਾ ਪਾਟੀਆ ਵਿਧਾਨ ਸਭਾ ਸੀਟ ਤੋਂ ਭਾਜਪਾ ਨੇ ਮਨੋਜ ਕੁਕਰਾਨੀ ਦੀ ਧੀ ਪਾਇਲ ਨੂੰ ਉਮੀਦਵਾਰ ਬਣਾਇਆ ਹੈ। ਮਨੋਜ ਕੁਕਰਾਨੀ ਹਾਲੇ ਸਿਹਤ ਕਾਰਨਾਂ ਕਾਰਨ ਜ਼ਮਾਨਤ ਉਪਰ ਹਨ। ਪਰ ਉਹ ਆਪਣੀ ਧੀ ਲਈ ਚੋਣ ਪ੍ਰਚਾਰ ਕਰ ਰਹੇ ਹਨ।

ਪਾਇਲ ਕੁਕਰਾਨੀ ਨੂੰ ਟਿਕਟ ਮਿਲਣ ਨਾਲ ਨਰੋਦਾ ਪਾਟਿਆ ਦੇ ਕੁਝ ਮੁਸਲਮਾਨ ਪਰਿਵਾਰ ਕਾਫ਼ੀ ਨਰਾਜ਼ ਹਨ।ਦੰਗਾਕਾਰੀਆਂ ਨੇ ਸਲੀਮ ਸ਼ੇਖ਼ ਦੀ ਭੈਣ ਦੀ ਕੁੜੀ ਅਤੇ ਉਹਨਾਂ ਦੇ ਦੋ ਬੱਚਿਆਂ ਦੀ ਜਾਨ ਲੈ ਲਈ ਸੀ।ਸਲੀਮ ਸ਼ੇਖ਼ ਕਹਿੰਦੇ ਹਨ, 'ਮੈਂ ਤਾਂ ਮਨੋਜ ਦੇ ਖ਼ਿਲਾਫ਼ ਗਵਾਹ ਵੀ ਬਣਿਆ ਸੀ। ਉਸ ਨੂੰ ਸਜ਼ਾ ਵੀ ਮਿਲੀ। ਪਰ ਹੁਣ ਉਹ ਆਪਣੀ ਧੀ ਲਈ ਚੋਣ ਪ੍ਰਚਾਰ ਕਰ ਰਿਹਾ ਹੈ। ਮਨੋਜ ਕੁਕਰਾਨੀ ਇੱਕ ਦੋਸ਼ੀ ਹੈ। ਅਜਿਹੇ ਵਿੱਚ ਭਾਜਪਾ ਉਸ ਨੂੰ ਟਿਕਟ ਨਹੀਂ ਦੇ ਸਕਦੀ ਅਤੇ ਪਾਰਟੀ ਨੇ ਉਸ ਦੇ ਪਰਿਵਾਰ ਨੂੰ ਟਿਕਟ ਦਿੱਤੀ ਹੈ। ਮਨੋਜ ਕੁਕਰਾਨੀ 2002 ਵਿੱਚ ਗ਼ਰੀਬ ਮੁਸਲਮਾਨਾਂ ਨੂੰ ਮਾਰਨ ਵਿੱਚ ਸ਼ਾਮਲ ਸੀ। ਭਾਜਪਾ ਉਸ ਨੂੰ ਇੱਕ ਕ੍ਰਾਂਤੀਕਾਰੀ ਦੇ ਤੌਰ 'ਤੇ ਪੇਸ਼ ਕਰਦੀ ਹੈ। ਇਸ ਲਈ ਉਸ ਦੀ ਧੀ ਨੂੰ ਟਿੱਕਟ ਦਿੱਤੀ ਗਈ ਹੈ।'

ਉਹ ਅੱਗੇ ਕਹਿੰਦੇ ਹਨ, 'ਭਾਜਪਾ ਵਾਲਿਆਂ ਨਾਲ ਜੇਕਰ ਤੁਹਾਡੀ ਗੱਲ ਹੋਵੇ ਤਾਂ ਪੁੱਛਣਾ ਕਿ ਦਾਊਦ ਇਬਰਾਹਿਮ ਦੀ ਧੀ ਨੂੰ ਏਥੇ ਕੋਈ ਪਾਰਟੀ ਟਿਕਟ ਦਿੰਦੀ ਤਾਂ ਭਾਜਪਾ ਨੂੰ ਕਿਸ ਤਰ੍ਹਾਂ ਲੱਗਦਾ ?'



ਸਲੀਮ ਸ਼ੇਖ਼ ਨੇ ਜਦੋਂ ਇਹ ਸਵਾਲ ਗੁਜਰਾਤ ਭਾਜਪਾ ਦੇ ਬੁਲਾਰੇ ਯਮਲ ਵਿਆਸ ਨੂੰ ਪੁੱਛਿਆ ਤਾਂ ਉਹਨਾਂ ਦਾ ਜਵਾਬ ਸੀ, 'ਪਾਇਲ ਖ਼ੁਦ ਇੱਕ ਐੱਮ ਡੀ ਡਾਕਟਰ ਹੈ। ਉਹ ਨੌਜਵਾਨ ਹੈ ਅਤੇ ਪਾਰਟੀ ਵਿੱਚ ਕਾਫ਼ੀ ਮਿਹਨਤ ਕਰਦੀ ਹੈ। ਉਹ ਪਾਰਟੀ ਦੀ ਕਾਰਕੁਨ ਹੈ, ਉਨ੍ਹਾਂ ਨੂੰ ਟਿੱਕਟ ਦਿੱਤੀ ਗਈ ਹੈ। ਇਹ ਵਿਸ਼ਾ ਬਹੁਤ ਪੁਰਾਣਾ ਹੈ ਅਤੇ ਗੁਜਰਾਤ ਇਸ ਨੂੰ ਭੁੱਲ ਚੁੱਕਾ ਹੈ।'

ਯਾਦ ਰਹੇ ਕਿ ਗੁਜਰਾਤ ਵਿੱਚ ਮੁਸਲਮਾਨਾਂ ਦੀ ਗਿਣਤੀ 9.97 ਫ਼ੀਸਦੀ ਹੈ। ਇਸ ਵਾਰ ਵੀ ਭਾਜਪਾ ਨੇ ਕਿਸੇ ਮੁਸਲਮਾਨ ਨੂੰ ਟਿਕਟ ਨਹੀਂ ਦਿੱਤੀ।

ਇਸੇ ਇਲਾਕੇ ਨਰੋਦਾ ਪਾਟਿਆ ਦੀ ਫ਼ਾਤਿਮਾ ਬੀਬੀ ਕਹਿੰਦੀ ਹੈ, 'ਮੇਰੇ ਕੁੱਲ 19 ਰਿਸ਼ਤੇਦਾਰਾਂ ਦੀ ਜਾਨ ਗਈ ਸੀ। ਦੋਸ਼ੀਆਂ ਨੂੰ ਟਿਕਟ ਦਿੱਤੀ ਜਾ ਰਹੀ ਹੈ। ਇਹ ਕਿਹੋ ਜਿਹਾ ਇਨਸਾਫ਼ ਹੈ ? ਜਿਸ ਨੇ ਗੁਨਾਹ ਕੀਤਾ ਹੈ, ਉਸ ਨੂੰ ਇਨਾਮ ਦਿੱਤਾ ਜਾ ਰਿਹਾ ਹੈ।'

ਇਹ ਕਿਹੜਾ ਅੰਨ੍ਹਾ ਕਾਨੂੰਨ ਹੈ ? ਇਹ ਸਾਡੇ ਜ਼ਖਮਾਂ ਉਪਰ ਲੂਣ ਛਿੜਕ ਰਹੇ ਹਨ।ਇਸੇ ਇਲਾਕੇ ਵਿੱਚ ਰਹਿਣ ਵਾਲੀ ਜ਼ੂਮੇਲਾ ਬਾਨੋ ਕਹਿੰਦੀ ਹੈ, 'ਅਸੀਂ ਮਦਦ ਲਈ ਬਹੁਤ ਗੁਹਾਰ ਲਾਈ ਸੀ ਪਰ ਜਿਸ ਨੂੰ ਟਿਕਟ ਦਿੱਤੀ ਗਈ ਹੈ, ਅਸੀਂ ਉਸ ਦੇ ਪਿਤਾ ਨੂੰ ਕਤਲੇਆਮ ਵਿੱਚ ਆਪਣੀਆਂ ਅੱਖਾਂ ਨਾਲ ਦੇਖਿਆ ਹੈ। ਇਹ ਲੋਕ ਕਹਿੰਦੇ ਹਨ ਕਿ ਪਾਕਿਸਤਾਨ ਚਲੇ ਜਾਵੋ, ਕੀ ਅਸੀਂ ਹਿੰਦੋਸਤਾਨ ਦੀਆਂ ਔਰਤਾਂ ਨਹੀਂ ਹਾਂ ? ਹਿੰਦੋਸਤਾਨ ਨੂੰ ਆਜ਼ਾਦੀ ਦਵਾਉਣ ਲਈ ਕੀ ਅਸੀਂ ?

(ਬਾਕੀ ਸਫ਼ਾ 31 'ਤੇ)

*ਭਾਜਪਾ ਪਿਛਲੀਆਂ ਕਈ ਵਿਧਾਨ ਸਭਾ ਚੋਣਾਂ ਤੋਂ ਮੁਸਲਮਾਨਾਂ ਨੂੰ ਟਿਕਟ ਨਹੀਂ ਦੇ ਰਹੀ।ਭਾਜਪਾ ਨੇ 1980 ਤੋਂ 1998 ਵਿੱਚ ਹੁਣ ਤੱਕ ਸਿਰ.ਫ ਇੱਕ ਮੁਸਲਮਾਨ ਉਮੀਦਵਾਰ ਨੂੰ ਟਿਕਟ ਦਿੱਤੀ ਹੈ।ਗੁਜਰਾਤ ਵਿੱਚ ਮੁਸਲਮਾਨਾਂ ਦੀ ਗਿਣਤੀ 9.97 .ਫੀਸਦੀ ਹੈ।ਜੇਕਰ ਵਸੋਂ ਦੇ ਹਿਸਾਬ ਨਾਲ ਦੇਖਣਾ ਹੋਵੇ ਤਾਂ ਘੱਟੋਂ ਘੱਟ 18 ਮੁਸਲਮਾਨ ਵਿਧਾਇਕ ਹੋਣੇ ਚਾਹੀਦੇ ਹਨ। 1980 ਵਿੱਚ ਸਭ ਤੋਂ ਵੱਧ 12 ਮੁਸਲਮਾਨ ਵਿਧਾਇਕ ਚੁਣੇ ਗਏ ਸਨ। ਗੁਜਰਾਤ ਦੀ 182 ਸੀਟਾਂ ਵਾਲੀ ਵਿਧਾਨ ਸਭਾ ਵਿੱਚ 25 ਅਜਿਹੇ ਖੇਤਰ ਹਨ ਜਿੱਥੇ ਮੁਸਲਮਾਨਾਂ ਦੀ ਵੱਡੀ ਗਿਣਤੀ ਹੈ। ਗੁਜਰਾਤ ਵਿੱਚ ਮੋਦੀ ਦੇ ਮੁੱਖ ਮੰਤਰੀ ਬਨਣ ਤੋਂ ਬਾਅਦ ਮੁਸਲਮਾਨਾਂ ਨੂੰ ਘੱਟ ਗਿਣਤੀ ਦੇ ਰੂਪ ਵਿੱਚ ਨਹੀਂ ਦੇਖਿਆ ਗਿਆ।ਮੋਦੀ ਨੇ ਸੂਬੇ ਵਿੱਚ ਘੱਟ ਗਿਣਤੀ ਵਿਭਾਗ ਹੀ ਨਹੀਂ ਬਣਾਇਆ।ਇਸ ਵਾਰ ਵੀ ਭਾਜਪਾ ਨੇ ਕਿਸੇ ਮੁਸਲਮਾਨ ਨੂੰ ਟਿਕਟ ਨਹੀਂ ਦਿੱਤੀ।*

### *ਮਾਮਲਾ ਸ਼ਿਵ ਸੈਨਾ ਦੇ ਸੋਨੀ ਵਲੋਂ ਦਰਬਾਰ ਸਾਹਿਬ ਬਾਰੇ ਵਿਵਾਦਤ ਬਿਆਨ ਦੇਣ ਦਾ*

## ਗੁਰਦਾਸਪੁਰ ਵਿਚ ਸਿੱਖ ਜਥੇਬੰਦੀਆਂ ਨੇ ਘੇਰਿਆ ਐਸ ਐਸ ਪੀ ਦ.ਫਤਰ, ਦੋਸ਼ੀ ਦੀ ਗ੍ਰਿ.ਫਤਾਰੀ 'ਤੇ ਅੜੇ

ਗੁਰਦਾਸਪੁਰ/ਏ.ਟੀ.ਨਿਊਜ਼ :- ਸ਼ਿਵ ਸੈਨਾ ਬਾਲ ਠਾਕਰੇ ਦੇ ਸੂਬਾ ਮੀਤ ਪ੍ਰਧਾਨ ਹਰਵਿੰਦਰ ਸੋਨੀ ਵੱਲੋਂ ਸ੍ਰੀ ਦਰਬਾਰ ਸਾਹਿਬ ਬਾਰੇ ਦਿੱਤੇ ਵਿਵਾਦਤ ਬਿਆਨ ਨੂੰ ਲੈ ਕੇ ਸਿੱਖ ਜਥੇਬੰਦੀਆਂ ਵਿਚ ਗੁੱਸੇ ਦੀ ਲਹਿਰ ਹੈ। ਸੋਨੀ ਦੀ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਸਿੱਖ ਜਥੇਬੰਦੀਆਂ ਨੇ ਐਸਐਸਪੀ ਦਫ਼ਤਰ ਗੁਰਦਾਸਪੁਰ ਦੇ ਬਾਹਰ ਧਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਦੀ ਮੰਗ ਹੈ ਕਿ ਜਦੋਂ ਤੱਕ ਸੋਨੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਂਦਾ, ਉਨ੍ਹਾਂ ਦਾ ਧਰਨਾ ਜਾਰੀ ਰਹੇਗਾ। ਇਸ ਦੌਰਾਨ ਐਸਐਸਪੀ ਦੀਪਕ ਹਿਲੋਰੀ ਨੇ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰ ਕੇ ਲੋੜੀਂਦੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਪਰ ਜਥੇਬੰਦੀਆਂ ਦੇ ਨੁਮਾਇੰਦੇ ਸੋਨੀ ਦੀ ਗ੍ਰਿਫ਼ਤਾਰੀ ਦੀ ਮੰਗ 'ਤੇ ਅੜੇ ਹੋਏ ਹਨ। ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਤੂਫ਼ਾਨ ਸਿੰਘ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਸੋਨੀ ਨੂੰ ਤੁਰੰਤ ਗ੍ਰਿਫ਼ਤਾਰ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਵੇਲੇ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਧਰਨੇ 'ਤੇ ਬੈਠੇ ਹਨ। ਇਸ ਦੌਰਾਨ ਉਨ੍ਹਾਂ ਪੁਲਿਸ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।



## ਬੇਅਦਬੀ ਮਾਮਲੇ ਵਿਚ ਸੁਰੱਖਿਆ ਕਾਰਨਾਂ ਕਰਕੇ ਡੇਰਾ ਪ੍ਰੇਮੀ ਅਦਾਲਤ 'ਚ ਪੇਸ਼ ਨਹੀਂ ਹੋਏ

ਫ਼ਰੀਦਕੋਟ/ਏ.ਟੀ.ਨਿਊਜ਼ :- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ਾਂ ਵਿਚ ਨਾਮਜ਼ਦ ਪੰਜ ਡੇਰਾ ਪ੍ਰੇਮੀ ਸੁਰੱਖਿਆ ਕਾਰਨਾਂ ਕਰਕੇ ਫ਼ਰੀਦਕੋਟ ਦੀ ਅਦਾਲਤ 'ਚ ਪੇਸ਼ ਨਹੀਂ ਹੋਏ। ਅਦਾਲਤ ਨੇ ਇਨ੍ਹਾਂ ਡੇਰਾ ਪ੍ਰੇਮੀਆਂ ਨੂੰ ਨਿੱਜੀ ਛੋਟ ਦਿੰਦਿਆਂ 7 ਦਸੰਬਰ ਦੀ ਤਾਰੀਖ ਪਾ ਦਿੱਤੀ ਹੈ। ਪਿਛਲੇ ਦਿਨੀਂ ਬੇਅਦਬੀ ਦੇ ਦੋਸ਼ਾਂ ਅਧੀਨ ਨਾਮਜ਼ਦ ਪ੍ਰਦੀਪ ਸਿੰਘ ਡੇਰਾ ਪ੍ਰੇਮੀ ਦੀ ਕੋਟਕਪੂਰਾ ਵਿਖੇ ਛੇ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਡੇਰਾ ਪ੍ਰੇਮੀ ਪ੍ਰਦੀਪ ਸਿੰਘ ਦੇ ਕਤਲ ਬਾਰੇ ਅਦਾਲਤ ਨੂੰ ਲਿਖਤੀ ਤੌਰ 'ਤੇ ਸੂਚਿਤ ਕੀਤਾ ਗਿਆ। ਅਦਾਲਤ ਨੇ ਪ੍ਰਦੀਪ ਸਿੰਘ ਖ਼ਿਲਾ.ਫ ਕੇਸ ਬੰਦ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਦੂਜੇ ਪਾਸੇ ਪੈਰੋਲ 'ਤੇ ਆਏ ਡੇਰਾ ਸਿਰਸਾ ਮੁਖੀ 45 ਦਿਨ ਦੀ ਪੈਰੋਲ ਖਤਮ ਹੋਣ 'ਤੇ ਵੀਡੀਓ ਕਾਨ.ਫਰੰਸ ਰਾਹੀਂ ਅਦਾਲਤ 'ਚ ਪੇਸ਼ ਨਹੀਂ ਹੋਇਆ। ਅਦਾਲਤ ਨੇ ਜੇਲ੍ਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਅਗਲੀ ਪੇਸ਼ੀ 'ਤੇ ਡੇਰਾ ਮੁਖੀ ਨੂੰ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਵਿਚ ਪੇਸ਼ ਕੀਤਾ ਜਾਵੇ।



ਡਾ. ਹਰਵਿੰਦਰ ਸਿੰਘ

## ਪੰਚਾਇਤੀ ਚੋਣਾਂ



ਅਜੇ ਥੋੜੇ ਹੀ ਸਮੇਂ ਦੀ ਗੱਲ ਹੈ ਕਿ ਅਸੀਂ ਕਿਸਾਨੀ ਮੋਰਚੇ ਦੌਰਾਨ 'ਕਿਸਾਨ ਮਜਦੂਰ ਏਕਤਾ' ਦਾ ਹੋਕਾ ਦਿੰਦਿਆਂ ਸਾਰੇ ਸੰਸਾਰ ਦਾ ਧਿਆਨ ਆਪਣੇ ਵੱਲ ਆਕਰਸ਼ਿਤ ਕੀਤਾ। ਇਸ ਸਮੇਂ ਅਸੀਂ ਸਾਰਿਆਂ ਨੇ ਮਿਲ ਕੇ ਆਪਸੀ ਭਾਈਚਾਰੇ ਦੀ ਇਕ ਵੱਖਰੀ ਮਿਸਾਲ ਪੇਸ਼ ਕੀਤੀ ਹੈ। ਇਸ ਮੋਰਚੇ ਨੇ ਸਾਨੂੰ ਇਹ ਸੋਚਣ ਲਈ ਮਜਬੂਰ ਕੀਤਾ ਕਿ ਆਪਣੇ ਹੱਕ ਲੈਣ ਲਈ ਅਸੀਂ ਕਦੋਂ ਤੱਕ ਮੋਰਚੇ ਲਾਉਂਦੇ ਰਹਾਂਗੇ, ਜੇਕਰ ਅਸੀਂ ਆਪਣੇ ਹੱਕਾਂ ਦੀ ਰਾਖੀ ਕਰਨੀ ਹੈ ਤਾਂ ਸਾਨੂੰ ਆਪਣੇ ਦੇਸ਼ ਦੀ ਰਾਜਨੀਤੀ ਨੂੰ ਸਵਾਰਨਾ ਪਵੇਗਾ ਤਾਂ ਹੀ ਅਗਾਂਹ ਆਪਣੀਆਂ ਨਸਲਾਂ ਦੀ ਹੋਂਦ ਕਾਇਮ ਰਹ ਸਕੇਗੀ ਨਹੀਂ ਤਾਂ ਸਾਨੂੰ ਨਿਤ ਹੀ ਧਰਨੇ ਲਾਉਣੇ ਪੈਣਗੇ। ਇਸ ਸੋਚ ਨਾਲ ਪੰਜਾਬ ਵਿਚਲੀਆਂ ਚੋਣਾਂ ਦੌਰਾਨ ਕਿਸਾਨ ਜਥੇਬੰਦੀਆਂ ਵਲੋਂ ਹਿਸਾ ਵੀ ਲਿਆ ਗਿਆ ਤੇ ਕੁਝ ਜਥੇਬੰਦੀਆਂ ਨੇ ਇਸ ਦਾ ਵਿਰੋਧ ਵੀ ਕੀਤਾ। ਇਨ੍ਹਾਂ ਚੋਣਾਂ ਦੇ ਨਤੀਜੇ ਸਾਡੇ ਸਾਹਮਣੇ ਹਨ ਕਿ ਅਸੀਂ ਕਿਹੜਾ ਬਦਲਾਅ ਪੈਦਾ ਕੀਤਾ। ਦੂਸਰਾ ਸਮਾਂ ਜੋ ਹੁਣੇ ਹਰਿਆਣਾ ਵਿਚ ਪੰਚਾਇਤੀ ਚੋਣਾਂ ਵੇਲੇ ਦਾ ਹੈ ਉਸ ਨੂੰ ਵੀ ਵਿਚਾਰ ਲੈਣਾ ਚਾਹੀਦਾ ਹੈ। ਹਰਿਆਣਾ ਵਿਚ ਪੰਚਾਇਤੀ ਚੋਣਾਂ ਦੇ ਐਲਾਨ ਨਾਲ ਹੀ ਕਿਸਾਨ ਮਜਦੂਰ ਏਕਤਾ ਵਾਲੀ ਸੋਚ ਕਿਤੇ ਦੂਰ ਇਸ ਧਰਤ ਤੋਂ ਖੰਬ ਲਾ ਕੇ ਉਡ ਗਈ। ਇਨ੍ਹਾਂ ਚੋਣਾਂ ਵੇਲੇ ਹੋਣਾ ਤਾਂ ਇਹ ਚਾਹੀਦਾ ਸੀ ਕਿ ਆਪਸੀ ਭਾਈਚਾਰਕ ਸਾਂਝ ਨੂੰ ਕਾਇਮ ਰਖਦਿਆਂ ਸਰਬ ਸੰਮਤੀ ਨਾਲ ਕਿਸੇ ਯੋਗ ਉਮੀਦਵਾਰ ਨੂੰ ਚੁਣ ਲਿਆ ਜਾਂਦਾ ਪਰ ਹੋਇਆ ਇਸ ਦੇ ਬਿਲਕੁਲ ਉਲਟ।

ਚੋਣਾਂ ਦੇ ਨਾਂ ਤੇ ਆਪਸੀ ਭਾਈਚਾਰਕ ਸਾਂਝ ਕਿਤੇ ਵੀ ਵੇਖਣ ਨੂੰ ਮਿਲੀ ਸਗੋਂ ਇਸ ਦੌਰਾਨ ਅਸੀਂ ਰਜ ਕੇ ਆਪਸੀ ਭਾਈਚਾਰੇ ਨੂੰ ਤੋੜਣ ਵਿਚ ਦਿਲਚਸਪੀ ਵਿਖਾਈ। ਆਪਸੀ ਧੜੇ ਬਾਜੀ ਵਿਚ ਅਸੀਂ ਗੁਰੂ ਤੋਂ ਵੀ ਬੇਮੁਖ ਹੋ ਗਏ ਗੁਰੂਘਰਾਂ ਵਿਚ ਸੌਂਹਾਂ ਖਾ ਕੇ ਪੈਸੇ ਪਿਛੇ ਵਿਕਦੇ ਆਮ ਹੀ ਵੇਖੇ ਗਏ। ਜਿਹੜੇ ਲੋਕ ਕਿਸਾਨੀ ਮੋਰਚੇ ਦੌਰਾਨ ਅਗੇ ਹੋ ਕੇ ਇਹ ਕਹਿੰਦੇ ਨਜਰ ਆ ਰਹੇ ਸਨ ਕਿ ਚੋਣਾਂ ਦੌਰਾਨ ਦਾਰੂ ਦੀ ਬੋਤਲ ਜਾਂ ਪੈਸੇ ਦੇ ਲਾਲਚ ਵਿਚ ਆ ਕੇ ਆਪਣਾ ਤੇ ਆਪਣੇ ਬਚਿਆਂ ਦਾ ਭਵਿੱਖ ਨਾ ਵੇਚ ਦਿਉ ਉਹ ਲੋਕ ਹੀ ਇਸ ਸਮੇਂ ਸਭ ਤੋਂ ਮੋਹਰੀ ਹੋ ਕੇ ਨਸ਼ੇ ਅਤੇ ਪੈਸਿਆਂ ਦਾ ਲਾਲਚ ਲੋਕਾਂ ਨੂੰ ਦੇ ਕੇ ਖਰੀਦ ਰਹੇ ਸਨ। ਪਿੰਡਾਂ ਵਿਚ ਇਨ੍ਹਾਂ ਦਿਨਾਂ ਦੌਰਾਨ ਨਸ਼ਿਆਂ ਦੇ ਹੜ ਵੱਗ ਰਹੇ ਸਨ। ਮੇਰੇ ਇਕ ਮਿੱਤਰ ਦੀ ਇਸ ਦੌਰਾਨ ਮੇਰੇ ਨਾਲ ਗੱਲਬਾਤ ਹੋਈ ਜਿਸ ਨਾਲ ਮੈਨੂੰ ਕੁਝ ਖੁਸ਼ੀ ਮਹਿਸੂਸ ਹੋਈ ਕਿ ਨਹੀਂ ਅਜੇ ਵੀ ਕੁਝ ਜਾਗਦੀਆਂ ਜਮੀਰਾਂ ਵਾਲੇ ਲੋਕ ਬਚੇ ਹਨ। ਮੇਰੇ ਮਿਤੱਰ ਨੇ ਮੈਨੂੰ ਦਸਿਆ ਕਿ ਉਸ ਨੂੰ ਸਰਪੰਚ ਦੇ ਪਦ ਲਈ ਸਾਰੇ ਪਿੰਡ ਵਲੋਂ ਚੁਣ ਲਏ ਜਾਣ ਦੀ ਪੇਸ਼ਕਸ਼ ਕੀਤੀ ਗਈ ਤਾਂ ਉਸ ਨੇ ਇਹ ਕਹਿ ਕੇ ਜਵਾਬ ਦੇ ਦਿੱਤਾ ਕਿ ਮੈਂ ਆਪਣੀ ਕਿਰਤੀ ਕਮਾਈ ਵਿਚੋਂ ਕਿਸੇ ਨੂੰ ਨਸ਼ਿਆਂ ਵਾਸਤੇ ਪੈਸੇ ਨਹੀਂ ਦੇ ਸਕਦਾ। ਉਸ ਦੀ ਇਕ ਗੱਲ 'ਹਮ ਰਾਖਤ ਪਾਤਿਸ਼ਾਹੀ ਦਾਵਾ' ਜਿਸ ਨੇ ਮੈਨੂੰ ਸੋਚਣ ਲਈ ਮਜਬੂਰ ਕਰ ਦਿਤਾ ਕਿ ਜੇਕਰ ਅਜਿਹੀ ਸੋਚ ਹਰ ਕਿਸੇ ਦੀ ਹੋ ਜਾਵੇ ਤਾਂ ਇਸ ਦੇਸ਼ ਦੀ ਰਾਜਨੀਤੀ ਵਿਚ ਜਰੂਰ ਬਦਲਾਅ ਆ ਸਕਦਾ ਹੈ। ਵੱਡੀਆਂ ਵੱਡੀਆਂ ਗੱਲਾਂ ਤਾਂ ਅਸੀਂ ਐਵੇਂ ਹੀ ਕਰੀ ਜਾਂਦੇ ਹਾਂ ਜੇਕਰ ਕੁਝ ਬਦਲਾਅ ਚਾਹੁੰਦੇ ਹੋ ਤਾਂ ਪਹਿਲਾਂ ਬਦਲਾਅ ਆਪਣੇ ਪਿੰਡ ਤੋਂ ਹੀ ਸ਼ੁਰੂ ਕਰੀਏ। ਮੁਬਾਰਕ ਉਨ੍ਹਾਂ ਪਿੰਡ ਵਾਸੀਆਂ ਨੂੰ ਜਿਨ੍ਹਾਂ ਨੇ ਆਪਸੀ ਪਿਆਰ ਤੇ ਭਾਈਚਾਰਕ ਸਾਂਝ ਨਾਲ ਸਰਬ ਸੰਮਤੀ ਨਾਲ ਪੰਚ ਤੇ ਸਰਪੰਚ ਉਮੀਦਵਾਰਾਂ ਦੀ ਚੋਣ ਕੀਤੀ ਹੈ।

ਮਹਿੰਦਰ ਸਿੰਘ ਦੁਸਾਂਝ

**ਮੌਜੂਦਾ ਪੰਜਾਬ ਸਰਕਾਰ ਪੈਸੇ ਦੀ ਸਖ਼ਤ ਘਾਟ ਨਾਲ ਜੂਝ ਰਹੀ ਹੈ ਤੇ ਚੋਣਾਂ ਤੋਂ ਪਹਿਲਾਂ ਦਿੱਤੀਆਂ ਗਾਰੰਟੀਆਂ ਨੂੰ ਖਿੱਚ-ਧੂਹ ਕੇ ਕਿਨਾਰੇ ਲਾਉਣ ਦਾ ਨਾਟਕ ਵੀ ਕਰ ਰਹੀ ਹੈ। ਖਜ਼ਾਨੇ ਵਿਚ ਪੈਸੇ ਨਾ ਹੋਣ ਦੇ ਬਾਵਜੂਦ ਮੌਜੂਦਾ ਪੰਜਾਬ ਸਰਕਾਰ ਚੋਣਾਂ ਸਮੇਂ ਵੋਟਰਾਂ ਨਾਲ ਕੀਤੇ ਇਕਰਾਰ ਅਨੁਸਾਰ ਦੋ ਮਹੀਨੇ 'ਚ 600 ਯੂਨਿਟ ਬਿਜਲੀ ਦੇ ਮੁਫ਼ਤ ਦੇਣ ਦਾ ਐਲਾਨ ਕਰਕੇ ਹੁੱਬ ਹੁੱਬ ਕੇ ਮੁੱਛਾਂ ਮਰੋੜ ਰਹੀ ਹੈ, ਹਾਲਾਂ ਕਿ ਪਿਛਲੀਆਂ ਸਰਕਾਰਾਂ ਵਲੋਂ ਮੁਫ਼ਤ ਦਿੱਤੀ ਬਿਜਲੀ ਦੀ ਸਬਸਿਡੀ ਦੇ 9 ਹਜ਼ਾਰ ਕਰੋੜ ਰੁਪਏ ਬਿਜਲੀ ਦੇ ਪ੍ਰਬੰਧ ਨੂੰ ਜਿਊਂਦਾ ਰੱਖਣ ਲਈ ਪਾਵਰਕਾਮ ਸਰਕਾਰ ਤੋਂ ਲੈਣ ਦੀ ਉਡੀਕ ਕਰ ਰਹੀ ਹੈ।**

# ਪੰਜਾਬ ਦੀ ਤਬਾਹੀ ਦੀ ਜ਼ਿੰਮੇਵਾਰ ਫੁਕਰੇ ਲਾਰਿਆਂ ਵਾਲੀ ਰਾਜਨੀਤੀ



ਕੁਝ ਸਮਾਂ ਪਹਿਲਾਂ ਮੌਜੂਦਾ ਪੰਜਾਬ ਸਰਕਾਰ ਦੇ ਵਿੱਤ ਮੰਤਰੀ ਵਲੋਂ ਦਿੱਤੇ ਇਕ ਬਿਆਨ ਵਿਚ ਕਿਹਾ ਗਿਆ ਸੀ ਕਿ 'ਪੰਜਾਬ ਸਿਰ ਤਿੰਨ ਲੱਖ ਕਰੋੜ ਰੁਪਏ ਦਾ ਕਰਜ਼ਾ ਚਾੜ੍ਹਨ ਵਾਲੀਆਂ ਪਿਛਲੀਆਂ ਸਰਕਾਰਾਂ ਤੇ ਸਰਕਾਰਾਂ ਚਲਾਉਣ ਵਾਲੇ ਨੇਤਾਵਾਂ ਦੀ ਕਾਰਗੁਜ਼ਾਰੀ ਦੀ ਜਾਂਚ ਕਰਕੇ ਜਿੱਥੇ ਇਹ ਸਾਹਮਣੇ ਲਿਆਂਦਾ ਜਾਵੇਗਾ ਕਿ ਇਹ ਪੈਸਾ ਕਿੱਥੇ ਖਰਚ ਕੇ ਘਪਲੇਬਾਜ਼ੀ ਕੀਤੀ ਗਈ, ਉੱਥੇ ਇਸ ਪੈਸੇ ਦੀ ਵਸੂਲੀ ਵੀ ਪਿਛਲੀਆਂ ਸਰਕਾਰਾਂ ਦੇ ਸੰਚਾਲਕਾਂ ਕੋਲੋਂ ਕੀਤੀ ਜਾਵੇਗੀ।'

ਅਜਿਹਾ ਬਿਆਨ ਦੇਣ ਲੱਗਿਆਂ ਮੰਤਰੀ ਜੀ ਸ਼ਾਇਦ ਇਹ ਗੱਲ ਭੁੱਲ ਗਏ ਕਿ ਜਿਵੇਂ ਉਨ੍ਹਾਂ ਦੀ ਅਜੋਕੀ ਸੱਤਾਧਾਰੀ ਪਾਰਟੀ ਨੇ ਚੋਣਾਂ ਜਿੱਤ ਕੇ ਪੰਜਾਬ ਦੀ ਹਰ ਔਰਤ ਦੇ ਖਾਤੇ ਵਿਚ ਹਰ ਮਹੀਨੇ ਇਕ ਹਜ਼ਾਰ ਰੁਪਏ ਪਾਉਣ ਤੇ ਹਰ ਪਰਿਵਾਰ ਲਈ ਹਰ ਮਹੀਨੇ ਬਿਜਲੀ ਦੇ 300 ਯੂਨਿਟ ਮੁਆਫ਼ ਕਰਨ ਅਤੇ ਅਜਿਹੀਆਂ ਹੋਰ ਕਈ ਗਾਰੰਟੀਆਂ ਦੇਣ ਦੇ ਐਲਾਨ ਤੇ ਇਕਰਾਰ ਕੀਤੇ, ਇਸੇ ਤਰ੍ਹਾਂ ਪਿਛਲੀਆਂ ਸਰਕਾਰਾਂ ਚਲਾਉਣ ਵਾਲਿਆਂ ਨੇ ਵੀ ਚੋਣਾਂ ਤੋਂ ਪਹਿਲਾਂ ਐਲਾਨ ਕਰਕੇ ਤੇ ਚੋਣਾਂ ਜਿੱਤ ਕੇ ਕਰਜ਼ੇ ਚੁੱਕ-ਚੁੱਕ ਕੇ ਸਰਕਾਰੀ ਖ਼ਜ਼ਾਨੇ ਵਿਚੋਂ ਮੁਫ਼ਤ ਦੀਆਂ ਸਹੂਲਤਾਂ ਤੇ ਸਬਸਿਡੀਆਂ ਦੇ ਖੁੱਲ੍ਹੇ ਗੱਫੇ ਵੰਡੇ ਤੇ ਵੋਟਾਂ ਦੀ ਖ਼ਾਤਰ ਅੱਡੀਆਂ ਚੁੱਕ ਕੇ ਫਾਹਾ ਲੈਣ ਤੋਂ ਕੋਈ ਪ੍ਰਹੇਜ਼ ਨਾ ਕੀਤਾ, ਇਉਂ ਪੰਜਾਬ ਸਿਰ ਤਿੰਨ ਲੱਖ ਕਰੋੜ ਦਾ ਕਰਜ਼ਾ ਚੜ੍ਹਿਆ ਤੇ ਹੁਣ ਹਰ ਸਾਲ ਇਸ ਕਰਜ਼ੇ ਦਾ 20 ਹਜ਼ਾਰ ਕਰੋੜ ਰੁਪਿਆ ਵਿਆਜ ਵੀ ਦੇਣਾ ਪੈ ਰਿਹਾ ਹੈ, ਹੁਣ ਆਉਣ ਵਾਲੇ ਸਮੇਂ ਵਿਚ ਮੰਤਰੀ ਜੀ ਦੀ ਮੌਜੂਦਾ ਸਰਕਾਰ ਵਲੋਂ ਅਜਿਹੀਆਂ ਹੀ ਲੋੜਾਂ




ਵਾਸਤੇ ਚੁੱਕਿਆ ਜਾਣ ਵਾਲਾ ਹੋਰ ਕਰਜ਼ਾ ਵੀ ਇਸ ਕਰਜ਼ੇ ਵਿਚ ਅਜੇ ਸ਼ਾਮਿਲ ਹੋਣਾ ਹੈ। ਮੌਜੂਦਾ ਪੰਜਾਬ ਸਰਕਾਰ ਪੈਸੇ ਦੀ ਸਖ਼ਤ ਘਾਟ ਨਾਲ ਜੂਝ ਰਹੀ ਹੈ ਤੇ ਚੋਣਾਂ ਤੋਂ ਪਹਿਲਾਂ ਦਿੱਤੀਆਂ ਗਾਰੰਟੀਆਂ ਨੂੰ ਖਿੱਚ-ਧੂਹ ਕੇ ਕਿਨਾਰੇ ਲਾਉਣ ਦਾ ਨਾਟਕ ਵੀ ਕਰ ਰਹੀ ਹੈ। ਖਜ਼ਾਨੇ ਵਿਚ ਪੈਸੇ ਨਾ ਹੋਣ ਦੇ ਬਾਵਜੂਦ ਮੌਜੂਦਾ ਪੰਜਾਬ ਸਰਕਾਰ ਚੋਣਾਂ ਸਮੇਂ ਵੋਟਰਾਂ ਨਾਲ ਕੀਤੇ ਇਕਰਾਰ ਅਨੁਸਾਰ ਦੋ ਮਹੀਨੇ 'ਚ 600 ਯੂਨਿਟ ਬਿਜਲੀ ਦੇ ਮੁਫ਼ਤ ਦੇਣ ਦਾ ਐਲਾਨ ਕਰਕੇ ਹੁੱਬ ਹੁੱਬ ਕੇ ਮੁੱਛਾਂ ਮਰੋੜ ਰਹੀ ਹੈ, ਹਾਲਾਂ ਕਿ ਪਿਛਲੀਆਂ ਸਰਕਾਰਾਂ ਵਲੋਂ ਮੁਫ਼ਤ ਦਿੱਤੀ ਬਿਜਲੀ ਦੀ ਸਬਸਿਡੀ ਦੇ 9 ਹਜ਼ਾਰ ਕਰੋੜ ਰੁਪਏ ਬਿਜਲੀ ਦੇ ਪ੍ਰਬੰਧ ਨੂੰ ਜਿਊਂਦਾ ਰੱਖਣ ਲਈ ਪਾਵਰਕਾਮ ਸਰਕਾਰ ਤੋਂ ਲੈਣ ਦੀ ਉਡੀਕ ਕਰ ਰਹੀ ਹੈ। ਅਜੋਕੀ ਸਰਕਾਰ ਵਲੋਂ ਹੁਣ ਹਰ ਮਹੀਨੇ 300 ਯੂਨਿਟ ਬਿਜਲੀ ਮੁਫ਼ਤ ਕਰਨ ਨਾਲ ਪੈਣ ਵਾਲਾ ਘਾਟਾ ਵਿਚ ਸ਼ਾਮਿਲ ਹੋਣ ਨਾਲ ਪਾਵਰ ਕਾਰਪੋਰੇਸ਼ਨ ਨੂੰ ਲਗਭਗ 1650 ਕਰੋੜ ਦਾ ਘਾਟਾ ਬਰਦਾਸ਼ਤ ਕਰਨਾ ਪਵੇਗਾ।

ਝੋਨੇ ਦੇ ਮੌਸਮ ਵਿਚ ਟਿਊਬਵੈੱਲਾਂ ਅਤੇ ਲਗਾਤਾਰ ਵਧ ਰਹੀ ਗਰਮੀ ਕਰਕੇ ਘਰੇਲੂ ਖਪਤ ਲਈ ਅਗਲੇ ਦਿਨਾਂ ਵਿਚ ਬਿਜਲੀ ਦੀ ਮੰਗ 17 ਹਜ਼ਾਰ ਮੈਗਾਵਾਟ ਤੱਕ ਪਹੁੰਚ ਜਾਣ ਦੀ ਸੰਭਾਵਨਾ ਹੈ ਪਰ ਬਿਜਲੀ ਦੀਆਂ ਲਾਈਨਾਂ ਨੂੰ ਤੁਰੇਤਾਰ ਰੱਖਣ ਲਈ ਜਿੱਥੇ ਲੋੜੀਦੀ ਸਮੱਗਰੀ ਦੀ ਘਾਟ ਹੈ, ਉੱਥੇ ਬਿਜਲੀ ਵਿਭਾਗ ਕੋਲ ਕੇਵਲ ਤਾਰਾਂ ਦੇ ਜੋੜ ਘੁੱਟਣ ਲਈ ਵੀ ਕਾਮਿਆਂ ਦੀ ਕਮੀ ਹੈ। ਇਸ ਦੇ ਨਾਲ-ਨਾਲ ਵਿਧਾਨ ਸਭਾ ਚੋਣਾਂ 2022 ਤੋਂ ਪਹਿਲਾਂ ਵੋਟਾਂ ਲੈਣ ਲਈ ਮੌਜੂਦਾ ਸੱਤਾਧਾਰੀ ਪਾਰਟੀ ਵਲੋਂ ਕੀਤਾ ਗਿਆ ਇਕ ਹੋਰ ਵੱਡਾ ਐਲਾਨ ਪੰਜਾਬ ਦੀ ਹਰ ਔਰਤ ਦੇ ਖਾਤੇ ਵਿਚ ਹਰ ਮਹੀਨੇ ਇਕ ਹਜ਼ਾਰ ਰੁਪਿਆ ਪਾਉਣ ਦਾ ਵੀ ਲਾਈਨ ਵਿਚ ਲੱਗਿਆ ਹੋਇਆ ਹੈ, ਅਜਿਹੇ ਇਕਰਾਰਾਂ ਤੇ ਐਲਾਨਾਂ ਦੇ ਦਬਾਅ ਅਧੀਨ ਸਰਕਾਰ ਦੇ ਜ਼ਰੂਰੀ ਕਾਰਜਾਂ ਵਿਚ ਵੀ ਥੁੱਕ ਨਾਲ ਵੜੇ ਪਕਾਉਣ ਦੀ ਮੁਹਿੰਮ ਚੱਲ ਰਹੀ ਹੈ। ਬੀਤੇ ਸਮਿਆਂ ਵਿਚ, ਪੰਜਾਬ ਦੀ ਆਰਥਿਕ ਮਜ਼ਬੂਤੀ, ਵਿਕਾਸ, ਬੁਨਿਆਦੀ ਢਾਂਚੇ ਵਿਚ ਸੁਧਾਰ, ਵੋਟਾਂ ਦੀ ਸੌਦੇਬਾਜ਼ੀ ਤੇ ਮੁਫ਼ਤਖੋਰੀ ਦੇ ਪ੍ਰਚੱਲਿਤ ਸੱਭਿਆਚਾਰ ਅਦਿ ਵਿਸ਼ਿਆਂ 'ਤੇ ਮੇਰੇ ਕਈ ਲੇਖ 'ਅਜੀਤ' ਵਿਚ ਛਪੇ ਸਨ, ਹਰ ਲੇਖ ਛਪਣ ਉਪਰੰਤ ਮੈਨੂੰ ਮੇਰੇ ਪਾਠਕਾਂ ਦੇ ਅਣਗਿਣਤ ਫੋਨ ਆਉਂਦੇ ਰਹੇ ਹਨ, ਜਿਨ੍ਹਾਂ ਤੋਂ ਇਹ ਪਤਾ ਚੱਲਿਆ ਕਿ ਪੰਜਾਬ ਦੇ 99 ਫ਼ੀਸਦੀ ਜਾਗਰੂਕ ਲੋਕ ਮੁਫ਼ਤ ਦੀਆਂ ਰਿਆਇਤਾਂ ਲਈ ਇੱਛਾਵਾਨ ਨਹੀਂ ਹਨ, ਇੱਥੋਂ ਤੱਕ ਕਿ ਖ਼ੁਦ ਅਨੇਕਾਂ ਕਿਸਾਨਾਂ ਨੇ ਮੈਨੂੰ ਫੋਨ ਕਰਕੇ ਕਿਹਾ ਕਿ 'ਟਿਊਬਵੈੱਲਾਂ ਵਾਸਤੇ ਸਾਨੂੰ ਬਿਜਲੀ ਮੁਫ਼ਤ ਨਹੀਂ ਦਿਨ ਦੇ ਸਮੇਂ ਅਤੇ ਲੋੜ ਅਨੁਸਾਰ ਚਾਹੀਦੀ ਹੈ।'

ਪੰਜਾਬ ਅੰਦਰ ਮੌਜੂਦਾ ਸੱਤਾਧਾਰੀ ਪਾਰਟੀ ਨੂੰ ਪਿਛਲੀਆਂ ਰਵਾਇਤੀ ਸਿਆਸੀ ਪਾਰਟੀਆਂ ਨਾਲੋਂ ਵਿਲੱਖਣ ਮਹਿਸੂਸ ਕਰਕੇ ਲੋਕਾਂ ਨੇ ਭਾਰੀ ਗਿਣਤੀ ਵਿਚ ਵੋਟਾਂ ਪਾ ਕੇ ਜਿੱਤ ਬਖ਼ਸ਼ੀ ਸੀ, ਪਰ ਮੁਫ਼ਤ ਦੀਆਂ ਨਿਆਮਤਾਂ ਵੰਡਣ ਦੇ ਪਿਛਲੀਆਂ ਸੱਤਾਧਾਰੀ ਪਾਰਟੀਆਂ ਵਰਗੇ ਹੀ ਫੁਕਰੇ ਲਾਰੇ ਲਾ ਕੇ ਅਜੋਕੀ ਸਰਕਾਰ ਦੇ ਸੰਚਾਲਕਾਂ ਨੇ ਵੀ ਆਪਣੀ ਵਿਲੱਖਣਤਾ ਤਾਂ ਚੋਣਾਂ ਤੋਂ ਪਹਿਲਾਂ ਹੀ ਗਵਾ ਲਈ ਸੀ। ਚਾਹੀਦਾ ਤਾਂ ਇਹ ਸੀ ਕਿ ਚੋਣਾਂ ਤੋਂ ਪਹਿਲਾਂ ਪੰਜਾਬ ਸਰਕਾਰ ਵਲੋਂ ਰਾਜ ਦੇ ਵਿਕਾਸ ਤੇ ਸਮਾਜ ਦੇ ਭਲੇ ਵਾਸਤੇ ਵੋਟਰਾਂ ਲਈ ਨਿੰਮ ਦੇ ਕੌੜੇ ਪੱਤਿਆਂ ਵਰਗੇ ਪਰ ਖ਼ੂਨ ਨੂੰ ਸਾਫ਼ ਕਰਨ ਵਾਲੇ ਐਲਾਨ ਕਰਕੇ ਕਿਹਾ ਜਾਂਦਾ ਕਿ 'ਚੋਣਾਂ ਜਿੱਤਣ ਤੋਂ ਪਿੱਛੋਂ ਅਸੀਂ ਗ਼ਰੀਬ ਮਿਹਨਤੀ ਲੋਕਾਂ ਦਾ ਦੁੱਖ-ਸੁੱਖ ਸੁਣ ਕੇ ਜ਼ਰੂਰੀ ਲੋੜਾਂ ਦੀ ਪੂਰਤੀ ਕਰਾਂਗੇ ਤੇ ਕੁਦਰਤੀ ਆਫਤਾਂ ਨਾਲ ਡਿੱਗੇ ਟੁੱਟੇ ਲੋਕਾਂ ਦੀ ਬਾਂਹ ਵੀ ਫੜਾਂਗੇ, ਪਰ ਆਟਾ-ਦਾਲ, ਬਿਜਲੀ-ਪਾਣੀ, ਬੱਸਾਂ ਵਿਚ ਮੁਫ਼ਤ ਸਫ਼ਰ, ਨਕਦ ਪੈਸੇ ਤੇ ਸਬਸਿਡੀਆਂ ਨਹੀਂ ਦੇ ਸਕਾਂਗੇ ਅਤੇ ਨਾ ਹੀ ਕਿਸੇ ਵੀ ਖੇਤਰ 'ਚ ਆਮ ਲੋਕਾਂ ਦੇ ਕਰਜ਼ੇ ਹੀ ਮੁਆਫ਼ ਕਰ ਸਕਾਂਗੇ। ਅਜਿਹਾ ਸਭ ਕੁਝ ਰੋਕ ਕੇ ਨਵੀਂ ਪਾਰਟੀ ਨੂੰ ਵੋਟਰਾਂ ਨਾਲ ਇਕਰਾਰ ਕਰਨਾ ਚਾਹੀਦਾ ਸੀ ਕਿ 'ਸਭ ਤੋਂ ਪਹਿਲਾਂ ਪੰਜਾਬ ਨੂੰ ਅਸੀਂ ਤਿੰਨ ਲੱਖ ਕਰੋੜ ਦੇ ਕਰਜ਼ੇ ਦੇ ਬੋਝ ਹੇਠੋਂ ਕੱਢਾਂਗੇ, ਯੂਨੀਵਰਸਿਟੀਆਂ, ਕਾਲਜਾਂ ਤੇ ਸਕੂਲਾਂ ਵਿਚ ਬੇਰੁਜ਼ਗਾਰ ਮਾਹਰਾਂ, ਅਧਿਆਪਕਾਂ ਤੇ ਕਾਮਿਆਂ ਦੀ ਭਰਤੀ ਕਰਾਂਗੇ ਤੇ ਖੋਜ ਦੇ ਕੰਮਾਂ ਲਈ ਖੁੱਲ੍ਹਾ ਫੰਡ ਰੱਖਾਂਗੇ, ਹਸਪਤਾਲਾਂ ਵਿਚ ਵੀ ਡਾਕਟਰਾਂ ਤੇ ਹੋਰ ਅਮਲੇ ਦੀ ਘਾਟ ਦੂਰ ਕਰਾਂਗੇ, ਦਵਾਈਆਂ ਤੇ ਇਲਾਜ ਲਈ ਲੋੜੀਦੀ ਸਮੱਗਰੀ ਦਾ ਪ੍ਰਬੰਧ ਕਰਾਂਗੇ, ਵਾਤਾਵਰਨ ਤੇ ਕੁਦਰਤੀ ਸੋਮਿਆਂ ਦੀ ਸੁਰੱਖਿਆ ਲਈ ਫੰਡਾਂ ਦੀ ਘਾਟ ਨਹੀਂ ਆਉਣ ਦੇਵਾਂਗੇ, ਬਿਜਲੀ ਤੇ ਸੜਕਾਂ ਸਮੇਤ ਸਮੁੱਚੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਾਂਗੇ।'

ਇਸ ਦੇ ਉਲਟ ਮੁਫ਼ਤ ਦੀਆਂ ਨਿਆਮਤਾਂ ਲਈ ਵੋਟਰਾਂ ਦੇ ਇਕ ਵੱਡੇ ਵਰਗ ਨੂੰ ਭਰਮਾ ਕੇ ਤੇ ਹੁਣ ਤੱਕ ਪੰਜਾਬੀ ਵੋਟਰਾਂ ਨੂੰ ਮੁਫ਼ਤਖੋਰਿਆਂ ਦਾ ਰੂਪ ਦੇ ਕੇ ਤੇ ਵੋਟਾਂ ਵਾਸਤੇ ਨਿਰਾਰਥਕ ਸਹੂਲਤਾਂ ਦੇਣ ਦੇ ਸੌਦੇ ਵਿਚ ਭਾਈਵਾਲ ਬਣਾ ਕੇ ਬਦਨਾਮ ਕੀਤਾ ਗਿਆ ਹੈ ਤੇ ਹੈਰਾਨੀ ਇਸ ਗੱਲ ਦੀ ਵੀ ਹੈ ਕਿ ਖ਼ੁਦ ਮੁਫ਼ਤਖੋਰੇ ਲੋਕਾਂ ਦਾ ਇਕ ਵਰਗ ਮੁਫ਼ਤ ਦੀਆਂ ਸਹੂਲਤਾਂ ਲਈ ਕੀਤੇ ਗਏ ਇਕਰਾਰਾਂ ਤੇ ਲਾਏ ਗਏ ਲਾਰਿਆਂ ਦੇ ਸਰਕਾਰ ਨੂੰ ਚੇਤੇ ਕਰਵਾ ਕੇ ਆਪਣੀ ਬਿਮਾਰ ਮਾਨਸਿਕਤਾ ਦੀ ਖ਼ੁਦ ਹੀ ਪੁਸ਼ਟੀ ਕਰਨ ਤੋਂ ਨਾ ਝਿਜਕ ਰਿਹਾ ਹੈ ਤੇ ਨਾ ਸ਼ਰਮ ਮਹਿਸੂਸ ਕਰ ਰਿਹਾ ਹੈ। ਪੰਜਾਬ ਵਿਚ ਸਿੱਖਿਆ ਦੇ ਉਥਾਨ ਲਈ ਵੱਡੀ ਲੋੜ ਤਾਂ ਪੈਸੇ ਦੀ ਹੈ ਪਰ ਸਾਡੀ ਨਵੀਂ ਸਰਕਾਰ ਨੇ ਸਿੱਖਿਆ ਦੇ ਦਿੱਲੀ ਮਾਡਲ ਦੇ ਆਧਾਰ 'ਤੇ ਪੰਜਾਬ ਦੀ ਸਿੱਖਿਆ ਦਾ ਪ੍ਰਬੰਧ ਉਸਾਰਨ ਲਈ ਨਵਾਂ ਮਾਰਗ ਤਲਾਸ਼ ਕੀਤਾ ਹੈ, ਹਾਲਾਂ ਕਿ ਪੰਜਾਬ ਨਾਲੋਂ ਦਿੱਲੀ ਵਿਚ ਸਕੂਲ ਘੱਟ ਹਨ ਪਰ ਸਰਕਾਰ ਨੂੰ ਟੈਕਸ ਦੇਣ ਵਾਲੇ ਵਪਾਰੀਆਂ, ਉਦਯੋਗਪਤੀਆਂ ਤੇ ਅਮੀਰ ਲੋਕਾਂ ਦੀ ਗਿਣਤੀ ਪੰਜਾਬ ਨਾਲੋਂ ਵੱਧ ਹੈ ਅਤੇ ਸਿੱਖਿਆ ਦੇ ਖੇਤਰ ਲਈ ਸੱਭਿਆਚਾਰਕ ਰਵਾਇਤਾਂ ਤੇ ਪੰਜਾਬੀਆਂ ਦੀ ਮਾਨਸਿਕਤਾ ਅਤੇ ਮਜਬੂਰੀਆਂ ਦਿੱਲੀ ਦੇ ਲੋਕਾਂ ਨਾਲੋਂ ਵੱਖਰੀਆਂ ਹਨ।

ਜੇਕਰ ਦਿੱਲੀ ਦੇ ਨਮੂਨੇ 'ਤੇ ਪੰਜਾਬ ਦੇ ਸਕੂਲਾਂ ਦੇ ਪ੍ਰਬੰਧ ਨੂੰ ਢਾਲਣਾ ਸੀ ਤਾਂ ਇਸ ਦੀ ਵਿਉਂਤਬੰਦੀ ਤੇ ਨਵਾਂ ਖਾਕਾ ਤਿਆਰ ਕਰਨ ਲਈ ਪੰਜਾਬ ਕੋਲ ਸਿੱਖਿਆ ਸ਼ਾਸਤਰੀਆਂ ਤੇ ਵਿਦਵਾਨਾਂ ਦੀ ਕੋਈ ਕਮੀ ਨਹੀਂ ਸੀ ਪਰ ਉਨ੍ਹਾਂ ਦੀ ਸਲਾਹ ਲੈਣ ਦੀ ਕੋਈ ਲੋੜ ਨਹੀਂ ਸਮਝੀ ਗਈ। ਸਿੱਖਿਆ ਦੇ ਖੇਤਰ ਵਿਚ ਪੁਰਾਤਨ ਪੰਜਾਬ ਦੀਆਂ ਗੌਰਵਮਈ ਤੇ ਮਹੱਤਵਪੂਰਨ ਰਵਾਇਤਾਂ ਰਹੀਆਂ ਹਨ, ਵੈਦਿਕ ਕਾਲ ਵਿਚ ਪੰਜਾਬ ਨੇ ਸਿੱਖਿਆ ਦੇ ਖੇਤਰ ਵਿਚ ਨਵੀਆਂ ਲੀਹਾਂ ਪਾਈਆਂ ਸਨ ਤੇ ਕਦੇ ਇੱਥੋਂ ਦੇ ਟੈਕਸਲਾ ਵਿਸ਼ਵ ਵਿਦਿਆਲੇ ਦੀ ਸਾਰੇ ਵਿਸ਼ਵ ਵਿਚ ਆਪਣੀ ਵਿਲੱਖਣ ਪਛਾਣ ਹੁੰਦੀ ਸੀ, ਹਾਲਾਂਕਿ ਸਿੱਖਿਆ ਲਈ ਨਵੀਂ ਸੇਧ ਗ੍ਰਹਿਣ ਕਰਨ ਲਈ ਤਾਂ ਦੱਖਣੀ ਭਾਰਤ ਦੇ ਰਾਜਾਂ ਨਾਲ ਸੰਪਰਕ ਕਰਕੇ ਵਿੱਦਿਅਕ ਸੇਧਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਸਨ, ਜਿੱਥੇ ਵਿੱਦਿਆ, ਸਾਹਿਤ, ਕਲਾ ਤੇ ਵਿਗਿਆਨ ਦਾ ਸ਼ਾਨਦਾਰ ਸੰਸਾਰ ਵਿਕਸਿਤ ਹੋਇਆ ਹੈ। ਸੰਨ 1990 ਵਿਚ ਮੈਂ ਭਾਰਤ ਦੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੇ ਸਹਿਯੋਗ ਰਾਹੀਂ ਦੱਖਣੀ ਭਾਰਤ ਦੇ ਸੂਬਿਆਂ ਵਿਚ ਗਿਆ ਤੇ ਉੱਥੇ ਮਦਰਾਸ (ਹੁਣ ਚੇਨਈ) ਵਿਚ ਪੰਜਾਬ ਵਿਚੋਂ ਗਏ ਲੋਕਾਂ ਦੀ ਇਕ ਸੰਸਥਾ 'ਪੰਜਾਬ ਐਸੋਸੀਏਸ਼ਨ' ਦੇ ਸੱਦੇ 'ਤੇ ਜਾ ਕੇ ਵਿੱਦਿਆ ਦੇ ਖੇਤਰ ਵਿਚ ਇਸ ਸੰਸਥਾ ਦਾ ਸ਼ਾਨਦਾਰ ਕੰਮ ਵੇਖ ਕੇ ਮੈਂ ਦੰਗ ਰਹਿ ਗਿਆ। ਇਸ ਕਰਮਸ਼ੀਲ ਸੰਸਥਾ ਵਲੋਂ ਜਿੱਥੇ ਚਾਰ ਵੱਡੇ ਡਿਗਰੀ ਕਾਲਜ ਤੇ ਸੀਨੀਅਰ ਸੈਕੰਡਰੀ ਪੱਧਰ ਦੇ ਦਸ ਨਾਮਵਰ ਸਕੂਲ ਚਲਾਏ ਜਾ ਰਹੇ ਸਨ, ਉੱਥੇ ਤਾਮਿਲਨਾਡੂ ਦੇ ਪਛੜੇ ਕਬਾਇਲੀ ਲੋਕਾਂ ਦੇ ਜ਼ਿਲ੍ਹੇ ਚਿੰਗਲ ਪੱਟੂ ਵਿਚ ਅੱਠ ਸੌ ਬਾਲਗ ਸਿੱਖਿਆ ਨਾਲ ਸੰਬੰਧਿਤ ਸਫਲ ਸਕੂਲ ਨਵੀਂ ਤੇ ਆਧੁਨਿਕ ਵਿੱਦਿਆ ਦਾ ਸ਼ਾਨਦਾਰ ਪਸਾਰ ਕਰ ਰਹੇ ਸਨ, ਇਨ੍ਹਾਂ ਸਕੂਲਾਂ ਕਾਲਜਾਂ ਦਾ ਸ਼ਾਨਦਾਰ ਨਮੂਨਾ ਵੇਖਣ ਲਈ ਸੰਨ 1986 ਵਿਚ ਭਾਰਤ ਦੇ ਰਾਸ਼ਟਰਪਤੀ ਖ਼ੁਦ ਤਾਮਿਲਨਾਡੂ ਗਏ ਤੇ ਪੰਜਾਬ ਐਸੋਸੀਏਸ਼ਨ ਦੀ ਭਰਪੂਰ ਪ੍ਰਸ਼ੰਸਾ ਕਰਕੇ ਆਏ ਸਨ। ਸਾਨੂੰ ਵੀ ਅਜਿਹੇ ਯਤਨਾਂ ਦੀ ਹੀ ਲੋੜ ਹੈ।



# ਸ਼ੇਰ-ਏ-ਪੰਜਾਬ ਨੂੰ ਵਿਸਾਰਿਆ ਆਪ ਸਰਕਾਰ ਨੇ

## ਜਨਮ ਦਿਹਾੜੇ ’ਤੇ ਰਾਜ ਪੱਧਰੀ ਸਮਾਗਮ ਨਾ ਹੋਣ ਕਾਰਨ ਪੰਜਾਬੀ ਨਿਰਾਸ਼
## ਸਰਕਾਰੀ ਲਾਪ੍ਰਵਾਹੀ ਕਾਰਨ ਬਡਰੁੱਖਾਂ ’ਚ ਸਥਾਪਿਤ ਬੁੱਤ ਦਾ ਵੀ ਨਾ ਹੋਇਆ ਉਦਘਾਟਨ

ਪ੍ਰਗਟ ਸਿੰਘ ਜੰਡਿਆਲਾ ਗੁਰੂ





ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ 13 ਨਵੰਬਰ ਨੂੰ ਜਨਮ ਦਿਹਾੜਾ ਸੀ। ਉਨ੍ਹਾਂ ਦੇ ਜਨਮ ਸਥਾਨ ਅਤੇ ਨਾਨਕਾ ਪਿੰਡ ਬਡਰੁੱਖਾਂ ਦੇ ਲੋਕਾਂ ਨੂੰ ਉਮੀਦ ਸੀ ਕਿ ਪੰਜਾਬ ਸਰਕਾਰ ਸ਼ੇਰ-ਏ-ਪੰਜਾਬ ਦਾ ਜਨਮ ਦਿਹਾੜਾ ਸੂਬਾ ਪੱਧਰੀ ਸਮਾਗਮ ਕਰ ਕੇ ਮਨਾਏਗੀ ਤੇ ਪਿੰਡ ਵਿੱਚ ਦੋ ਮਹੀਨੇ ਪਹਿਲਾਂ ਸਥਾਪਤ ਹੋਏ ਸ਼ੇਰ-ਏ-ਪੰਜਾਬ ਦੇ ਬੁੱਤ ਦਾ ਰਸਮੀ ਉਦਘਾਟਨ ਹੋਵੇਗਾ ਪਰ ਸਰਕਾਰ ਵੱਲੋਂ ਨਾ ਕੋਈ ਸਰਕਾਰੀ ਸਮਾਗਮ ਕਰਵਾਇਆ ਗਿਆ ਅਤੇ ਨਾ ਹੀ 25 ਵਰ੍ਹਿਆਂ ਮਗਰੋਂ ਜਨਮ ਸਥਾਨ ਨੂੰ ਨਸੀਬ ਹੋਏ ਬੁੱਤ ਦੇ ਰਸਮੀ ਉਦਘਾਟਨ ਦਾ ਕੋਈ ਪ੍ਰੋਗਰਾਮ ਹੋਇਆ।ਪੰਜਾਬ ਸਰਕਾਰ ਵਲੋਂ ਬਡਰੁੱਖਾਂ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਦਿਹਾੜਾ ਨਾ ਮਨਾਏ ਜਾਣ ਕਾਰਨ ਸ਼ੇਰ-ਏ-ਪੰਜਾਬ ਦਾ ਬੁੱਤ ਸਰਕਾਰ ਦੀ ਕਥਿਤ ਲਾਪ੍ਰਵਾਹੀ ਕਾਰਨ ਉਦਘਾਟਨ ਦੀ ਰਸਮ ਤੋਂ ਵੀ ਵਾਂਝਾ ਰਹਿ ਗਿਆ । ਸਤੰਬਰ ਮਹੀਨੇ ਦੇ ਪਹਿਲੇ ਹਫ਼ਤੇ ਪਿੰਡ ਬਡਰੁੱਖਾਂ ਵਿੱਚ ਨੈਸ਼ਨਲ ਹਾਈਵੇਅ ਸਥਿਤ ਮਹਾਰਾਜਾ ਰਣਜੀਤ ਸਿੰਘ ਯਾਦਗਾਰੀ ਪਾਰਕ ਵਿੱਚ ਸ਼ੇਰ-ਏ-ਪੰਜਾਬ ਦਾ ਘੋੜੇ ’ਤੇ ਸਵਾਰ ਬੁੱਤ ਸਥਾਪਤ ਹੋਇਆ ਸੀ। ਬੁੱਤ ਸਥਾਪਤ ਹੋਣ ਮਗਰੋਂ ਸਰਕਾਰ ਕੋਲ ਸਮੁੱਚੇ ਉਸਾਰੀ ਕੰਮਕਾਜ ਨੂੰ ਮੁਕੰਮਲ ਕਰਨ ਵਾਸਤੇ ਕਰੀਬ ਸਵਾ ਦੋ ਮਹੀਨੇ ਦਾ ਸਮਾਂ ਬਾਕੀ ਸੀ ਤੇ ਇਸ ਨੂੰ ਜਨਮ ਦਿਹਾੜੇ ਮੌਕੇ ਮੁਕੰਮਲ ਕੀਤਾ ਜਾ ਸਕਦਾ ਸੀ ਪਰ ਅਜਿਹਾ ਨਹੀਂ ਹੋਇਆ। ਇਸ ਕੰਮ ਨੂੰ ਜਨਮ ਦਿਹਾੜੇ ਮੌਕੇ ਮੁਕੰਮਲ ਕਰਵਾਉਣ ਲਈ ਕਿਸੇ ਕੈਬਨਿਟ ਮੰਤਰੀ ਜਾਂ ਸਰਕਾਰ ਦੇ ਕਿਸੇ ਉੱਚ ਅਧਿਕਾਰੀ ਵੱਲੋਂ ਕੋਈ ਦਿਲਚਸਪੀ ਨਹੀਂ ਦਿਖਾਈ ਗਈ। ਇਹੋ ਕਾਰਨ ਹੈ ਕਿ ਅਜੇ ਪੱਥਰ ਲਗਾਉਣ ਦਾ ਕੰਮ ਚੱਲ ਰਿਹਾ ਹੈ। ਪਿੰਡ ਬਡਰੁੱਖਾਂ ਜਿੱਥੇ ਮੁੱਖ ਮੰਤਰੀ ਭਗਵੰਤ ਮਾਨ ਦੇ ਜੱਦੀ ਜ਼ਿਲ੍ਹੇ ਸੰਗਰੂਰ ਅਧੀਨ ਆਉਂਦਾ ਹੈ, ਉੱਥੇ ਹੀ ਇਹ ਕੈਬਨਿਟ ਮੰਤਰੀ ਅਮਨ ਅਰੋੜਾ ਦਾ ਜੱਦੀ ਪਿੰਡ ਵੀ ਹੈ।

ਪਿੰਡ ਦੇ ਕਾਂਗਰਸੀ ਸਰਪੰਚ ਕੁਲਜੀਤ ਸਿੰਘ ਤੂਰ ਨੇ ਦੱਸਿਆ ਕਿ ਸ਼ੇਰ-ਏ-ਪੰਜਾਬ ਦਾ ਬੁੱਤ ਲਗਾਉਣ ਤੇ ਯਾਦਗਾਰੀ ਪਾਰਕ ਨੂੰ ਅਪਗ੍ਰੇਡ ਕਰਨ ਵਾਸਤੇ ਪਿਛਲੀ ਸਰਕਾਰ ’ਵਿਚ ਕੈਬਨਿਟ ਮੰਤਰੀ ਹੁੰਦਿਆਂ ਵਿਜੈਇੰਦਰ ਸਿੰਗਲਾ ਨੇ ਕਰੀਬ ੯੯ ਲੱਖ ਰੁਪਏ ਦੀ ਗਰਾਂਟ ਮਨਜ਼ੂਰ ਕਰਵਾਈ ਸੀ। ਉਨ੍ਹਾਂ ਦੇ ਯਤਨਾਂ ਸਦਕਾ ਹੀ ੨੫ ਵਰ੍ਹਿਆਂ ਮਗਰੋਂ ਜਨਮ ਸਥਾਨ ਨੂੰ ਸ਼ੇਰ-ਏ-ਪੰਜਾਬ ਦਾ ਬੁੱਤ ਨਸੀਬ ਹੋਇਆ ਸੀ ਪਰ ਮੌਜੂਦਾ ਸਰਕਾਰ ਨੇ ਜਨਮ ਦਿਹਾੜਾ ਤਾਂ ਮਨਾਉਣਾ ਦੂਰ ਸਗੋਂ ਜਨਮ ਦਿਹਾੜੇ ’ਤੇ ਬੁੱਤ ਦਾ ਉਦਘਾਟਨ ਵੀ ਨਹੀਂ ਕਰ ਸਕੀ। ਬੁੱਤ ਦੇ ਥੜ੍ਹੇ ਉਪਰ ਪੱਥਰ ਲਗਾ ਰਹੀ ਲੇਬਰ ਦੇ ਇੰਚਾਰਜ ਸਤੀਸ਼ ਨੇ ਦੱਸਿਆ ਕਿ ਪੱਥਰ ਲਗਾਉਣ ਲਈ ਮਾਹਿਰ ਮਿਸਤਰੀ ਨਾ ਮਿਲਣ ਕਾਰਨ ਦੇਰੀ ਹੋਈ ਹੈ। ਹੁਣ ਰਾਜਸਥਾਨ ਤੋਂ ਮਾਹਿਰ ਲਿਆਂਦੇ ਹਨ।

### ਮਹਾਰਾਜਾ ਰਣਜੀਤ ਸਿੰਘ ਅਜਾਇਬ ਘਰ ਨੂੰ ਰਾਹ ਦੇਣਾ ਭੁੱਲੀ ਸਰਕਾਰ

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਮਰ ਪੈਲੇਸ ਰਾਮ ਬਾਗ਼ ਵਜੋਂ ਜਾਣੀ ਜਾਂਦੀ ਇਮਾਰਤ ਵਿੱਚ ਸਥਾਪਤ ਕੀਤੇ ਗਏ ਮਹਾਰਾਜਾ ਰਣਜੀਤ ਸਿੰਘ ਅਜਾਇਬਘਰ ਨੂੰ ਸਰਕਾਰ ਨੇ ਅਣਗੌਲਿਆ ਕੀਤਾ ਹੋਇਆ ਹੈ। ਅੱਜ ਤੱਕ ਇੱਕ ਸਿੱਖ ਜਥੇਬੰਦੀ ਨੂੰ ਛੱਡ ਕੇ ਸਰਕਾਰ ਵੱਲੋਂ ਜਾਂ ਜ਼ਿਲ੍ਹਾ ਪੱਧਰ ’ਤੇ ਕੋਈ ਸਮਾਗਮ ਨਹੀਂ ਕਰਵਾਇਆ ਗਿਆ। ਲਗਭਗ ਪੰਦਰਾਂ ਸਾਲ ਤੱਕ ਮੁਰੰਮਤ ਦੇ ਨਾਂ ’ਤੇ ਇਹ ਅਜਾਇਬ ਘਰ ਬੰਦ ਰੱਖਣ ਮਗਰੋਂ ਇਸ ਵਰ੍ਹੇ ਜਨਵਰੀ ਵਿੱਚ ਲੋਕਾਂ ਲਈ ਮੁੜ ਖੋਲ੍ਹਿਆ ਗਿਆ ਹੈ ਜੋ 2007 ਵਿੱਚ ਬੰਦ ਕੀਤਾ ਗਿਆ ਸੀ। ਕਰੋੜਾਂ ਰੁਪਏ ਖ਼ਰਚ ਕੇ ਅਜਾਇਬ ਘਰ ਨੂੰ ਅਤਿ-ਆਧੁਨਿਕ ਰੂਪ ਦਿੱਤਾ ਗਿਆ ਸੀ। ਇਸ ਅਜਾਇਬਘਰ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਨਾਲ ਸਬੰਧਤ ਦੁਰਲੱਭ ਵਸਤਾਂ, ਚਿੱਤਰਕਲਾ, ਹਥਿਆਰ ਜਿਵੇਂ ਤਲਵਾਰਾਂ, ਕਟਾਰ, ਰਾਈਫ਼ਲਾਂ ਅਤੇ ਹੋਰ ਸਾਮਾਨ ਰੱਖਿਆ ਗਿਆ ਹੈ, ਜਿਸ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਪੰਜਾਬ ਹੈਰੀਟੇਜ ਅਤੇ ਟੂਰਿਜ਼ਮ ਵਿਭਾਗ ਕੋਲ ਹੈ। ਭਾਵੇਂ ਇਸ ਅਜਾਇਬਘਰ ਨੂੰ ਲੋਕਾਂ ਲਈ ਖੋਲ੍ਹ ਦਿੱਤਾ ਗਿਆ ਹੈ ਪਰ ਇੱਥੋਂ ਤੱਕ ਪਹੁੰਚਣ ਲਈ ਕੋਈ ਰਾਹ ਨਹੀਂ ਬਣਾਇਆ ਗਿਆ ਹੈ। ਸੈਲਾਨੀਆਂ ਨੂੰ ਆਪਣੇ ਵਹੀਕਲ ਕਰੀਬ 500 ਮੀਟਰ ਦੂਰ ਖੜ੍ਹੇ ਕਰਕੇ ਪੈਦਲ ਹੀ ਅਜਾਇਬਘਰ ਜਾਣਾ ਪੈਂਦਾ ਹੈ। ਇਸ ਤੋਂ ਇਲਾਵਾ ਅਜਾਇਬਘਰ ਸਬੰਧੀ ਪ੍ਰਚਾਰ ਦੀ ਘਾਟ ਕਾਰਨ ਬਹੁਤੇ ਲੋਕਾਂ ਨੂੰ ਇਸ ਜਗ੍ਹਾ ਬਾਰੇ ਪਤਾ ਨਹੀਂ ਹੈ।

ਅਜਾਇਬਘਰ ਦੇ ਇੰਚਾਰਜ ਜੋਧ ਸਿੰਘ ਨੇ ਪੁਸ਼ਟੀ ਕਰਦਿਆਂ ਕਿਹਾ ਕਿ ਅਜਾਇਬਘਰ ਬਾਰੇ ਪ੍ਰਚਾਰ ਅਤੇ ਪਹੁੰਚ ਮਾਰਗ ਦੀ ਘਾਟ ਕਾਰਨ ਇੱਥੇ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਘੱਟ ਹੈ। ਉਨ੍ਹਾਂ ਦੱਸਿਆ ਕਿ ਔਸਤਨ 10-11 ਸੈਲਾਨੀ ਹੀ ਇੱਥੇ ਰੋਜ਼ ਆਉਂਦੇ ਹਨ। ਅਜਾਇਬਘਰ ਵਿੱਚ ਦਾਖ਼ਲਾ ਟਿਕਟ ਦਸ ਰੁਪਏ ਪ੍ਰਤੀ ਵਿਅਕਤੀ ਅਤੇ ਬੱਚੇ ਲਈ ਚਾਰ ਰੁਪਏ ਰੱਖੀ ਗਈ ਹੈ। ਉਨ੍ਹਾਂ ਦੱਸਿਆ ਕਿ ਅਜਾਇਬਘਰ ਦੀ ਸਾਂਭ-ਸੰਭਾਲ ਲਈ ਪੱਕੇ ਸਟਾਫ ਸਮੇਤ ਪਖਾਨੇ ਅਤੇ ਹੋਰ ਸਹੂਲਤਾਂ ਦੀ ਵੀ ਘਾਟ ਹੈ।

ਇਤਿਹਾਸ ਮੁਤਾਬਕ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਨੂੰ ਆਪਣੀ ਗਰਮੀਆਂ ਦੀ ਰਾਜਧਾਨੀ ਬਣਾਇਆ ਗਿਆ ਸੀ।

ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਉਹ ਜਦੋਂ ਇੱਥੇ ਆਉਂਦੇ ਤਾਂ ਸਮਰ ਪੈਲੇਸ ਵਿੱਚ ਠਹਿਰਿਆ ਕਰਦੇ ਸਨ। ਲਗਭਗ 84 ਏਕੜ ਰਕਬੇ ਵਿੱਚ ਬਣੇ ਇਸ ਸਮਰ ਪੈਲੇਸ ਨੂੰ ਉਨ੍ਹਾਂ ਗੁਰੂ ਰਾਮਦਾਸ ਜੀ ਦੇ ਨਾਂ ’ਤੇ ਰਾਮਬਾਗ ਦਾ ਨਾਂ ਦਿੱਤਾ ਸੀ, ਜੋ ਬਰਤਾਨਵੀ ਰਾਜ ਵੇਲੇ ਅੰਗਰੇਜ਼ਾਂ ਦੇ ਕਬਜ਼ੇ ਵਿੱਚ ਆ ਗਿਆ ਅਤੇ ਉਨ੍ਹਾਂ ਇਸ ਨੂੰ ਕੰਪਨੀ ਬਾਗ ਦਾ ਨਾਂ ਦੇ ਦਿੱਤਾ।

# ਮਹਾਰਾਜਾ ਰਣਜੀਤ ਸਿੰਘ ਦਾ ਖ਼ਾਲਸਾ ਰਾਜ




> “ਮਹਾਰਾਜਾ ਰਣਜੀਤ ਸਿੰਘ ਦਾ ਜਨਮ 13 ਨਵੰਬਰ 1780 ਵਿਚ ਸੰਗਰੂਰ ਦੇ ਬਡਰੁੱਖਾਂ ਪਿੰਡ ਵਿਚ ਹੋਇਆ ਸੀ।ਰਣਜੀਤ ਸਿੰਘ ਨੂੰ ਸ਼ੇਰ-ਏ-ਪੰਜਾਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ।ਬਾਬਾ ਸਾਹਿਬ ਸਿੰਘ ਬੇਦੀ ਦੇ ਸਹਿਯੋਗ ਨਾਲ ਸਿੱਖ ਮਿਸਲਾਂ ਨੂੰ ਇਕੱਠਿਆ ਕਰ ਉਨ੍ਹਾਂ ਵਿਸ਼ਾਲ ਖਾਲਸਾ ਰਾਜ ਦੀ ਸਥਾਪਨਾ ਕੀਤੀ ਸੀ। ਰਣਜੀਤ ਸਿੰਘ ਭਾਰਤੀ ਇਤਿਹਾਸ ਦਾ ਉਹ ਪਹਿਲਾ ਰਾਜਾਂ ਸੀ ਜਿਨ੍ਹਾਂ ਵਿਦੇਸ਼ੀ ਹਮਲਾਵਰਾਂ ਦਾ ਰੁਖ ਮੋੜਿਆ ਸੀ।ਉਨ੍ਹਾਂ ਦਾ ਰਾਜ ਸਤਲੁਜ ਦਰਿਆ ਤੋਂ ਲੈ ਕੇ ਦੱਰਾ ਖ਼ੈਬਰ ਤੱਕ ਫੈਲਿਆ ਹੋਇਆ ਸੀ।”

ਮਹਾਰਾਜਾ ਰਣਜੀਤ ਸਿੰਘ ਦਾ ਜਨਮ 13 ਨਵੰਬਰ 1780 ਵਿਚ ਸੰਗਰੂਰ ਦੇ ਬਡਰੁੱਖਾਂ ਪਿੰਡ ਵਿਚ ਹੋਇਆ ਸੀ।ਰਣਜੀਤ ਸਿੰਘ ਨੂੰ ਸ਼ੇਰ-ਏ-ਪੰਜਾਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ।ਬਾਬਾ ਸਾਹਿਬ ਸਿੰਘ ਬੇਦੀ ਦੇ ਸਹਿਯੋਗ ਨਾਲ ਸਿੱਖ ਮਿਸਲਾਂ ਨੂੰ ਇਕੱਠਿਆ ਕਰ ਉਨ੍ਹਾਂ ਵਿਸ਼ਾਲ ਖਾਲਸਾ ਰਾਜ ਦੀ ਸਥਾਪਨਾ ਕੀਤੀ ਸੀ। ਰਣਜੀਤ ਸਿੰਘ ਭਾਰਤੀ ਇਤਿਹਾਸ ਦਾ ਉਹ ਪਹਿਲਾ ਰਾਜਾਂ ਸੀ ਜਿਨ੍ਹਾਂ ਵਿਦੇਸ਼ੀ ਹਮਲਾਵਰਾਂ ਦਾ ਰੁਖ ਮੋੜਿਆ ਸੀ।ਉਨ੍ਹਾਂ ਦਾ ਰਾਜ ਸਤਲੁਜ ਦਰਿਆ ਤੋਂ ਲੈ ਕੇ ਦੱਰਾ ਖ਼ੈਬਰ ਤੱਕ ਫੈਲਿਆ ਹੋਇਆ ਸੀ। ਇੱਕ ਵਾਰ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਵਿਦੇਸ਼ ਮੰਤਰੀ ਫਕੀਰ ਅਜ਼ੀਜ਼-ਉਦ-ਦੀਨ ਨੂੰ ਕਿਹਾ, ‘ਵਾਹਿਗੁਰੂ ਚਾਹੁੰਦਾ ਹੈ ਕਿ ਮੈਂ ਹਰ ਧਰਮ ਨੂੰ ਇੱਕੋ ਨਜ਼ਰ ਨਾਲ ਵੇਖਾਂ ਇਸ ਲਈ ਉਨ੍ਹਾਂ ਨੇ ਮੈਨੂੰ ਇੱਕ ਹੀ ਅੱਖ ਦਿੱਤੀ ਹੈ।’ ਫਕੀਰ ਅਜ਼ੀਜ਼-ਉਦ-ਦੀਨ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਇਸ ਗੱਲਬਾਤ ਦਾ ਜ਼ਿਕਰ ਕਰਤਾਰ ਸਿੰਘ ਦੁੱਗਲ ਦੀ ਕਿਤਾਬ ਮਹਾਰਾਜਾ ‘ਰਣਜੀਤ ਸਿੰਘ, ਦ ਲਾਸਟ ਟੂ ਲੇਅ ਆਰਮਜ਼’ ਵਿੱਚ ਮਿਲਦਾ ਹੈ।

ਫਕੀਰ ਅਜ਼ੀਜ਼-ਉਦ-ਦੀਨ ਵਰਗੇ ਕਈ ਮੁਸਲਮਾਨ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਉੱਚੇ ਅਹੁਦਿਆਂ ’ਤੇ ਸਨ ਜਿਨ੍ਹਾਂ ਨੂੰ ਧਰਮ ਨਹੀਂ ਸਗੋਂ ਕਾਬਲੀਅਤ ਦੇ ਆਧਾਰ ’ਤੇ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿੱਚ ਥਾਂ ਮਿਲੀ ਸੀ

ਮਹਾਰਾਜਾ ਰਣਜੀਤ ਸਿੰਘ ਖੁਦ ਇੱਕ ਸ਼ਰਧਾਵਾਨ ਸਿੱਖ ਸਨ ਅਤੇ ਉਨ੍ਹਾਂ ਦਾ ਅਕੀਦਾ ਗੁਰੂ ਗ੍ਰੰਥ ਸਾਹਿਬ ਵਿੱਚ ਸੀ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਰਿਟਾਇਰਡ ਇਤਿਹਾਸਕਾਰ ਪ੍ਰੋਫੈਸਰ ਇੰਦੂ ਬਾਂਗਾ ਨੇ ਦੱਸਿਆ, ‘ਭਾਰਤ ਦੇ ਇਤਿਹਾਸ ਵਿੱਚ ਇਸ ਦਾ ਸਭ ਤੋਂ ਬਿਹਤਰ ਉਦਾਹਰਣ ਮਹਾਰਾਜਾ ਰਣਜੀਤ ਸਿੰਘ ਹਨ।’ ਉਹ ਖੁਦ ਇੱਕ ਸ਼ਰਧਾਲੂ ਸਿੱਖ ਸੀ ਪਰ ਉਨ੍ਹਾਂ ਨੇ ਆਪਣੇ ਸ਼ਾਸਨ ਪ੍ਰਬੰਧ ਅਤੇ ਫੌਜ ਵਿੱਚ ਜਾਂ ਆਪਣੇ ਵਰਤਾਰੇ ਵਿੱਚ ਧਰਮ ਨੂੰ ਰਾਹ ਦਾ ਰੋੜਾ ਨਹੀਂ ਬਣਨ ਦਿੱਤਾ ਸੀ। ਮਹਾਰਾਜਾ ਰਣਜੀਤ ਸਿੰਘ ਦਾ ਸ਼ਾਸਨ ਗੁਰੂ ਨਾਨਕ ਦੇਵ ਜੀ ਦੇ ਮੂਲ ਸਿਧਾਂਤਾਂ ’ਤੇ ਆਧਾਰਿਤ ਸੀ। ਉਨ੍ਹਾਂ ਸਿਧਾਂਤਾਂ ਵਿੱਚ ਸਭ ਤੋਂ ਮਹੱਤਵਪੂਰਨ ਸਿਧਾਂਤ ਸਮਾਜਿਕ ਸਮਾਨਤਾ ਅਤੇ ਧਾਰਮਿਕ ਆਜ਼ਾਦੀ ਦਾ ਸੀ। ਸਮਾਜਿਕ ਸਮਾਨਤਾ ਦਾ ਪ੍ਰਭਾਵ ਰਣਜੀਤ ਸਿੰਘ ਦੇ ਸ਼ਾਸਨ ਦੀ ਬਣਤਰ ਅਤੇ ਉਨ੍ਹਾਂ ਦੀ ਫੌਜ ਵਿੱਚ ਦੇਖਿਆ ਜਾ ਸਕਦਾ ਸੀ। ਉਨ੍ਹਾਂ ਦੱਸਿਆ ਕਿ ਰਣਜੀਤ ਸਿੰਘ ਦੇ ਦਰਬਾਰ ਵਿੱਚ ਹਿੰਦੂ, ਮੁਸਲਮਾਨ, ਸਈਦ ਤੇ ਪਠਾਨ ਅਫਸਰ ਵੀ ਸਨ। ਇੱਕ ਖ਼ਾਸ ਗੱਲ ਹੋਰ ਕਿ ਰਣਜੀਤ ਸਿੰਘ ਦੇ ਸ਼ਾਸਨ ਦੌਰਾਨ ਵੱਖ-ਵੱਖ ਸਮੇਂ ’ਤੇ ਤਕਰੀਬਨ 60 ਯੂਰਪੀਅਨ ਲੋਕਾਂ ਨੇ ਅਹਿਮ ਭੂਮਿਕਾ ਨਿਭਾਈ ਸੀ। ਇੰਦੂ ਬਾਂਗਾ ਨੇ ਦੱਸਿਆ ਕਿ ਹਿੰਦੂਆਂ ਵਿੱਚ ਦੀਵਾਨ ਮੋਹਕਮ ਚੰਦ ਅਤੇ ਮਿਸਲ ਦੀਵਾਨ ਚੰਦ ਫੌਜ ਵਿੱਚ ਜਰਨੈਲ ਸਨ, ਦੀਵਾਨ ਭਵਾਨੀ ਦਾਸ ਤੇ ਦੀਨਾਨਾਥ ਹਿਸਾਬ-ਕਿਤਾਬ ਦੇਖਦੇ ਸਨ, ਮਿਸਰ ਬੇਲੀ ਰਾਮ ਖਜ਼ਾਨੇ ਨਾਲ ਜੁੜੇ ਕੰਮ ਦੇਖਦੇ ਸਨ। ਮੁਸਲਮਾਨਾਂ ਵਿੱਚ ਵੀ ਮੁੱਖ ਨਾਂ ਹਨ ਜਿਵੇਂ ਅਜ਼ੀਜ਼ੁੱਦੀਨ, ਨੂਰ-ਉਦ-ਦੀਨ, ਇਮਾਮ-ਉਦ-ਦੀਨ ਅਤੇ ਅੱਗੇ ਉਨ੍ਹਾਂ ਦੇ ਬੱਚੇ, ਜਲੰਧਰ ਤੇ ਦੋਆਬਾ ਦੇ ਗਵਰਨਰ ਮੋਹੋਯੂੱਦੀਨ, ਜਨਰਲ ਸੁਲਤਾਨ ਮਹਿਮੂਦ ਅਤੇ ਕਈ ਹੋਰ ਸਾਰੇ ਮੁਸਲਮਾਨ ਰਣਜੀਤ ਸਿੰਘ ਦੇ ਰਾਜ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਸਨ।’

ਕਰਤਾਰ ਸਿੰਘ ਦੁੱਗਲ ਆਪਣੀ ਕਿਤਾਬ ‘ਰਣਜੀਤ ਸਿੰਘ : ਦ ਲਾਸਟ ਲੇਅ ਟੂ ਆਰਮਜ਼’ ਵਿੱਚ ਲਿਖਦੇ ਹਨ ਕਿ ਫਕੀਰ ਇਮਾਮ-ਉਦ-ਦੀਨ ਨੂੰ ਅੰਮ੍ਰਿਤਸਰ ਦੇ ਗੋਬਿੰਦਗੜ੍ਹ ਕਿਲੇ ਅਤੇ ਆਲੇ-ਦੁਆਲੇ ਦੇ ਇਲਾਕੇ ਦੀ ਜ਼ਿੰਮਵਾਰੀ ਦਿੱਤੀ ਹੋਈ ਸੀ।ਇਸਦੇ ਨਾਲ ਇਮਾਮ-ਉਦ-ਦੀਨ ਅੰਮ੍ਰਿਤਸਰ ਵਿੱਚ ਮੈਗਜ਼ੀਨਜ਼, ਹਥਿਆਰ ਅਤੇ ਸ਼ਾਹੀ ਅਸਤਬਲ ਦਾ ਵੀ ਇੰਚਾਰਜ ਸੀ। ਕਈ ਜੰਗੀ ਮੁਹਿੰਮਾਂ ’ਤੇ ਵੀ ਇਮਾਮ-ਉਦ-ਦੀਨ ਨੂੰ ਭੇਜਿਆ ਗਿਆ ਸੀ।

ਨਿਆਂ ਪ੍ਰਣਾਲੀ ਬਾਰੇ ਦੱਸਦੇ ਹੋਏ ਇੰਦੂ ਬਾਂਗਾ ਨੇ ਕਿਹਾ, ‘ਰਣਜੀਤ ਸਿੰਘ ਨੇ ਸ਼ਰੀਅਤ ਅਤੇ ਸ਼ਾਸਤਰ ਦੋਵਾਂ ਨੂੰ ਇੱਕ ਬਰਾਬਰ ਦਰਜਾ ਦਿੱਤਾ ਸੀ। ਜੇ ਕੋਈ ਮੁਸਲਮਾਨ ਹੁੰਦਾ ਸੀ ਤਾਂ ਉਸ ਨੂੰ ਇਨਸਾਫ਼ ਦੇਣ ਲਈ ਸ਼ਰੀਅਤ ਦੀ ਵਰਤੋਂ ਕੀਤੀ ਜਾਂਦੀ ਸੀ ਅਤੇ ਹਿੰਦੂਆਂ ਲਈ ਧਰਮ ਸ਼ਾਸਤਰ ਦਾ ਇਸਤੇਮਾਲ ਕੀਤਾ ਜਾਂਦਾ ਸੀ। ਹਿੰਦੂ-ਮੁਸਲਮਾਨਾਂ ਨਾਲ ਜੁੜੇ ਜਾਇਦਾਦ ਦੇ ਸਾਰੇ ਮਸਲਿਆਂ ਨੂੰ ਸ਼ਰੀਅਤ ਨਾਲ ਸੁਲਝਾਇਆ ਜਾਂਦਾ ਸੀ।’

ਇੰਦੂ ਬਾਂਗਾ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੀ ਧਾਰਮਿਕ ਬਰਾਬਰਤਾ ਦਾ ਸਭ ਤੋਂ ਉੱਚਾ ਮਿਆਰ ਧਾਰਮਿਕ ਗਰਾਂਟਾਂ ਦੀ ਨੀਤੀ ਤੋਂ ਪਤਾ ਲੱਗਦਾ ਹੈ। ਆਪਣੇ ਰਾਜ ਵਿੱਚ ਹਿੰਦੂਆਂ ਤੇ ਮੁਸਲਮਾਨਾਂ ਦੀਆਂ

(ਬਾਕੀ ਸਫ਼ਾ 31 ’ਤੇ)



# ਕਾਰਪੋਰੇਟਾਂ ਪ੍ਰਤੀ ਨਰਮ ਰੁਖ਼ ਕਾਰਨ ਭਾਰਤੀ ਅਰਥਚਾਰਾ ਸੰਕਟ ਵਿਚ

ਰਾਜੀਵ ਖੋਸਲਾ

> *ਸੰਸਾਰ ਬੈਂਕ ਨੇ ਆਪਣੀ ਹਾਲ ਹੀ ਵਿੱਚ ਪ੍ਰਕਾਸ਼ਿਤ ਰਿਪੋਰਟ ਵਿੱਚ ਉਜਾਗਰ ਕੀਤਾ ਹੈ ਕਿ ਸਾਲ 2020 ਦੇ ਅੰਤ ਤੱਕ ਭਾਰਤ ਵਿੱਚ ਲਗਭਗ 5.6 ਕਰੋੜ ਲੋਕ ਅਤਿ ਗਰੀਬੀ ਵਿੱਚ ਧੱਕੇ ਗਏ ਹਨ। ਇਸ ਤੋਂ ਪਹਿਲਾਂ ਸੰਸਾਰ ਬੈਂਕ ਨੇ ਇਹ ਵੀ ਦਰਸਾਇਆ ਸੀ ਕਿ ਭਾਰਤ ਵਿੱਚ ਗ੍ਰਾਮੀਣ ਖੇਤਰ ਵਿੱਚ 12% ਜਨਤਾ ਤੇ ਸ਼ਹਿਰੀ ਖੇਤਰ ਵਿੱਚ 6% ਜਨਤਾ ਗਰੀਬੀ ਰੇਖਾ ਤੋਂ ਹੇਠਾਂ ਵੱਸਦੀ ਹੈ। ਜੇਕਰ ਹੁਣ ਦੋਵਾਂ ਸਥਿਤੀਆਂ ਦੀ ਤੁਲਨਾ ਕੀਤੀ ਜਾਵੇ ਜਿੱਥੇ ਇੱਕ ਪਾਸੇ ਮਹਿੰਗਾਈ ਦੀ ਮਾਰ ਪਿੰਡਾਂ ਦੇ ਲੋਕਾਂ 'ਤੇ ਵੱਧ ਪੈ ਰਹੀ ਹੈ*

ਵਿਸ਼ਵ ਪੱਧਰ 'ਤੇ ਆਰਥਿਕ ਗਤੀਵਿਧੀਆਂ ਨੂੰ ਵਿਚਾਰਦੇ ਹੋਏ ਵਿਸ਼ਵ ਬੈਂਕ, ਕੌਮਾਂਤਰੀ ਮੁਦਰਾ ਫੰਡ ਅਤੇ ਵਿਸ਼ਵ ਵਪਾਰ ਸੰਗਠਨ ਨੇ ਚਿੰਤਾ ਪ੍ਰਗਟਾਈ ਹੈ ਅਤੇ ਵਿਸ਼ਵਵਿਆਪੀ ਵਿਕਾਸ ਦੇ ਆਪਣੇ ਪੁਰਾਣੇ ਅਨੁਮਾਨਾਂ ਨੂੰ ਤੇਜ਼ੀ ਨਾਲ ਘਟਾਇਆ ਹੈ। ਇਨ੍ਹਾਂ ਸਾਰੀਆਂ ਆਰਥਿਕ ਗਤੀਵਿਧੀਆਂ ਵਿਚਕਾਰ ਭਾਰਤੀ ਅਰਥਚਾਰਾ ਵੀ ਅਛੂਤਾ ਨਹੀਂ ਰਿਹਾ। ਮਹਿੰਗਾਈ, ਘਟਦੀ ਖਪਤ, ਗੰਭੀਰ ਬੇਰੁਜ਼ਗਾਰੀ, ਰੁਪਏ ਵਿੱਚ ਗਿਰਾਵਟ ਅਤੇ ਵਿਦੇਸ਼ੀ ਮੁਦਰਾ ਭੰਡਾਰ ਵਿੱਚ ਕਮੀ ਦੇ ਚੱਲਦੇ ਭਾਰਤ ਦੇ ਵਿਕਾਸ ਅਨੁਮਾਨ ਵੀ ਹਰ ਗੁਜ਼ਰਦੇ ਦਿਨ ਹੇਠਾਂ ਵੱਲ ਜਾ ਰਹੇ ਹਨ। ਭਾਰਤੀ ਕੇਂਦਰੀ ਬੈਂਕ ਨੇ ਵੀ ਭਾਰਤ ਦੀ ਵਿਕਾਸ ਦਰ ਨੂੰ ਸਾਲ 2022-23 ਦੌਰਾਨ 7.2% ਤੋਂ ਘਟਾ ਕੇ 7% ਕਰ ਦਿੱਤਾ ਅਤੇ ਮਹਿੰਗਾਈ ਦਰ ਨੂੰ 6.7% ਕਰ ਦਿੱਤਾ, ਜਿਸ ਤੋਂ ਬਾਅਦ ਅੰਤਰਰਾਸ਼ਟਰੀ ਸੰਗਠਨਾਂ ਨੇ ਵੀ ਇੱਕ ਤੋਂ ਬਾਅਦ ਇੱਕ, ਭਾਰਤ ਲਈ ਆਪਣੇ ਵਿਕਾਸ ਅਨੁਮਾਨਾਂ ਨੂੰ ਸੋਧਿਆ ਹੈ। ਭਾਰਤ ਵਿੱਚ ਭਵਿੱਖ ਵਿੱਚ ਵੀ ਮਹਿੰਗਾਈ ਵੱਧ ਰਹਿਣ ਦੇ ਅਨੁਮਾਨ ਇਸ ਲਈ ਲਾਏ ਜਾ ਰਹੇ ਹਨ ਕਿਉਂਕਿ ਅੰਤਰਰਾਸ਼ਟਰੀ ਪੱਧਰ 'ਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਤੇਜ਼ੀ, ਡਾਲਰ ਦੇ ਮੁਕਾਬਲੇ ਰੁਪਏ ਵਿੱਚ ਹੋਰ ਗਿਰਾਵਟ ਅਤੇ ਮਹਿੰਗੀਆਂ ਕੀਮਤਾਂ ਤੇ ਦਰਾਮਦਾਂ ਬਣੇ ਰਹਿਣ ਦਾ ਖ਼ਦਸ਼ਾ ਹੈ।

ਵੱਧ ਚਿੰਤਾਜਨਕ ਸੰਕੇਤ ਇਸ ਤੱਥ ਤੋਂ ਨਿਕਲਦੇ ਹਨ ਕਿ ਭਾਰਤ ਵਿੱਚ ਨਿਰਮਾਣ ਅਤੇ ਸੇਵਾਵਾਂ ਦੇ ਸੂਚਕ ਅੰਕਾਂ ਵਿੱਚ ਅਗਸਤ ਅਤੇ ਸਤੰਬਰ ਦੇ ਉਨ੍ਹਾਂ ਮਹੀਨਿਆਂ ਵਿੱਚ ਰਿਕਾਰਡ ਕਮੀ ਦਰਜ ਕੀਤੀ ਗਈ, ਜਿਨ੍ਹਾਂ ਵਿੱਚ ਤਿਉਹਾਰਾਂ ਕਾਰਨ ਸਭ ਤੋਂ ਵੱਧ ਉਤਪਾਦਨ ਹੁੰਦਾ ਹੈ। ਆਮ ਤੌਰ 'ਤੇ ਸਿਖਰ ਉਤਪਾਦਨ ਵਾਲੇ ਮਹੀਨਿਆਂ ਵਿੱਚ ਘਟਿਆ ਇਹ ਉਤਪਾਦਨ ਲੋਕਾਂ ਵੱਲੋਂ ਭਵਿੱਖ ਵਿੱਚ ਹੋਣ ਵਾਲੀ ਘੱਟ ਖਪਤ ਦੇ ਖਦਸ਼ੇ ਨੂੰ ਦਰਸਾਉਂਦਾ ਹੈ। ਇਸ ਦੇ ਨਾਲ ਉਪਭੋਗਤਾ ਮਹਿੰਗਾਈ (6.7%) ਕੇਂਦਰੀ ਬੈਂਕ ਦੀ ਸਹਿਣਸ਼ੀਲਤਾ ਸੀਮਾ 6% ਤੋਂ ਵੱਧ ਰਹਿਣ ਦਾ ਮਤਲਬ ਹੈ ਕਿ ਆਉਣ ਵਾਲੇ ਸਮੇਂ ਵਿੱਚ ਭਾਰਤੀ ਲੋਕਾਂ ਦੀ ਖਰੀਦ ਸ਼ਕਤੀ ਵਿੱਚ ਕਮੀ ਹੋਵੇਗੀ। ਭਾਰਤ ਵਿੱਚ ਉਤਪਾਦਨ ਨੂੰ ਗਤੀ ਦੇਣ ਵਾਲੇ ਕਾਰਕਾਂ ਵਿੱਚ ਨਿੱਜੀ ਜਾਂ ਘਰੇਲੂ ਖਪਤ ਦਾ ਯੋਗਦਾਨ (ਲਗਭਗ 58%) ਸਭ ਤੋਂ ਵੱਧ ਹੈ। ਘਰੇਲੂ ਖਪਤ ਤੋਂ ਇਲਾਵਾ ਬਾਕੀ ਦੇ ਕਾਰਕਾਂ ਵਿੱਚ ਸ਼ਾਮਲ ਹਨ ਸਰਕਾਰੀ ਖਰਚ, ਪੂੰਜੀਗਤ ਨਿਰਮਾਣ 'ਤੇ ਹੋਇਆ ਖਰਚ ਅਤੇ ਨਿਰਯਾਤੀ ਵਸਤਾਂ ਦੀ ਉਸਾਰੀ 'ਤੇ ਹੋਣ ਵਾਲਾ ਖਰਚ। ਅੱਗੇ ਨਿੱਜੀ ਖਪਤ ਵਿੱਚ ਵੀ ਘੱਟ ਅਤੇ ਨਿਮਨ-ਮੱਧ ਆਮਦਨ ਵਾਲਿਆਂ ਦਾ ਯੋਗਦਾਨ (ਲਗਭਗ 66%) ਖਪਤ ਨੂੰ ਵਧਾਉਣ ਵਿੱਚ ਜ਼ਿਆਦਾ ਹੈ ਅਤੇ ਮੁੱਖ ਤੌਰ 'ਤੇ ਇਹ ਪਰਿਵਾਰ ਜਾਂ ਤਾਂ ਖੇਤੀਬਾੜੀ 'ਤੇ ਨਿਰਭਰ ਹਨ ਜਾਂ ਆਮ ਦਿਹਾੜੀਦਾਰ ਮਜ਼ਦੂਰ ਹਨ। ਮਹਿੰਗਾਈ ਵਿੱਚ ਵਾਧਾ ਇਨ੍ਹਾਂ ਨੂੰ ਹੀ ਸਭ ਤੋਂ ਵੱਧ ਪ੍ਰਭਾਵਿਤ ਕਰਦਾ ਹੈ। ਇਹ ਇਸ ਲਈ ਕਿਉਂਕਿ ਗ੍ਰਾਮੀਣ ਪਰਿਵਾਰਾਂ ਦਾ ਜ਼ਿਆਦਾਤਰ ਖਰਚ ਸਾਧਾਰਨ ਭੋਜਨ-ਪਾਣੀ ਵੱਲ ਹੁੰਦਾ ਹੈ, ਜਦੋਂ ਕਿ ਸ਼ਹਿਰੀ ਲੋਕਾਂ ਦੀ ਜੀਵਨ ਸ਼ੈਲੀ ਵਿੱਚ ਵੱਖ ਵੱਖ ਤਰ੍ਹਾਂ ਦੀਆਂ ਵਸਤਾਂ ਦੀ ਵਰਤੋਂ ਸ਼ਾਮਲ ਹੁੰਦੀ ਹੈ। ਸਿਹਤ, ਆਵਾਜਾਈ, ਸੰਚਾਰ, ਸਿੱਖਿਆ ਅਤੇ ਨਿੱਜੀ ਦੇਖਭਾਲ ਆਦਿ ਵਰਗੀਆਂ ਵਸਤਾਂ ਅਤੇ ਸੇਵਾਵਾਂ ਉੱਤੇ ਵੱਧ ਖਰਚ ਵੀ ਸ਼ਹਿਰੀ ਲੋਕਾਂ ਦੇ ਜੀਵਨ ਪੱਧਰ ਨੂੰ ਪੇਂਡੂ ਲੋਕਾਂ ਦੀ ਰਹਿਣੀ ਸਹਿਣੀ ਤੋਂ ਵੱਖ ਕਰਦਾ ਹੈ। ਜੇਕਰ ਅਸੀਂ ਇਸ ਵਿੱਤੀ ਸਾਲ ਦੀ ਪਹਿਲੀ ਛਿਮਾਹੀ (ਅਪ੍ਰੈਲ ਤੋਂ ਸਤੰਬਰ) ਵਿੱਚ ਦਰਜ ਕੀਤੀ ਗਈ ਉਪਭੋਗਤਾ ਮਹਿੰਗਾਈ ਦਾ ਸ਼ਹਿਰਾਂ ਅਤੇ ਪਿੰਡਾਂ ਦਾ ਵਿਸ਼ਲੇਸ਼ਣ ਕਰੀਏ ਤਾਂ ਸਾਨੂੰ ਨਜ਼ਰ ਆਉਂਦਾ ਹੈ ਕਿ ਛੇ ਵਿੱਚੋਂ ਪੰਜ (ਮਈ ਮਹੀਨੇ ਨੂੰ ਛੱਡ ਕੇ) ਮਹੀਨਿਆਂ ਵਿੱਚ ਪੇਂਡੂ ਖੇਤਰ ਵਿੱਚ ਉਪਭੋਗਤਾ ਮਹਿੰਗਾਈ ਸ਼ਹਿਰੀ ਖੇਤਰ ਨਾਲੋਂ ਵਧ ਰਹੀ ਹੈ। ਮਹਿੰਗਾਈ ਵਿੱਚ ਵੀ ਖੁਰਾਕੀ ਵਸਤਾਂ ਦੀ ਮਹਿੰਗਾਈ ਨੇ ਵੱਡੇ ਪੱਧਰ 'ਤੇ ਪਿੰਡਾਂ ਵਿੱਚ ਰਹਿਣ ਵਾਲਿਆਂ ਦੀ ਖਰੀਦ ਸ਼ਕਤੀ ਨੂੰ ਖੋਰਾ ਲਾਇਆ ਹੈ, ਜਿਸ ਨਾਲ ਆਰਥਿਕਤਾ ਕਮਜ਼ੋਰ ਹੋਈ ਹੈ।




ਸੰਸਾਰ ਬੈਂਕ ਨੇ ਆਪਣੀ ਹਾਲ ਹੀ ਵਿੱਚ ਪ੍ਰਕਾਸ਼ਿਤ ਰਿਪੋਰਟ ਵਿੱਚ ਉਜਾਗਰ ਕੀਤਾ ਹੈ ਕਿ ਸਾਲ 2020 ਦੇ ਅੰਤ ਤੱਕ ਭਾਰਤ ਵਿੱਚ ਲਗਭਗ 5.6 ਕਰੋੜ ਲੋਕ ਅਤਿ ਗਰੀਬੀ ਵਿੱਚ ਧੱਕੇ ਗਏ ਹਨ। ਇਸ ਤੋਂ ਪਹਿਲਾਂ ਸੰਸਾਰ ਬੈਂਕ ਨੇ ਇਹ ਵੀ ਦਰਸਾਇਆ ਸੀ ਕਿ ਭਾਰਤ ਵਿੱਚ ਗ੍ਰਾਮੀਣ ਖੇਤਰ ਵਿੱਚ 12% ਜਨਤਾ ਤੇ ਸ਼ਹਿਰੀ ਖੇਤਰ ਵਿੱਚ 6% ਜਨਤਾ ਗਰੀਬੀ ਰੇਖਾ ਤੋਂ ਹੇਠਾਂ ਵੱਸਦੀ ਹੈ। ਜੇਕਰ ਹੁਣ ਦੋਵਾਂ ਸਥਿਤੀਆਂ ਦੀ ਤੁਲਨਾ ਕੀਤੀ ਜਾਵੇ ਜਿੱਥੇ ਇੱਕ ਪਾਸੇ ਮਹਿੰਗਾਈ ਦੀ ਮਾਰ ਪਿੰਡਾਂ ਦੇ ਲੋਕਾਂ 'ਤੇ ਵੱਧ ਪੈ ਰਹੀ ਹੈ, ਦੂਜੇ ਪਾਸੇ ਗਰੀਬ ਲੋਕ ਵੱਡੇ ਤੌਰ 'ਤੇ ਪਿੰਡਾਂ ਵਿੱਚ ਵਸਦੇ ਹਨ, ਤਾਂ ਸਮਝ ਆ ਜਾਂਦਾ ਹੈ ਕਿ ਕਿਉਂ ਭਾਰਤ ਦਾ ਕੇਂਦਰੀ ਬੈਂਕ ਵਿਕਾਸ ਦੇ ਅੰਕੜਿਆਂ ਨੂੰ ਘਟਾ ਰਿਹਾ ਹੈ ਅਤੇ ਮਹਿੰਗਾਈ ਦੇ ਭਿਆਨਕ ਹੋਣ ਦਾ ਖ਼ਦਸ਼ਾ ਜ਼ਾਹਰ ਕਰ ਰਿਹਾ ਹੈ। ਮੌਜੂਦਾ ਸਥਿਤੀਆਂ ਭਾਰਤ ਵਿੱਚ ਕਰੋਨਾ ਹਮਲੇ ਤੋਂ ਬਾਅਦ ਅਰਥਵਿਵਸਥਾ ਨੂੰ ਅੰਗਰੇਜ਼ੀ ਦੇ ਅੱਖਰ 'K' ਦੇ ਆਕਾਰ ਵਿੱਚ ਤਬਦੀਲ ਹੋਣ ਦਾ ਸੰਕੇਤ ਦੇ ਰਹੀਆਂ ਹਨ। 'K' ਆਕਾਰ ਦੱਸਦਾ ਹੈ ਕਿ ਅਮੀਰ ਲੋਕ ਹੋਰ ਅਮੀਰ ਹੋ ਰਹੇ ਹਨ ਤੇ ਗਰੀਬ ਹੋਰ ਗਰੀਬ, ਜਿਸ ਨਾਲ ਅਸਮਾਨਤਾ ਲਗਾਤਾਰ ਵਧ ਰਹੀ ਹੈ। ਇਹ ਤੱਥ ਇਸ ਤੋਂ ਵੀ ਪਤਾ ਲੱਗਦੇ ਹਨ ਕਿ ਜਿੱਥੇ ਇੱਕ ਪਾਸੇ ਭਾਰਤੀ ਉਦਯੋਗਪਤੀ ਗੌਤਮ ਅਡਾਨੀ ਦੁਨੀਆ ਦੇ ਅਰਬਪਤੀਆਂ ਦੀ ਸੂਚੀ ਵਿੱਚ ਦੂਜੇ ਨੰਬਰ 'ਤੇ ਜਾ ਪੁੱਜਿਆ ਹੈ, ਉੱਥੇ ਹੀ ਸਾਲ 2021 ਦੌਰਾਨ ਭਾਰਤ ਵਿੱਚ ਖੁਦਕੁਸ਼ੀ ਦੇ ਮਾਮਲਿਆਂ ਵਿੱਚ ਇਜ਼ਾਫਾ ਦਰਜ ਕੀਤਾ ਗਿਆ ਹੈ।

ਆਪਣੀਆਂ ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ ਨੂੰ ਦੇਖ ਕੇ ਵੀ ਸਾਨੂੰ ਪਤਾ ਲੱਗਦਾ ਹੈ ਕਿ ਕਿਵੇਂ ਭਾਰਤ ਵਿੱਚ 'ਕੇ' ਆਕਾਰ ਦੀ ਅਰਥਵਿਵਸਥਾ ਵਿਕਸਤ ਹੋ ਰਹੀ ਹੈ। ਜਿੱਥੇ ਦੋ ਪਹੀਆ ਵਾਹਨਾਂ ਅਤੇ ਛੋਟੀਆਂ ਕਾਰਾਂ ਦੀ ਮੰਗ ਟੁੱਟ ਰਹੀ ਹੈ, ਉੱਥੇ ਹੀ ਵੱਡੀਆਂ ਤੇ ਸ਼ਾਨਦਾਰ ਕਾਰਾਂ ਪ੍ਰਾਪਤ ਕਰਨ ਲਈ ਉਪਭੋਗਤਾਵਾਂ ਨੂੰ ਲੰਬਾ ਸਮਾਂ ਉਡੀਕ ਕਰਨੀ ਪੈ ਰਹੀ ਹੈ। ਅੰਕੜੇ ਦੱਸਦੇ ਹਨ ਕਿ ਪਿਛਲੇ ਕੁਝ ਸਮੇਂ ਦੌਰਾਨ ਉਪਭੋਗਤਾ ਵਸਤੂਆਂ (ਸਾਬਣ, ਤੇਲ, ਬਿਸਕੁਟ, ਬ੍ਰੈੱਡ) ਬਣਾਉਣ ਵਾਲੀਆਂ ਕੰਪਨੀਆਂ ਹਿੰਦੁਸਤਾਨ ਯੂਨੀਲੀਵਰ ਲਿਮਟਿਡ, ਮੈਰੀਕੋ ਇੰਡਸਟਰੀਜ਼ ਆਦਿ ਨੇ ਆਪਣੀਆਂ ਉੱਚ ਵਰਗ ਦੀਆਂ ਖਪਤ ਹੋਣ ਵਾਲੀਆਂ ਵਸਤਾਂ ਵਿੱਚ ਵਿਸਤਾਰ ਆਮ ਵਸਤਾਂ ਨਾਲੋਂ ਦੁੱਗਣਾ ਕੀਤਾ ਹੈ। ਇਸੇ ਤਰ੍ਹਾਂ ਖੋਜ ਤੋਂ ਪਤਾ ਲੱਗਾ ਹੈ ਕਿ ਇਸ ਸਾਲ ਜਨਵਰੀ ਤੋਂ ਮਾਰਚ ਤਿਮਾਹੀ ਦੌਰਾਨ ਪੇਂਡੂ ਬਾਜ਼ਾਰਾਂ ਵਿੱਚ ਪੈਕ ਕੀਤੇ ਉਪਭੋਗਤਾ ਸਾਮਾਨ ਦੀ ਵਿਕਰੀ ਦੀ ਮਾਤਰਾ ਵਿੱਚ 5.3% ਦੀ ਗਿਰਾਵਟ ਦਰਜ ਕੀਤੀ ਗਈ ਹੈ, ਜਦੋਂ ਕਿ ਸ਼ਹਿਰੀ ਬਾਜ਼ਾਰਾਂ ਵਿੱਚ ਇਹ ਗਿਰਾਵਟ 3.2% ਰਹੀ ਹੈ।

ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਭਾਰਤ ਦੋ ਚੁਣੌਤੀਆਂ-ਮਹਿੰਗਾਈ ਅਤੇ ਕਮਜ਼ੋਰ ਘਰੇਲੂ ਆਰਥਿਕਤਾ ਨਾਲ ਲਗਾਤਾਰ ਜੂਝ ਰਿਹਾ ਹੈ ਅਤੇ ਨੇੜਲੇ ਭਵਿੱਖ ਵਿੱਚ ਵੀ ਇਹ ਜਾਰੀ ਰਹਿਣਗੀਆਂ। ਦਰਅਸਲ, ਜਦੋਂ ਤੱਕ ਅਮਰੀਕਾ ਦਾ ਕੇਂਦਰੀ ਬੈਂਕ ਉੱਥੇ ਵਿਆਜ ਦਰਾਂ ਵਿੱਚ ਵਾਧਾ ਬੰਦ ਨਹੀਂ ਕਰਦਾ, ਭਾਰਤ ਤੋਂ ਪੂੰਜੀ ਦੀ ਨਿਕਾਸੀ ਅਮਰੀਕਾ ਦੇ ਬਾਜ਼ਾਰਾਂ ਵੱਲ ਹੁੰਦੀ ਰਹੇਗੀ ਅਤੇ ਭਾਰਤੀ ਰੁਪਿਆ ਡਾਲਰ ਦੇ ਮੁਕਾਬਲੇ ਹੋਰ ਕਮਜ਼ੋਰ ਹੁੰਦਾ ਰਹੇਗਾ। ਅਮਰੀਕਾ ਅਤੇ ਰੂਸ ਵਿਚਕਾਰ ਰਿਸ਼ਤੇ ਸੁਹਿਰਦ ਨਾ ਹੋਣ ਕਾਰਨ ਅਤੇ ਓਪੇਕ ਮੁਲਕਾਂ ਦੇ ਰੂਸ ਦਾ ਪੱਖ ਲੈਣ ਕਾਰਨ ਤੇਲ ਦੀ ਪੂਰਤੀ ਵਿੱਚ ਹੋਰ ਕਮੀ ਹੋਣ ਦੇ ਸੰਕੇਤ ਹਨ, ਜਿਸ ਦਾ ਸਿੱਧਾ ਨੁਕਸਾਨ ਵੀ ਭਾਰਤ ਵਰਗੇ ਮੁਲਕਾਂ ਨੂੰ ਵੱਧ ਕੀਮਤ ਅਤੇ ਵੱਧ ਡਾਲਰਾਂ ਦੀ ਅਦਾਇਗੀ ਕਰਕੇ ਭੁਗਤਣਾ ਪਵੇਗਾ। ਤੇਲ ਦੀ ਮਹਿੰਗਾਈ ਬਾਕੀ ਵਸਤਾਂ ਦੀ ਮਹਿੰਗਾਈ ਨੂੰ ਵੀ ਭੜਕਾਉਂਦੀ ਰਹੇਗੀ। ਇਸ ਦੇ ਨਾਲ ਹੀ ਘਰੇਲੂ ਮੋਰਚੇ 'ਤੇ ਕਣਕ, ਚੌਲਾਂ, ਦਾਲਾਂ, ਖਾਣੇ ਦੇ ਤੇਲ, ਦੁੱਧ ਆਦਿ ਦੀਆਂ ਵੱਧ ਕੀਮਤਾਂ ਵੀ ਖੁਰਾਕੀ ਮਹਿੰਗਾਈ ਨੂੰ ਜ਼ਿਆਦਾ ਹੀ ਰੱਖਣਗੀਆਂ ਅਤੇ ਆਮ ਜਨਤਾ ਬਲੀ ਦਾ ਬੱਕਰਾ ਬਣਦੀ ਰਹੇਗੀ।

ਹੁਣ ਤੱਕ ਭਾਰਤੀ ਕੇਂਦਰੀ ਬੈਂਕ ਨੇ ਵਿਦੇਸ਼ੀ ਮੁਦਰਾ ਭੰਡਾਰ ਨੂੰ ਬਚਾਉਣ ਖ਼ਾਤਰ ਅਮਰੀਕਾ ਦੇ ਕੇਂਦਰੀ ਬੈਂਕ ਦੇ ਫੈਸਲਿਆਂ ਅਨੁਸਾਰ ਵਿਆਜ ਦਰਾਂ ਵਿੱਚ ਵਾਧਾ ਕੀਤਾ ਹੈ, ਪਰ ਵਿਆਜ ਦਰਾਂ ਵਿੱਚ ਬੇਤਹਾਸ਼ਾ ਵਾਧਾ ਵਿਕਾਸ ਲਈ ਹਾਨੀਕਾਰਕ ਹੈ ਕਿਉਂਕਿ ਮਹਿੰਗੀਆਂ ਦਰਾਂ 'ਤੇ ਕਰਜ਼ੇ ਸਰਕਾਰਾਂ ਨੂੰ ਨਵੇਂ ਨਿਵੇਸ਼ ਅਤੇ ਲੋਕ ਭਲਾਈ ਦੇ ਕੰਮਾਂ ਵੱਲ ਖਰਚ ਕਰਨ ਤੋਂ ਰੋਕਦੇ ਹਨ, ਜਿਸ ਕਾਰਨ ਆਮ ਜਨਤਾ ਕੇਵਲ ਰੱਬ ਦੇ ਆਸਰੇ ਆਪਣੀ ਜ਼ਿੰਦਗੀ ਜਿਉਣ ਲਈ ਮਜਬੂਰ ਹੋ ਜਾਂਦੀ ਹੈ। ਮੌਜੂਦਾ ਸਥਿਤੀਆਂ ਉੱਤੇ ਪ੍ਰਭਾਵਸ਼ਾਲੀ ਢੰਗ ਨਾਲ ਕਾਬੂ ਪਾਉਣ ਲਈ ਕੁਝ ਖਾਸ ਉਪਾਅ ਕਰਨ ਦੀ ਲੋੜ ਹੈ ਜਿਵੇਂ ਕਿ ਜ਼ਰੂਰੀ ਵਸਤਾਂ ਦੀਆਂ ਦਰਾਮਦਾਂ 'ਤੇ ਘੱਟ ਟੈਕਸ, ਪੈਟਰੋਲ, ਡੀਜ਼ਲ 'ਤੇ ਗੈਸ ਉੱਤੇ ਲੱਗਣ ਵਾਲੇ ਟੈਕਸ ਵਿੱਚ ਕਮੀ, ਮੁਨਾਫਾਖੋਰੀ ਤੇ ਕਾਲਾ ਬਾਜ਼ਾਰੀ ਕਰਨ ਵਾਲਿਆਂ 'ਤੇ ਸਖ਼ਤ ਕਾਰਵਾਈ ਅਤੇ ਉਨ੍ਹਾਂ ਵਸਤੂਆਂ 'ਤੇ ਸਟਾਕ ਸੀਮਾਵਾਂ ਲਗਾਉਣਾ, ਜਿਨ੍ਹਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਣ ਦੀ ਸੰਭਾਵਨਾ ਹੈ ਆਦਿ। ਜੇਕਰ ਹੁਣ ਵੀ ਭਾਰਤ ਸਰਕਾਰ ਕਾਰਪੋਰੇਟਾਂ ਪ੍ਰਤੀ ਨਰਮ ਰੁਖ਼ ਅਤੇ ਆਮ ਲੋਕਾਂ ਪ੍ਰਤੀ ਸਖ਼ਤ ਰਵੱਈਏ ਨੂੰ ਨਹੀਂ ਤਿਆਗਦੀ ਤਾਂ ਰੋਮਾਨੀਆ, ਫਰਾਂਸ, ਚੈੱਕ ਗਣਰਾਜ, ਜਰਮਨੀ ਅਤੇ ਬ੍ਰਿਟੇਨ ਵਾਂਗ ਭਾਰਤ ਵਿੱਚ ਵੀ ਵਿਰੋਧ ਪ੍ਰਦਰਸ਼ਨ ਭੜਕਣਗੇ ਜਿਸ ਦਾ ਜ਼ਿੰਮੇਵਾਰ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਹੋਣਗੀਆਂ।



ਸ਼ਹੀਦੀ ਦਿਵਸ ’ਤੇ ਵਿਸ਼ੇਸ਼



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

## ਗ਼ਦਰ ਲਹਿਰ ਦਾ ਬਾਗ਼ੀ ਨਾਇਕ

# ਕਰਤਾਰ ਸਿੰਘ ਸਰਾਭਾ



ਗਦਰ ਲਹਿਰ ਅਜ਼ਾਦੀ ਤੇ ਬਰਾਬਰੀ ਦਾ ਰਾਹ ਦਿਖਾਉਣ ਵਾਲੀ ਪਹਿਲੀ ਲਹਿਰ ਹੈ। ਇਸ ਦਾ ਆਰੰਭ 25 ਜੂਨ 1913 ਵਿਚ ਅਮਰੀਕਾ ’ਚ ਹੋਇਆ। ਜਿਸ ਵਿਚ ਹਿੰਦੀ ਮਿਹਨਤਕਸ਼ ਜਲਾਵਤਨ ਦੇਸ਼ ਭਗਤ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ। ਅਜ਼ਾਦੀ ਦੀ ਲੜਾਈ ਵਿਚ ਜੇਲ੍ਹਾਂ ਅਤੇ ਫਾਂਸੀਆਂ ਇਸੇ ਲਹਿਰ ਹੇਠ ਹੋਈਆਂ। ਜਿਸ ਨੇ ਹਿੰਦੀਆਂ ਦੇ ਖ਼ੂਨ ਵਿਚ ਅਜ਼ਾਦੀ ਲਈ ਮਰ ਮਿਟਣ ਦਾ ਜੋਸ਼ ਭਰਿਆ। ਇਸੇ ਲਹਿਰ ਦੇ ਮਹਾਨ ਨਾਇਕ ਕਰਤਾਰ ਸਿੰਘ ਸਰਾਭਾ ਦਾ ਨਾਂ ਇਤਿਹਾਸ ਵਿਚ ਬੜੇ ਮਾਨ ਨਾਲ ਲਿਆ ਜਾਂਦਾ ਹੈ। ਉਸ ਦੇ ਕਾਰਨਾਮੇ ਬੇਮਿਸਾਲ ਸਨ। ਉਹ ਸੰਜੀਦਗੀ ਅਤੇ ਜੋਸ਼ ਦਾ ਇਕਸਾਰ ਸੁਮੇਲ ਸੀ। ਕਰਤਾਰ ਸਿੰਘ ਸਰਾਭਾ ਦਾ ਜਨਮ ਲੁਧਿਆਣਾ ਪੱਛਮੀ ਦੇ ਪਿੰਡ ਸਰਾਭਾ ਪੁਰਾਤਨ ਨਾਉਂ ਸਿਰਹਾਬ ਮਤਲਬ ਹਰੀ ਭਰੀ ਜਗ੍ਹਾ। ਮਾਤਾ ਸਾਹਿਬ ਕੌਰ, ਪਿਤਾ ਮੰਗਲ ਸਿੰਘ ਦੇ ਗ੍ਰਹਿ ਵਿਖੇ 24 ਮਈ 1896 ਵਿਚ ਹੋਇਆ। ਛੋਟੀ ਉਮਰ ਵਿਚ ਹੀ ਉਸ ਦੇ ਮਾਪੇ ਅਕਾਲ ਚਲਾਣਾ ਕਰ ਗਏ ਸਨ। ਉਸ ਦਾ ਪਾਲਣ ਪੋਸ਼ਣ ਉਸ ਦੇ ਦਾਦਾ ਬਚਨ ਸਿੰਘ ਨੇ ਕੀਤਾ। ਮੁਢਲੀ ਵਿਦਿਆ ਪਿੰਡ ਦੇ ਸਕੂਲ ਵਿਚ ਪ੍ਰਾਪਤ ਕੀਤੀ। ਨੌਵੀਂ ਜਮਾਤ ਤੱਕ ਪੜ੍ਹਾਈ ਮਾਲਵਾ ਹਾਈ ਸਕੂਲ ਲੁਧਿਆਣਾ ਵਿਖੇ ਕੀਤੀ। ਉਹ 5’8’’ ਦਾ ਸੋਹਣਾ ਤੰਦਰੁਸਤ ਗੱਭਰੂ ਸੀ। ਬੜਾ ਹਸਮੁਖ, ਮਖੌਲੀ ਅਤੇ ਸ਼ਰਾਰਤੀ ਸੀ। ਉਸ ਵਿਚ ਇਕ ਆਗੂ ਵਾਲੇ ਸਭ ਗੁਣ ਸਨ। ਉਹ ਹਰ ਇਕ ਕੰਮ ਅੱਗੇ ਹੋ ਕੇ ਕਰਦਾ। ਆਪਣੇ ਇਸ ਆਚਰਣ ਕਰਕੇ ਹਰਮਨ ਪਿਆਰਾ ਸੀ। ਦਸਵੀਂ ਦੀ ਪੜ੍ਹਾਈ ਆਪਣੇ ਚਾਚਾ ਕੋਲ ਰਹਿ ਕੇ ਰਵੇਨਸ਼ਾਹ ਯੂਨੀਵਰਸਿਟੀ ਕਟਕ ਉੜੀਸਾ ਤੋਂ 1912 ਵਿਚ ਪ੍ਰਾਪਤ ਕੀਤੀ। ਉਸ ਨੂੰ ਅੰਗਰੇਜ਼ੀ ਸਾਹਿਤ ਪੜ੍ਹਨ ਦਾ ਬੜਾ ਸ਼ੌਕ ਸੀ। ਬੰਗਾਲ, ਉੜੀਸਾ ਦੀ ਅਜ਼ਾਦੀ ਦੀ ਲਹਿਰ ਨੇ ਉਸ ਨੂੰ ਬਹੁਤ ਪ੍ਰਭਾਵਿਤ ਕੀਤਾ। ਜਨਵਰੀ 1912 ਨੂੰ ਸਾਨਫਰਾਂਸਿਸਕੋ ਅਮਰੀਕਾ ਪਹੁੰਚ ਗਿਆ। ਪਹੁੰਚਦਿਆਂ ਹੀ ਉਸ ਨੇ ਵੇਖਿਆ ਕਿ ਆਵਾਜਾਈ ਮਹਿਕਮਾ ਭਾਰਤੀਆਂ ਦੀ ਬੜੀ ਸਖਤ ਪੁੱਛ ਪੜਤਾਲ ਕਰ ਰਿਹਾ ਸੀ। ਇਕ ਸਾਥੀ ਕੋਲੋਂ ਉਸ ਨੂੰ ਮਾਲੂਮ ਹੋਇਆ ਕਿ ਦੁਨੀਆ ਦੇ ਦੇਸ਼ ਭਾਰਤ ਇਕ ਗੁਲਾਮ ਦੇਸ਼ ਹੋਣ ਕਰਕੇ ਉਥੋਂ ਦੇ ਵਾਸੀਆਂ ਨੂੰ ਸ਼ੱਕ ਅਤੇ ਭੈੜੀ ਨਜ਼ਰ ਨਾਲ ਦੇਖਦੇ ਹਨ। ਇਸ ਵਤੀਰੇ ਦਾ ਸਰਾਭਾ ਦੇ ਦਿਲ ਨੂੰ ਬੜਾ ਸਦਮਾ ਲੱਗਿਆ। ਉਸ ਨੇ ਦੇਖਿਆ ਕਿ ਅਮਰੀਕਾ ਵਿਚ ਨਸਲਵਾਦ ਜ਼ੋਰਾਂ ’ਤੇ ਹੈ। ਉਸ ਨੂੰ ਭਾਰਤੀਆਂ ਨਾਲ ਵਿਤਕਰੇ ਅਤੇ ਦੁਰਦਸ਼ਾ ਦਾ ਪਤਾ ਲੱਗਾ। ਉਹ ਘੱਟ ਉਜਰਤ ਤੇ ਕੰਮ ਕਰਦੇ ਸਨ। ਕਈ ਥਾਈਂ ਰੁਜ਼ਗਾਰ ਵੀ ਖੁਸ ਜਾਂਦੇ ਸਨ। ਇਥੋਂ ਤੱਕ ਕਿ ਮਾਰ ਕੁਟਾਈ ਵੀ ਹੋ ਜਾਂਦੀ ਸੀ। ਅਜ਼ਾਦ ਦੇਸ਼ ਵਿਚ ਵਿਚਰਦਿਆਂ ਉਸ ਨੂੰ ਗੁਲਾਮੀ ਦਾ ਫਰਕ ਨਜ਼ਰ ਆਇਆ। ਜੇ ਅਸੀਂ ਗੁਲਾਮ ਨਾ ਹੁੰਦੇ ਤਾਂ ਵਿਦੇਸ਼ਾਂ ਵਿਚ ਸਾਡੀ ਬੇਇਜ਼ਤੀ ਨਾ ਹੁੰਦੀ। ਸਰਾਭਾ ਨੇ ਕੈਲੀਫੋਰਨੀਆ ਦੀ ਯੂਨੀਵਰਸਿਟੀ ਬਰਕਲੇ ਵਿਚ ਰਸਾਇਣ ਵਿਗਿਆਨ ਦੀ ਪੜ੍ਹਾਈ ਵਿਚ ਦਾਖ਼ਲਾ ਲਿਆ।

ਭਾਰਤ ਦੀ ਗੁਲਾਮੀ ਤੋਂ ਚਿੰਤਾਤੁਰ ਹੋ ਕੇ ਉਸ ਨੇ ਜੋਸ਼ ਵਿਚ ਕਿਹਾ ਕਿ ਮੇਰੀ ਜ਼ਿੰਦਗੀ ਹੁਣ ਕੌਮ ਅਤੇ ਦੇਸ਼ ਦੀ ਅਮਾਨਤ ਹੈ। ਉਸ ਨੂੰ ਦੇਸ਼ ਸੇਵਾ ਦੀ ਲਗਨ ਲੱਗ ਗਈ। ਉਸ ਨੇ ਜਾਣ ਲਿਆ ਕਿ ਭਾਰਤੀਆਂ ਦੇ ਦਿਲਾਂ ਵਿਚ ਇੱਥੇ ਰਹਿੰਦੇ ਵੀ ਦਿਲ ਵਿਚ ਭਾਰਤ ਦੀ ਗੁਲਾਮੀ ਦਾ ਰੋਸ ਹੈ। ਉਸ ਨੇ ਸਾਥੀਆਂ ਵਿਚ ਰਾਜਨੀਤਕ ਜਾਗ੍ਰਿਤੀ ਦਾ ਕੰਮ ਆਰੰਭ ਦਿੱਤਾ। ਮਈ 1912 ਵਿਚ ਹੋਈ ਇਕੱਤਰਤਾ ਵਿਚ ਬੜੇ ਉੱਘੇ ਲੋਕ ਹਾਜ਼ਰ ਹੋਏ। ਕਿ ਸਾਨੂੰ ਭਾਰਤ ਵਿਚੋਂ ਗੁਲਾਮੀ ਦੀ ਲਾਹਣਤ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। ਭਾਰਤ ਦੀ ਅਜ਼ਾਦੀ ਲਈ ਵਿਉਂਤਬੰਦੀ ਕੀਤੀ ਜਾਵੇ। ਇਸ ਵਿਉਂਤ ਵਿਚ ਇਕ ਅਖ਼ਬਾਰ ਕੱਢਣ ਦੀ ਤਜਵੀਜ ਦਾ ਮਤਾ ਪਾਸ ਹੋਇਆ। ਉਸ ਵੇਲੇ ਗਦਰ ਪਾਰਟੀ ਦਾ ਮੁਢ ਬੱਝ ਰਿਹਾ ਸੀ। ਸਰਾਭਾ ਨੂੰ ਪ੍ਰਧਾਨ ਸੋਹਣ ਸਿੰਘ ਭਕਨਾਂ ਤੇ ਸਕੱਤਰ ਲਾਲਾ ਹਰਦਿਆਲ ਨਾਲ ਬੜੇ ਨੇੜੇ ਹੋ ਕੇ ਕੰਮ ਕਰਨ ਦਾ ਮੌਕਾ ਮਿਲਿਆ। ਜਿਸ ਨਾਲ ਉਹ ਪਾਰਟੀ ਵਿਚ ਜਲਦੀ ਹੀ ਹਰਮਨ ਪਿਆਰਾ ਹੋ ਗਿਆ। ਪਾਰਟੀ ਦੇ ਕੇਂਦਰ ਸਾਨਫਰਾਂਸਿਸਕੋ ਤੋਂ ਦੇਸ਼ ਦੀ ਅਜ਼ਾਦੀ ਦੀ ਲੜਾਈ ਦੇ ਪ੍ਰਚਾਰ ਹਿਤ ‘ਗ਼ਦਰ’ ਨਾਂ ਦਾ ਅਖ਼ਬਾਰ ਉਰਦੂ ਅਤੇ ਪੰਜਾਬੀ ਵਿਚ ਜਾਰੀ ਕੀਤਾ। ਸਰਾਭਾ ਨੇ ਅਖ਼ਬਾਰ ਦੇ ਕੰਮ ਦੀ ਪੂਰੀ ਜ਼ਿੰਮੇਵਾਰੀ ਸੰਭਾਲੀ। ਅਖ਼ਬਾਰ ਵਿਚ ਅੰਗਰੇਜ਼ਾਂ ਦੇ ਜ਼ੁਲਮ ਅਤੇ ਚਲਾਕੀਆਂ ਦਾ ਭੇਦ ਖੋਲ੍ਹਿਆ ਜਾਂਦਾ। ਅੰਗਰੇਜ਼ਾਂ ਵਿਰੁਧ ਹਥਿਆਰਬੰਦ ਬਗਾਵਤ ਕਰਨ ਦੀ ਵਿਉਂਤ, ਅਸਲਾ ਸੰਭਾਲਣ ਅਤੇ ਵਰਤਣ ਦੇ ਨਾਲ ਨਾਲ ਬੰਬ ਬਣਾਉਣ ਦੇ ਤਰੀਕੇ ਦੱਸੇ ਜਾਂਦੇ ਸਨ। ਅਖ਼ਬਾਰ ਡਾਕ ਰਾਹੀਂ ਜਿੱਥੇ ਜਿੱਥੇ ਵੀ ਭਾਰਤੀ ਵਸਦੇ ਸਨ, ਸੰਸਾਰ ਪੱਧਰ ਤੇ ਮੁਫ਼ਤ ਭੇਜਿਆ ਜਾਂਦਾ ਸੀ। ਅਖ਼ਬਾਰ ਦਾ ਖਰਚਾ ਮੈਂਬਰਾਂ ਦੇ ਚੰਦੇ ਅਤੇ ਸਹਿਯੋਗ ਨਾਲ ਚੱਲਣ ਲੱਗਾ। ਸਰਾਭਾ ਦਾ ਮੁੱਖ ਮੰਤਵ ਲਿਖਤਾਂ ਰਾਹੀਂ ਲੋਕਾਂ ਨੂੰ ਅਜ਼ਾਦੀ ਦੀ ਲੜਾਈ ਲਈ ਤਿਆਰ ਕਰਨਾ ਸੀ। ਅਖਬਾਰ ਜਲਦੀ ਹੀ ਇੰਨਾ ਮਸ਼ਹੂਰ ਹੋ ਗਿਆ ਕਿ ਗ਼ਦਰ ਦੇ ਨਾਹਰੇ ਲੱਗਣ ਲੱਗੇ। ਲੋਕਾਂ ਵਿਚ ਬੜਾ ਜੋਸ਼ ਤੇ ਉਤਸ਼ਾਹ ਆਇਆ। ਲੋਕਾਂ ਵਿਚ ਕੁਰਬਾਨੀ ਦਾ ਜਜ਼ਬਾ ਜਾਗ ਪਿਆ। ਉਹ ਦੇਸ਼ ਦੀ ਆਨ, ਸ਼ਾਨ ਵਾਸਤੇ ਤਨ, ਮਨ ਅਤੇ ਧੰਨ ਵਾਰਨ ਲਈ ਤਿਆਰ ਹੋ ਗਏ। ਸਰਾਭਾ ਨੇ ਪੱਕੇ ਤੌਰ ’ਤੇ ਗ਼ਦਰ ਦਾ ਬਾਗੀ ਸਿਪਾਹੀ ਬਣਨ ਲਈ ਉਸ ਨੇ ਬੰਬ ਬਣਾਉਣ, ਪਿਸਤੌਲ ਚਲਾਉਣ, ਜਹਾਜ਼ ਬਣਾਉਣ, ਮੁਰੰਮਤ ਕਰਨਾ ਅਤੇ ਉਡਾਣਾਂ, ਇਕ ਜਹਾਜ਼ਾਂ ਦੀ ਕੰਪਨੀ ਨਿਊਯਾਰਕ ਤੋਂ ਸਿੱਖਿਆ। ਸਰਗਰਮ ਹੋਏ ਸਰਾਭਾ ਨੇ ਪਾਰਟੀ ਦੇ ਪ੍ਰੋਗਰਾਮਾਂ ਵਿਚ ਗਾਉਣਾ ਸ਼ੁਰੂ ਕਰ ਦਿੱਤਾ ‘ਚਲੋ ਚੱਲੀਏ ਦੇਸ਼ ਨੂੰ ਯੁੱਧ ਕਰਨ, ਇਹੋ ਆਖਰੀ ਵਚਨ ਤੇ ਫੁਰਮਾਨ ਹੋ ਗਏ।’ ਸਰਾਭਾ ਦੀਆਂ ਅਜ਼ਾਦੀ ਪ੍ਰਤੀ ਸਰਗਰਮੀਆਂ ਨੂੰ ਵੇਖਦਿਆਂ ਗਦਰ ਪਾਰਟੀ ਨੇ ਇਕ ਵਿਸ਼ੇਸ਼ ਇਕੱਤਰਤਾ ਵਿਚ ਉਸ ਨੂੰ ਪ੍ਰਬੰਧਕੀ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ। ਉਸ ਨੇ ਬੜੀ ਮਿਹਨਤ ਅਤੇ ਲਗਨ ਨਾਲ ਅੰਗਰੇਜ਼ਾਂ ਦੀ ਗੁਲਾਮੀ ਦਾ ਜੂਲ੍ਹਾ ਲਾਹੁਣ ਲਈ ਅਮਰੀਕਾ ਤੇ ਕੈਨੇਡਾ ਵਿਚ ਭਾਰਤੀਆਂ ਨੂੰ ਸੰਗਠਿਤ ਕਰਨ ਦਾ ਕੰਮ ਕੀਤਾ।

1914 ਵਿਚ ਪਹਿਲੀ ਸੰਸਾਰ ਜੰਗ ਵਿਚ ਇੰਗਲੈਂਡ ਉਲਝ ਗਿਆ। ਗਦਰ ਪਾਰਟੀ ਲਈ ਭਾਰਤ ਨੂੰ ਅਜ਼ਾਦ ਕਰਾਉਣ ਦਾ ਸੁਨਹਿਰੀ ਮੌਕਾ ਸੀ। ਗ਼ਦਰ ਅਖ਼ਬਾਰ ਨੇ 5 ਅਗਸਤ 1914 ਦੇ ਅੰਕ ਵਿਚ ਅੰਗਰੇਜ਼ੀ ਸ਼ਾਸਨ ਦੇ ਵਿਰੁਧ ਹਥਿਆਰਬੰਦ ਜੰਗ ਦਾ ਐਲਾਨ ਕਰ ਦਿੱਤਾ। ਅਖ਼ਬਾਰ ਦੀਆਂ ਹਜ਼ਾਰਾਂ ਕਾਪੀਆਂ ਪਿੰਡਾਂ, ਸ਼ਹਿਰਾਂ, ਕਸਬਿਆਂ ਅਤੇ ਫੌਜੀ ਛਾਉਣੀਆਂ ਵਿਚ ਭੇਜੀਆਂ ਗਈਆਂ। ਸਤੰਬਰ 15, 1914 ਨੂੰ ਕਰਤਾਰ ਸਿੰਘ ਸਰਾਭਾ, ਸਤਿਅਮ ਸੇਨ ਤੇ ਵਿਸ਼ਨੂੰ ਗਣੇਸ਼ ਅਨੇਕਾਂ ਸਾਥੀਆਂ ਸਮੇਤ ਸਮੁੰਦਰੀ ਰਸਤੇ ਕਲਕੱਤਾ ਪਹੁੰਚ ਗਏ। ਵੱਖ ਵੱਖ ਰਸਤਿਆਂ ਰਾਹੀਂ ਸੈਂਕੜੇ ਗ਼ਦਰੀ ਭਾਰਤੀ ਪਹੁੰਚ ਗਏ। ਸਰਾਭਾ ਅਤੇ ਪਿੰਗਲੇ ਯੁੰਗਾਂਤਰ ਪਾਰਟੀ ਦੇ ਨੇਤਾ ਰਾਸ ਬਿਹਾਰੀ ਬੋਸ ਨੂੰ ਬਨਾਰਸ ਜਾ ਮਿਲੇ। ਉਨ੍ਹਾਂ ਦਾ ਨਿਸ਼ਾਨਾ ਸੀ ਕਿ ਜਿਵੇਂ ਕਿਵੇਂ ਵੀ ਅੰਗਰੇਜ਼ੀ ਰਾਜ ਨੂੰ ਹਿੰਦੋਸਤਾਨ ਵਿਚੋਂ ਕੱਢ ਕੇ ਕ੍ਰਿਤੀ ਰਾਜ ਸਥਾਪਤ ਕੀਤਾ ਜਾਵੇ। ਸਰਾਭਾ ਨੇ ਦੱਸਿਆ ਕਿ 20000 ਹੋਰ ਗਦਰੀ ਜਲਦੀ ਹੀ ਭਾਰਤ ਪਹੁੰਚ ਜਾਣਗੇ। ਪਰ ਅਮਰੀਕਨ ਖ਼ੁਫ਼ੀਆ ਵਿਭਾਗ ਵਲੋਂ ਖ਼ਬਰਾਂ ਦੇ ਆਧਾਰ ’ਤੇ ਅਨੇਕਾਂ ਗ਼ਦਰੀਆਂ ਨੂੰ ਬੰਦਰਗਾਹਾਂ ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਸਰਾਭਾ ਨੇ ਅੰਗਰੇਜ਼ਾਂ ਵਿਰੁਧ ਪ੍ਰਚਾਰ ਕਰਨ ਲਈ ਅਖ਼ਬਾਰ, ਪਰਚੇ ਅਤੇ ਇਸ਼ਤਿਹਾਰ ਨੌਜਵਾਨਾਂ ਵਿਚ ਵੰਡੇ। ਜਦੋਂ ਦਸੰਬਰ 1914 ਵਿਚ ਭਾਈ ਪਰਮਾਨੰਦ ਭਾਰਤ ਪੁੱਜੇ, ਉਦੋਂ ਤੱਕ ਸਰਾਭਾ ਲੁਧਿਆਣਾ ਵਿਚ ਸਥਾਪਤ ਹੋ ਚੁੱਕਾ ਸੀ। ਉਸ ਦਾ ਇਲਾਕੇ ਵਿਚ ਪੂਰਾ ਪ੍ਰਭਾਵ ਸੀ। ਉਹ ਹਥਿਆਰ ਲੈਣ ਲਈ ਬੰਗਾਲ ਗਏ। ਸਰਾਭਾ ਨੇ ਮੇਰਠ, ਆਗਰਾ, ਬਨਾਰਸ, ਆਲਾਹਬਾਦ, ਅੰਬਾਲਾ, ਲਾਹੌਰ ਅਤੇ ਰਾਵਲਪਿੰਡੀ ਦੀਆਂ ਫੌਜੀ ਛਾਉਣੀਆਂ ਵਿਚ ਫੌਜੀਆਂ ਨੂੰ ਵਿਦਰੋਹ ਲਈ ਉਕਸਾਇਆ। ਸਰਾਭਾ ਅਤੇ ਉਸ ਦੇ ਸਾਥੀ ਲੁਧਿਆਣਾ ਜ਼ਿਲ੍ਹੇ ਦੇ ਝਾਬੇਵਾਲ ਅਤੇ ਲੋਹਟਬੱਧੀ ਵਿਖੇ ਬੰਬ ਬਣਾਉਣ ਵਿਚ ਸਫ਼ਲ ਹੋ ਗਏ। ਵਿਦਰੋਹ ਦੀ ਤਿਆਰੀ ਵਿਚ 25, ਜਨਵਰੀ 1915 ਨੂੰ ਰਾਸ ਬਿਹਾਰੀ ਬੋਸ ਅੰਮ੍ਰਿਤਸਰ ਪਹੁੰਚ ਗਿਆ। ਸੰਨ 1857 ਦੇ ਹਥਿਆਰਬੰਦ ਇਨਕਲਾਬ ਤੋਂ ਬਾਅਦ ਗ਼ਦਰੀਆਂ ਨੇ ਦੂਸਰਾ ਹਥਿਆਰਬੰਦ ਹਮਲਾ ਅੰਗਰੇਜ਼ੀ ਸਰਕਾਰ ਵਿਰੁਧ ਕਰਨਾ ਸੀ।

(**ਬਾਕੀ ਸਫ਼ਾ** 30 ’ਤੇ)

## 8 ਬਿਲੀਅਨ ਡੇ ਤੱਥ ਅਤੇ ਮਿੱਥ

# ਸੰਸਾਰ ਦੀ ਵਧਦੀ ਅਬਾਦੀ



ਵਿਸ਼ੇਸ਼ ਰਿਪੋਰਟ



ਸਰਬਜੀਤ ਕੌਰ ਸਰਬ

ਸੰਯੁਕਤ ਰਾਸ਼ਟਰ ਦੇ ਇਕ ਅਨੁਮਾਨ ਅਨੁਸਾਰ 15 ਨਵੰਬਰ ਨੂੰ ਦੁਨੀਆ ਦੀ ਅਬਾਦੀ 8 ਅਰਬ ਤੱਕ ਪਹੁੰਚ ਜਾਵੇਗੀ ਅਤੇ ਭਾਰਤ ਅਗਲੇ ਸਾਲ ਦੁਨੀਆ ਦੇ ਸਭ ਤੋਂ ਵੱਧ ਅਬਾਦੀ ਵਾਲੇ ਦੇਸ਼ ਵਜੋਂ ਚੀਨ ਦੀ ਥਾਂ ਲੈ ਲਵੇਗਾ।

ਵਿਸ਼ਵ ਜਨਸੰਖਿਆ ਦਿਵਸ ’ਤੇ ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ, ਸੰਯੁਕਤ ਰਾਸ਼ਟਰ ਨੇ ਇਹ ਵੀ ਕਿਹਾ ਕਿ 1950 ਤੋਂ ਬਾਅਦ ਪਹਿਲੀ ਵਾਰ 2020 ਵਿੱਚ ਵਿਸ਼ਵ ਅਬਾਦੀ ਦੀ ਵਾਧਾ ਦਰ 1 ਪ੍ਰਤੀਸ਼ਤ ਤੋਂ ਹੇਠਾਂ ਆ ਗਈ।

ਸੰਯੁਕਤ ਰਾਸ਼ਟਰ ਦੇ ਨਵੀਨਤਮ ਅਨੁਮਾਨਾਂ ਦੇ ਅਨੁਸਾਰ, 2030 ਵਿੱਚ ਦੁਨੀਆ ਦੀ ਅਬਾਦੀ ਲਗਭਗ 8.5 ਬਿਲੀਅਨ ਤੱਕ ਵਧ ਸਕਦੀ ਹੈ। ਇਹ ਸੰਖਿਆ 2050 ਵਿੱਚ 9.7 ਬਿਲੀਅਨ ਤੱਕ ਪਹੁੰਚ ਜਾਵੇਗੀ ਅਤੇ 2080 ਵਿੱਚ ਲਗਭਗ 10.4 ਬਿਲੀਅਨ ਤੱਕ ਪਹੁੰਚ ਜਾਵੇਗੀ। 2100 ਤੱਕ ਇਸ ਪੱਧਰ ’ਤੇ ਰਹਿਣ ਦਾ ਅਨੁਮਾਨ ਹੈ। ਇਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2050 ਤੱਕ ਅਬਾਦੀ ਵਿੱਚ ਅੱਧੇ ਤੋਂ ਵੱਧ ਅਨੁਮਾਨਿਤ ਵਾਧਾ ਸਿਰਫ ਅੱਠ ਦੇਸ਼ਾਂ ਵਿੱਚ ਕੇਂਦਰਿਤ ਹੋਵੇਗਾ : ਕਾਂਗੋ, ਮਿਸਰ, ਇਥੋਪੀਆ, ਭਾਰਤ, ਨਾਈਜੀਰੀਆ, ਪਾਕਿਸਤਾਨ, ਫਿਲੀਪੀਨਜ਼ ਅਤੇ ਤਨਜ਼ਾਨੀਆ।





‘ਵਰਲਡ ਪਾਪੂਲੇਸ਼ਨ ਪ੍ਰੋਸਪੈਕਟਸ 2022,’ ਦੀ ਰਿਪੋਰਟ ਦੁਨੀਆ ਦੀ ਅਬਾਦੀ ਹੁਣ 7.942 ਬਿਲੀਅਨ ਦੱਸਦੀ ਹੈ ਅਤੇ ਨਵੰਬਰ ਦੇ ਅੱਧ ਤੱਕ ਇਹ 8 ਬਿਲੀਅਨ ਤੱਕ ਪਹੁੰਚਣ ਦੀ ਭਵਿੱਖਬਾਣੀ ਕਰਦੀ ਹੈ। ਸੰਯੁਕਤ ਰਾਸ਼ਟਰ ਅਬਾਦੀ ਵਿਭਾਗ ਦੇ ਨਿਰਦੇਸ਼ਕ ਜੌਨ ਵਿਲਮੋਥ ਨੇ ਰਿਪੋਰਟ ਜਾਰੀ ਕਰਨ ਲਈ ਇੱਕ ਨਿਊਜ਼ ਕਾਨਫਰੰਸ ਵਿੱਚ ਕਿਹਾ ਕਿ ਸੰਯੁਕਤ ਰਾਸ਼ਟਰ ਦੀ ਪ੍ਰੋਜੈਕਸ਼ਨ ਲਾਈਨ 8 ਬਿਲੀਅਨ ਨੂੰ ਪਾਰ ਕਰਨ ਦੀ ਮਿਤੀ 15 ਨਵੰਬਰ ਹੈ। ਪਰ, ਉਸਨੇ ਨੋਟ ਕੀਤਾ, ‘ਅਸੀਂ ਇਹ ਦਿਖਾਵਾ ਨਹੀਂ ਕਰਦੇ ਹਾਂ ਕਿ ਇਹ ਅਸਲ ਤਾਰੀਖ ਹੈ ... ਅਤੇ ਅਸੀਂ ਸੋਚਦੇ ਹਾਂ ਕਿ ਅਨਿਸ਼ਚਿਤਤਾ ਇੱਕ ਸਾਲ ਵਿੱਚ ਘੱਟੋ ਘੱਟ ਪਲੱਸ ਜਾਂ ਮਾਇਨਸ ਹੈ।’

ਸੰਯੁਕਤ ਰਾਸ਼ਟਰ ਨੇ ਭਵਿੱਖਬਾਣੀ ਕੀਤੀ ਹੈ ਕਿ 15 ਨਵੰਬਰ 2022 ਉਹ ਦਿਨ ਹੋਵੇਗਾ ਜਦੋਂ ਵਿਸ਼ਵ ਦੀ ਅਬਾਦੀ ਅੱਠ ਅਰਬ ਤੱਕ ਪਹੁੰਚ ਜਾਵੇਗੀ। ਇਸ ਮਹੱਤਵਪੂਰਨ ਮੀਲਪੱਥਰ ਨੂੰ ਚਿੰਨ੍ਹਿਤ ਕਰਨ ਲਈ ਅਤੇ ਚੰਗੀ ਤਰ੍ਹਾਂ ਜਾਣੂ ਚਰਚਾ ਵਿੱਚ ਸਹਾਇਤਾ ਕਰਨ ਲਈ, ਸਸਟੇਨੇਬਲ ਪਾਪੂਲੇਸ਼ਨ ਆਸਟ੍ਰੇਲੀਆ (SPA) ਨੇ ਇੱਕ ਨਵਾਂ ਬ੍ਰੀਫਿੰਗ ਨੋਟ ਜਾਰੀ ਕੀਤਾ ਹੈ: ‘8 ਬਿਲੀਅਨ ਡੇਅ ਤੱਥ ਅਤੇ ਮਿੱਥ’। ਵਿਆਪਕ ਤੌਰ ’ਤੇ ਪ੍ਰਕਾਸ਼ਿਤ ਅਬਾਦੀ ਖੋਜਕਰਤਾ ਡਾ. ਜੇਨ ਓ ਸੁਲੀਵਨ ਦੁਆਰਾ ਤਿਆਰ ਕੀਤਾ ਗਿਆ, ਬ੍ਰੀਫਿੰਗ ਨੋਟ ਹੇਠ ਲਿਖੇ ਵਿਸ਼ਿਆਂ ਨੂੰ ਸੰਬੋਧਿਤ ਕਰਦਾ ਹੈ ਜਿਵੇਂ ਕਿ :





**ਕੀ ਵਿਸ਼ਵ ਅਬਾਦੀ ਦਾ ਵਾਧਾ ਹੌਲੀ ਹੋ ਰਿਹਾ ਹੈ ?**

ਵਿਸ਼ਵ ਅਬਾਦੀ ਵਾਧਾ ਸਿਖਰ ਕਦੋਂ ਹੋਵੇਗਾ ? ਕੀ ਬੁਢਾਪਾ ਅਤੇ ਅਬਾਦੀ ਹੁਣ ਮੁੱਖ ਜਨਸੰਖਿਆ ਚੁਣੌਤੀ ਹੈ ? ਕੀ ਅਬਾਦੀ ਵਾਧੇ ਬਾਰੇ ਚਿੰਤਾਵਾਂ ਬਰਾਬਰੀ ਅਤੇ ਮਨੁੱਖੀ ਅਧਿਕਾਰਾਂ ਦੇ ਉਲਟ ਹਨ ? ਕਾਲ ਅਤੇ ਸੰਘਰਸ਼ ਦੇ ਵਧ ਰਹੇ ਰੁਝਾਨਾਂ ਵਿੱਚ ਅਬਾਦੀ ਦੇ ਵਾਧੇ ਦੀ ਕੀ ਭੂਮਿਕਾ ਹੈ ? ਜਲਵਾਯੂ ਤਬਦੀਲੀ ਅਤੇ ਅਬਾਦੀ ਦੇ ਵਾਧੇ ਵਿਚਕਾਰ ਕੀ ਸਬੰਧ ਹੈ ? ਕੀ ਸਵੈ-ਇੱਛਤ ਪਰਿਵਾਰ ਨਿਯੋਜਨ ਪ੍ਰੋਗਰਾਮ ਗਰੀਬੀ ਘਟਾਉਂਦੇ ਹਨ ਅਤੇ ਆਰਥਿਕ ਵਿਕਾਸ ਵਿੱਚ ਸਹਾਇਤਾ ਕਰਦੇ ਹਨ ?

**ਭਾਰਤ ਬਣ ਜਾਵੇਗਾ ਦੁਨੀਆ ਦਾ ਸੱਭ ਤੋਂ ਵੱਧ ਅਬਾਦੀ ਵਾਲਾ ਦੇਸ਼**

2023 : ਭਾਰਤ ਚੀਨ ਨੂੰ ਪਛਾੜ ਕੇ ਦੁਨੀਆ ਦਾ ਸਭ ਤੋਂ ਵੱਧ ਅਬਾਦੀ ਵਾਲਾ ਦੇਸ਼ ਬਣ ਜਾਵੇਗਾ। #AFPG ਗ੍ਰਾਫਿਕਸ ਚਾਰਟ ਭਾਰਤ ਅਤੇ ਚੀਨ ਦੀ ਇਤਿਹਾਸਕ ਅਤੇ ਅਨੁਮਾਨਿਤ ਅਬਾਦੀ ਨੂੰ ਦਰਸਾਉਂਦਾ ਹੈ। ਸੰਯੁਕਤ ਰਾਸ਼ਟਰ ਦੇ ਵਿਸ਼ਵ ਜਨਸੰਖਿਆ ਸੰਭਾਵਨਾਵਾਂ ਦੇ ਆਧਾਰ ’ਤੇ ਭਾਰਤ ਦੇ 2023 ਵਿੱਚ ਚੀਨ ਨੂੰ ਪਿੱਛੇ ਛੱਡਣ ਦਾ ਅਨੁਮਾਨ ਹੈ।

# ਆਧੁਨਿਕਤਾ ਨੇ ਤਬਾਹ ਕੀਤੀ ਪੰਜਾਬੀਆਂ ਦੀ ਖ਼ੁਰਾਕ



*ਪੱਛਮੀ ਰਹਿਣ-ਸਹਿਣ ਦਾ ਪੰਜਾਬੀਆਂ ’ਤੇ ਏਨਾ ਪ੍ਰਭਾਵ ਹੈ ਕਿ ਉਹ ਦਿਨ ਦੂਰ ਨਹੀਂ ਜਾਪਦੇ ਜਦੋਂ ਪੱਛਮੀ ਮੁਲਕਾਂ ਦੇ ਪਹਿਰਾਵੇ ਵਾਂਗ ਪੱਛਮ ਦਾ ਖਾਣ-ਪੀਣ ਵੱਡੀ ਪੱਧਰ ’ਤੇ ਪੰਜਾਬੀਆਂ ਦੀ ਖਾਧ ਖ਼ੁਰਾਕ ਹੋਵੇਗਾ। ਘਰੇਲੂ ਖਾਣ ਵਾਲੇ ਪਦਾਰਥਾਂ ਦੀ ਥਾਂ ਜੰਕ ਫੂਡ ਦਾ ਬੋਲਬਾਲਾ ਹੋ ਜਾਵੇਗਾ। ਦੇਸੀ ਖ਼ੁਰਾਕਾਂ ਦੇ ਤਾਂ ਬਾਗ਼ਾਂ, ਫੁਲਕਾਰੀਆਂ, ਚਰਖਿਆਂ ਤੇ ਤ੍ਰਿੰਜਣਾਂ ਵਾਂਗ ਗੀਤ ਹੀ ਗਾਏ ਜਾਣਗੇ !*

ਪ੍ਰਿੰਸੀਪਲ ਸਰਵਣ ਸਿੰਘ



ਪੰਜਾਬ ਵਿਚ ‘ਘੱਗਰੇ ਵੀ ਗਏ, ਫੁਲਕਾਰੀਆਂ ਵੀ ਗਈਆਂ’ ਵਾਂਗ ਅੱਧਰਿੜਕੇ, ਤਿਓੜਾਂ, ਯਖਣੀਆਂ ਤੇ ਸਰਦਾਈਆਂ ਵੀ ਨਹੀਂ ਰਹੀਆਂ। ਚਾਟੀਆਂ ਦੀ ਲੱਸੀ, ਮੱਖਣੀ, ਜੌਆਂ ਦੇ ਸੱਤੂ ਤੇ ਸ਼ਰਬਤਾਂ ਦੀ ਥਾਂ ਕੋਕ, ਪੈਪਸੀ, ਜੂਸ, ਸ਼ੇਕ, ਕਰੀਮਾਂ ਤੇ ਹੋਰ ਠੰਢਿਆਂ ਮਿੱਠਿਆਂ ਨੇ ਆ ਮੱਲੀ ਹੈ। ਸ਼ੱਕਰ-ਘਿਉ, ਬੂਰਾ ਖੰਡ, ਖੀਰਾਂ, ਖੋਏ ਪੰਜੀਰੀਆਂ ਤੇ ਗੁੜ ਦੇ ਕੜਾਹ ਨੂੰ ਸਵੀਟ ਡਿਸ਼ਾਂ, ਆਈਸ ਕਰੀਮਾਂ, ਮਫ਼ਨ ਤੇ ਪੀਜ਼ੇ-ਬਰਗਰ ਖੂੰਜੇ ਲਾਈ ਜਾ ਰਹੇ ਹਨ। ਵੜੀਆਂ ਤੇ ਹੱਥੀਂ ਵੱਟੀਆਂ ਸੇਵੀਆਂ ਨੂਡਲਾਂ ਵਿਚ ਬਦਲ ਗਈਆਂ ਹਨ। ਦੇਸੀ ਖ਼ੁਰਾਕਾਂ ਨੂੰ ਪਰ੍ਹੇ ਧੱਕਦਿਆਂ ਪਰਦੇਸੀ ਮੈਕਡੋਨਲਾਂ ਨੇ ਪੈਰ ਪਸਾਰਨੇ ਸ਼ੁਰੂ ਕਰ ਲਏ ਹਨ।

ਪੱਛਮੀ ਰਹਿਣ-ਸਹਿਣ ਦਾ ਪੰਜਾਬੀਆਂ ’ਤੇ ਏਨਾ ਪ੍ਰਭਾਵ ਹੈ ਕਿ ਉਹ ਦਿਨ ਦੂਰ ਨਹੀਂ ਜਾਪਦੇ ਜਦੋਂ ਪੱਛਮੀ ਮੁਲਕਾਂ ਦੇ ਪਹਿਰਾਵੇ ਵਾਂਗ ਪੱਛਮ ਦਾ ਖਾਣ-ਪੀਣ ਵੱਡੀ ਪੱਧਰ ’ਤੇ ਪੰਜਾਬੀਆਂ ਦੀ ਖਾਧ ਖ਼ੁਰਾਕ ਹੋਵੇਗਾ। ਘਰੇਲੂ ਖਾਣ ਵਾਲੇ ਪਦਾਰਥਾਂ ਦੀ ਥਾਂ ਜੰਕ ਫੂਡ ਦਾ ਬੋਲਬਾਲਾ ਹੋ ਜਾਵੇਗਾ। ਦੇਸੀ ਖ਼ੁਰਾਕਾਂ ਦੇ ਤਾਂ ਬਾਗ਼ਾਂ, ਫੁਲਕਾਰੀਆਂ, ਚਰਖਿਆਂ ਤੇ ਤ੍ਰਿੰਜਣਾਂ ਵਾਂਗ ਗੀਤ ਹੀ ਗਾਏ ਜਾਣਗੇ! ਮੱਖਣ ਬਰਾੜ ਦੇ ਲਿਖੇ-ਆਪਣਾ ਪੰਜਾਬ ਹੋਵੇ, ਮੂਲੀ ਨਾਲ ਗੰਢਾ ਹੋਵੇ ਤੇ ਕੂੰਡੇ ਵਿਚ ਰਗੜੇ ਮਸਾਲੇ ਦਾ ਸੁਆਦ ਹੋਵੇ, ਦਾ ਗੀਤ ਤਾਂ ਗੁਰਦਾਸ ਮਾਨ ਨੇ ਵੀ ਗਾ ਹੀ ਦਿੱਤੈ। ਵੇਖਦੇ ਰਹਿਓ, ਮੁੜ ਮੁੜ ਯਾਦ ਸਤਾਵੇ ਪਿੰਡ ਦੀਆਂ ਗਲੀਆਂ ਦੀ... ਵਾਂਗ ਗੁਲਗੁਲਿਆਂ, ਮੱਠੀਆਂ ਤੇ ਮਾਹਲ ਪੂੜਿਆਂ ਦੀ ਯਾਦ ਵੀ ਲੋਕਾਂ ਨੂੰ ਸਤਾਵੇਗੀ ਤੇ ਉਨ੍ਹਾਂ ਦੇ ਵੀ ਗੀਤ ਹੀ ਗਾਏ ਜਾਣਗੇ!

ਅਸੀਂ ਆਪਣੀ ਸੁਰਤ ਦੀਆਂ ਗੱਲਾਂ ਹੀ ਕਰੀਏ ਤਾਂ ਨਵੀਂ ਪੀੜ੍ਹੀ ਨੂੰ ਹੈਰਾਨੀ ਹੋਵੇਗੀ ਕਿ ਸਾਥੋਂ ਵਡੇਰੇ ਕੀ ਖਾਂਦੇ-ਪੀਂਦੇ ਸਨ ਤੇ ਉਹ ਅੱਜਕਲ੍ਹ ਕੀ ਖਾ ਪੀ ਰਹੇ ਹਨ? ਸਾਡੇ ਬਚਪਨ ਦੇ ਸਮੇਂ ਚੱਕੀ ਹਰ ਘਰ ’ਚ ਹੁੰਦੀ ਸੀ ਜਿਸ ਵਿਚ ਸੁਆਣੀਆਂ ਆਟਾ ਪੀਂਹਦੀਆਂ ਸਨ। ਉਹ ਆਟਾ ਕੁਝ ਮੋਟਾ ਹੁੰਦਾ ਸੀ ਜੋ ਜਲਦ ਪਚਦਾ ਸੀ। ਸਮੇਂ ਨਾਲ ਖਰਾਸ ਚੱਲੇ ਜਿਨ੍ਹਾਂ ਨੂੰ ਚਲਾਉਣ ਲਈ ਬਲਦ ਤੇ ਬੋਤੇ ਜੋੜੇ ਜਾਂਦੇ। ਉਨ੍ਹਾਂ ਦੇ ਪੁੜ ਚੱਕੀ ਦੇ ਪੁੜ ਨਾਲੋਂ ਵੱਡੇ ਤੇ ਭਾਰੇ ਹੁੰਦੇ। ਜੁਆਨਾਂ ਦੀਆਂ ਛਾਤੀਆਂ ਦੀ ਖਰਾਸ ਦੇ ਪੁੜਾਂ ਨਾਲ ਤੁਲਨਾ ਕੀਤੀ ਜਾਂਦੀ ਜਿਵੇਂ ਕਬੱਡੀ ਦੇ ਕੁਮੈਂਟੇਟਰ ਅੱਜ ਵੀ ਕਰਦੇ ਹਨ। ਨਹਿਰਾਂ ’ਤੇ ਘਰਾਟ ਚਲਦੇ ਜਿਨ੍ਹਾਂ ਦਾ ਆਟਾ ਬਹੁਤ ਬਰੀਕ ਹੁੰਦਾ ਹੈ। ਘਰਾਟਾਂ ਦੇ ਪੀਠੇ ਮੱਕੀ ਦੇ ਆਟੇ ਦੀਆਂ ਰੋਟੀਆਂ ਵਧੇਰੇ ਸੁਆਦੀ ਲੱਗਦੀਆਂ।

ਕਿਸਾਨਾਂ ਦੇ ਘਰਾਂ ਵਿਚ ਲਵੇਰਾ ਆਮ ਹੁੰਦਾ ਸੀ। ਗੱਭਰੂ ਹੋ ਰਹੇ ਮੁੰਡੇ ਦੁੱਧ ਚੋਂਦਿਆਂ ਧਾਰਾਂ ਚੁੰਘ ਜਾਂਦੇ। ਥਣਾਂ ’ਚੋਂ ਨਿਕਲਦਾ ਕੋਸਾ ਦੁੱਧ ਲੱਗਦਾ ਵੀ ਬਹੁਤ ਸੁਆਦ ਸੀ। ਧਾਰਾਂ ਚੋ ਕੇ ਦੁੱਧ ਦੀ ਗੜਵੀ ਚਾਹ ਬਣਾਉਣ ਲਈ ਰੱਖ ਲਈ ਜਾਂਦੀ ਤੇ ਬਾਕੀ ਸਾਰਾ ਕਾੜ੍ਹਨੀ ’ਚ ਪਾ ਕੇ ਪਾਥੀਆਂ ਦੀ ਅੱਗ ’ਤੇ ਹਾਰੇ ’ਚ ਧਰ ਦਿੱਤਾ ਜਾਂਦਾ। ਉਤੇ ਚਾਪੜ ਮੂਧਾ ਮਾਰਿਆ ਜਾਂਦਾ ਤਾਂ ਕਿ ਕੁੱਤਾ ਬਿੱਲਾ ਨਾ ਮੂੰਹ ਮਾਰ ਸਕੇ। ਪਾਥੀਆਂ ਦੀ ਮੱਠੀ ਅੱਗ ’ਤੇ ਕੜ੍ਹਨੇ ਧਰੇ ਦੁੱਧ ਉਤੇ ਮਲਾਈ ਦੀ ਮੋਟੀ ਤਹਿ ਜੰਮ ਜਾਂਦੀ। ਉਸ ਮਲਾਈ ਨੂੰ ਕੁੱਤਾ ਬਿੱਲਾ ਤਾਂ ਨਹੀਂ ਸੀ ਮੂੰਹ ਮਾਰ ਸਕਦਾ ਪਰ ਕਦੇ-ਕਦੇ ਘਰ ਦਾ ਹੀ ਕੋਈ ਨਿਆਣਾ-ਸਿਆਣਾ ਓਹਲਾ ਕਰ ਕੇ ਦਾਅ ਲਾ ਜਾਂਦਾ। ਅਸੀਂ ਅਜਿਹੇ ਦਾਅ ਲਾਉਂਦੇ ਹੀ ਵੱਡੇ ਹੋਏ ਹਾਂ। ਮਲਾਈ ਦੇ ਹਲਕੀ ਗੁਲਾਬੀ ਭਾਅ ਮਾਰਦਾ ਕਾੜ੍ਹਨੀ ਦਾ ਦੁੱਧ ਹੁੰਦਾ ਜੀਹਦੇ ਛੰਨੇ ਭਰ-ਭਰ ਪੀਤੇ ਜਾਂਦੇ। ਉਸ ਦੁੱਧ ਵਿਚ ਫੈਟ ਨਹੀਂ ਸੀ ਹੁੰਦੀ।

ਰਾਤ ਨੂੰ ਚਟੂਰਿਆਂ ਵਿਚ ਜਾਗ ਲਾ ਕੇ ਦੁੱਧ ਜਮਾਇਆ ਜਾਂਦਾ ਤੇ ਸਵੇਰਸਾਰ ਮਧਾਣੀਆਂ ਨਾਲ ਰਿੜਕਿਆ ਜਾਂਦਾ। ਵਸਦੇ ਘਰਾਂ ਵਿਚ ਦੁੱਧ ਰਿੜਕਣ ਦੀਆਂ ਧੁਨਾਂ ਉੱਠਦੀਆਂ। ਸਵਾਣੀਆਂ ਦੀ ਸੋਹਣੀ ਵਰਜਿਸ਼ ਹੁੰਦੀ। ਸੱਜ ਵਿਆਹੀਆਂ ਦੇ ਚੂੜੇ ਛਣਕਦੇ। ਰਿੜਕਣੇ ਦੇ ਗਲਾਵੇਂ ਉਤੇ ਮੱਖਣ ਤਰ ਆਉਂਦਾ ਤੇ ਹੇਠਾਂ ਲੱਸੀ ਰਹਿ ਜਾਂਦੀ ਜੋ ਪਿਆਸ ਬੁਝਾਉਣ ਲਈ ਅੰਮ੍ਰਿਤ ਦਾ ਕੰਮ ਕਰਦੀ। ਵਾਰਿਸ ਸ਼ਾਹ ਨੇ ਹੀਰ ਦੇ ਕਿੱਸੇ ਵਿਚ ਪਿੰਡ ਦੀ ਸਵੇਰ ਦਾ ਨਜ਼ਾਰਾ ਇੰਜ ਪੇਸ਼ ਕੀਤਾ ਹੈ :



ਚਿੜੀ ਚੂਕਦੀ ਨਾਲ ਉੱਠ ਤੁਰੇ ਪਾਂਧੀ,
ਪਈਆਂ ਦੁੱਧਾਂ ਦੇ ਵਿਚ ਮਧਾਣੀਆਂ ਨੀ।
ਹੋਈ ਸੁਬਹਾ ਸਾਦਿਕ ਜਦੋਂ ਆਣ ਰੋਸ਼ਨ,
ਤਦੋਂ ਲਾਲੀਆਂ ਆਣ ਚਿਚਲਾਣੀਆਂ ਨੀ।
ਲਈਆਂ ਕੱਢ ਹਰਨਾਲੀਆਂ ਹਾਲੀਆਂ ਨੇ,
ਸੈਆਂ ਭੂਈਂ ਨੂੰ ਜਿਨ੍ਹਾਂ ਨੇ ਲਾਣੀਆਂ ਨੀ।
ਘਰਬਾਰਨਾਂ ਚੱਕੀਆਂ ਝੋਤੀਆਂ ਨੀ,
ਜਿਨ੍ਹਾਂ ਤਾਉਣਾਂ ਗੁੰਨ੍ਹ ਪਕਾਣੀਆਂ ਨੀ।
ਕਾਰੋਬਾਰ ਵਿਚ ਹੋਇਆ ਜਹਾਨ ਸਾਰਾ,
ਚਰਖੇ ਕੱਤਦੀਆਂ ਉੱਠ ਸਵਾਣੀਆਂ ਨੀ...।

ਇਹ ਨਜ਼ਾਰੇ ਅਸੀਂ ਆਪਣੀ ਅੱਖੀਂ ਵੇਖੇ ਹਨ। ਹਾਲੀ ਅੱਧਰਿੜਕੇ ਪੀ ਕੇ ਤੜਕੇ ਈ ਖੇਤਾਂ ਨੂੰ ਤੁਰ ਜਾਂਦੇ। ਚਟੂਰੇ ’ਚੋਂ ਉਤਲੇ ਦਹੀਂ ਦਾ ਅੱਧਾ ਕੁ ਛੰਨਾ ਭਰ ਕੇ ਤੇ ਉਸ ਵਿਚ ਧਾਰਾਂ ਮਾਰ ਕੇ ਤਿਓੜ ਬਣਾ ਲਈ ਜਾਂਦੀ। ਅਧਰਿੜਕੇ ਤੇ ਤਿਓੜਾਂ ਨਾਲ ਨਿਹਾਲ ਹੋਏ ਹਾਲੀ ਬੋਲੀਆਂ ਪਾਉਂਦੇ ਹਲ ਵਾਹੀ ਜਾਂਦੇ। ਉਹ ਹਲਾਂ ਮਗਰ ਮੀਲਾਂ ਬੱਧੀ ਤੁਰਦੇ ਰਹਿੰਦੇ। ਧੁੱਪਾਂ ਚੜ੍ਹਨ ਤੱਕ ਉਨ੍ਹਾਂ ਨੂੰ ਨਾ ਭੁੱਖ ਲੱਗਦੀ ਤੇ ਨਾ ਪਿਆਸ ਸਤਾਉਂਦੀ। ਬਹੁਲੀਆਂ, ਦੁੱਧ, ਦਹੀਂ, ਅਧਰਿੜਕੇ, ਤਿਓੜਾਂ, ਖੋਏ, ਖੀਰਾਂ, ਪੰਜੀਰੀਆਂ, ਘਿਓ, ਮੱਖਣ, ਲੱਸੀ ਤੇ ਯਖਣੀਆਂ ਪੰਜਾਬੀਆਂ ਦੀਆਂ ਮੁੱਖ ਖ਼ੁਰਾਕਾਂ ਰਹੀਆਂ ਹਨ।

ਇਨ੍ਹਾਂ ਦੇਸੀ ਖ਼ੁਰਾਕਾਂ ਨੂੰ ਮਿੱਟੀ ਦੇ ਪਕਾਏ ਮੁਸਾਮਦਾਰ ਭਾਂਡਿਆਂ ਕਾੜ੍ਹਨੀਆਂ, ਕੁੱਜਿਆਂ, ਚਾਟੀਆਂ, ਚਟੂਰਿਆਂ, ਬੱਲ੍ਹਣੀਆਂ, ਬੱਠਲੀਆਂ, ਡੂੰਨਿਆਂ, ਘੜਿਆਂ, ਮੱਟਾਂ, ਤੌੜੇ, ਤੌੜੀਆਂ ਤੇ ਹਾਂਡੀਆਂ ਵਿਚ ਸੰਭਾਲਿਆ ਜਾਂਦਾ ਰਿਹਾ ਹੈ। ਡਾਕਟਰੀ ਨੁਕਤੇ ਤੋਂ ਕਾੜ੍ਹਨੀ ਦਾ ਫੈਟਲੈੱਸ ਦੁੱਧ ਤੇ ਚਾਟੀ ਦੀ ਖੱਟੀ ਲੱਸੀ ਸਿਹਤ ਲਈ ਬਹੁਤ ਗੁਣਕਾਰੀ ਖ਼ੁਰਾਕਾਂ ਹਨ। ਅਜੋਕੀ ਪੀੜ੍ਹੀ ਅਜਿਹੀਆਂ ਖ਼ੁਰਾਕਾਂ ਤੋਂ ਕਿਨਾਰਾ ਕਰਦੀ ਜਾ ਰਹੀ ਹੈ। ਉਸ ਨੂੰ ਬੋਤਲਬੰਦ ਠੰਢੇ ਮਿੱਠੇ ਤੇ ਲਿਫਾਫ਼ੇਬੰਦ ਸਲੂਣੇ ਬਿਸਕੁਟ, ਚਾਕਲੇਟ, ਚਿਪਸ, ਕੁਰਕੁਰੇ ਤੇ ਡੱਬੇਬੰਦ ਸੀਰੀਅਲਜ਼ ਚੰਗੇ ਲੱਗਣ ਲੱਗ ਪਏ ਹਨ। ਅਜਿਹੀਆਂ ਖ਼ੁਰਾਕਾਂ ਉਨ੍ਹਾਂ ਨੂੰ ਮੋਟੇ ਤੇ ਦਲਿਦਰੀ ਬਣਾ ਰਹੀਆਂ ਹਨ। ਉਹ ਤਵੇ ਤੇ ਤੰਦੂਰ ਦੀ ਰੋਟੀ ਨਾਲੋਂ ਬਰੈੱਡ ਵਧੇਰੇ ਚਾਹ ਕੇ ਖਾਣ ਲੱਗੇ ਹਨ। ਉਹ ਹੱਥੀਂ ਬਣਾਏ ਖਾਧ ਪਦਾਰਥਾਂ ਦੀ ਥਾਂ ਮਸ਼ੀਨਾਂ ਨਾਲ ਤਿਆਰ ਕੀਤੇ ਖਾਣੇ ਪੀਣਿਆਂ ਨੂੰ ਪਹਿਲ ਦੇਣ ਲੱਗੇ ਹਨ।

ਸਾਡੇ ਬਚਪਨ ਵਿਚ ਅਨਾਜ ਸਾਬਤਾ ਜਾਂ ਦਰੜਿਆ ਖਾਣ ਦਾ ਕਾਫੀ ਰਿਵਾਜ ਸੀ। ਮੱਕੀ ਤੇ ਛੋਲਿਆਂ ਦੇ ਦਾਣੇ ਆਮ ਭੁਨਾਏ ਤੇ ਚੱਬੇ ਜਾਂਦੇ। ਇਕ-ਇਕ ਪਿੰਡ ’ਚ ਕਈ-ਕਈ ਭੱਠੀਆਂ ਤਪਦੀਆਂ। ਭੱਠੀਆਂ ’ਤੇ ਰੌਣਕਾਂ ਲੱਗਦੀਆਂ। ਭੁੰਨੇ ਜਾਂਦੇ ਦਾਣਿਆਂ ਦੀ ਖੁਸ਼ਬੋ ਖਿੱਲਰਦੀ। ਮੱਕੀ ਦੀਆਂ ਖਿੱਲਾਂ ਤੇ ਮੁਰਮੁਰਿਆਂ ਦਾ ਆਪਣਾ ਆਨੰਦ ਹੁੰਦਾ। ਦੋਧੇ ਦਾਣਿਆਂ ’ਚੋਂ ਕੱਚੇ ਦੁੱਧ ਦਾ ਸੁਆਦ ਆਉਂਦਾ। ਕਣਕ ਭੁਨਾ ਕੇ ਮਰੂੰਡੇ ਬਣਾਏ ਜਾਂਦੇ। ਦਲੀਏ, ਖਿਚੜੀਆਂ ਤੇ ਨਮਕੀਨ ਬੱਕਲੀਆਂ ਖਾਧੀਆਂ ਜਾਂਦੀਆਂ। ਸਵੇਰ ਵੇਲੇ ਮੱਕੀ ਦੀਆਂ ਰੋਟੀਆਂ ਦਹੀਂ ’ਚ ਚੂਰ ਕੇ ਨਾਸ਼ਤਾ ਕੀਤਾ ਜਾਂਦਾ। ਘਿਓ ਗੱਚ ਦੋੜਾਂ ਪੱਕਦੀਆਂ। ਸਕੂਲੀ ਵਿਦਿਆਰਥੀਆਂ ਦੇ ਝੋਲਿਆਂ ਵਿਚ ਆਮ ਕਰ ਕੇ ਚੂਰੀ ਜਾਂ ਅਚਾਰ ਨਾਲ ਪਰੌਂਠਿਆਂ ਦਾ ਲੰਚ ਹੁੰਦਾ। ਸਕੂਲੋਂ ਮੁੜਦਿਆਂ ਅਸੀਂ ਰਾਹ ਛੱਡ ਕੇ ਖੇਤਾਂ ਵੱਲ ਨਿਕਲ ਤੁਰਦੇ ਤੇ ਕਮਾਦਾਂ ਦੇ ਗੰਨੇ ਚੂਪਦੇ। ਮੱਕੀ ਦੀਆਂ ਛੱਲੀਆਂ ਤੇ ਛੋਲਿਆਂ ਦੀਆਂ ਹੋਲਾਂ ਭੁੰਨ ਕੇ ਚੱਬਦੇ। ਕਣਕਾਂ ਦੀਆਂ ਬੱਲੀਆਂ ਭੁੰਨੀਆਂ ਜਾਂਦੀਆਂ। ਮਲ੍ਹਿਆਂ ਤੇ ਬੇਰੀਆਂ ਦੇ ਬੇਰ, ਤੂਤੀਆਂ, ਲਸੂੜੀਆਂ, ਪੱਕੀਆਂ ਨਮੋਲੀਆਂ, ਪੀਲੂ ਗੱਲ ਕੀ ਜਿਹੜੇ ਵੀ ਰੁੱਖ ਦਾ ਫਲ ਮਿਲਦਾ, ਕੱਚਾ-ਪੱਕਾ ਖਾ ਕੇ ਖਟਮਿੱਠਾ ਸੁਆਦ ਮਾਣਿਆ ਜਾਂਦਾ।

ਵੀਹਵੀਂ ਸਦੀ ਦੇ ਪਹਿਲੇ ਅੱਧ ਤੱਕ ਪੰਜਾਬ ਦੇ ਖੇਤਾਂ ਵਿਚ ਨਾ ਮਸਨੂਈ ਖਾਦਾਂ ਆਈਆਂ ਸਨ ਤੇ ਨਾ ਕੀੜੇਮਾਰ ਜਾਂ ਨਦੀਨਨਾਸ਼ਕ ਦਵਾਈਆਂ ਚੱਲੀਆਂ ਸਨ। ਅਨਾਜ, ਦਾਲਾਂ, ਸਬਜ਼ੀਆਂ ਤੇ ਫਲ-ਫੁੱਲ ਸਭ ਕੁਝ ਆਰਗੈਨਿਕ ਸੀ। ਮੱਝਾਂ ਨੂੰ ਦੁੱਧ ਦੇ ਟੀਕੇ ਨਹੀਂ ਸਨ ਲੱਗਣ ਲੱਗੇ ਤੇ ਨਾ ਹੀ ਦੁੱਧ ’ਚ ਕਿਸੇ ਕਿਸਮ ਦੀ ਮਿਲਾਵਟ ਹੁੰਦੀ ਸੀ। ਉਦੋਂ ਕਿਸਾਨ ਦੁੱਧ ਵੀ ਨਹੀਂ ਸੀ ਵੇਚਦੇ ਕਿਉਂਕਿ ਦੁੱਧ ਵੇਚਣਾ ਉਹ ਪੁੱਤ ਵੇਚਣ ਦੇ ਬਰਾਬਰ ਸਮਝਦੇ ਸਨ। ਪਿੰਡਾਂ ਵਿਚ ਸ਼ਰਾਬ ਪੀਣ ਵਾਲੇ ਬੰਦੇ ਉਂਗਲਾਂ ’ਤੇ ਗਿਣਨ ਜੋਗੇ ਹੀ ਹੁੰਦੇ ਸਨ ਜਿਨ੍ਹਾਂ ਨੂੰ ‘ਐਬੀ-ਕਬਾਬੀ’ ਕਿਹਾ ਜਾਂਦਾ ਸੀ। ਸਾਊ ਬੰਦੇ ਉਨ੍ਹਾਂ ਤੋਂ ਪਰ੍ਹੇ ਹੀ ਰਹਿੰਦੇ। ਹੁਣ ਸੋਫੀ ਬੰਦੇ ਉਂਗਲਾਂ ’ਤੇ ਗਿਣਨ ਜੋਗੇ ਰਹਿ ਗਏ ਹਨ ਜਿਨ੍ਹਾਂ ਨੂੰ ਐਬੀ ਕਬਾਬੀ ਟਿੱਚਰਾਂ ਕਰਨੋ ਨਹੀਂ ਹਟਦੇ। ਹੁਣ ਤਾਂ ਪੰਜਾਬ ਵਿਚ ਨਸ਼ਿਆਂ ਦਾ ਹੜ੍ਹ ਈ ਆਇਆ ਪਿਐ। ਨਵੀਂ ਪੀੜ੍ਹੀ ਨਸ਼ਿਆਂ ਦੀ ਦਲਦਲ ਵਿਚ ਬੁਰੀ ਤਰ੍ਹਾਂ ਧਸਦੀ ਜਾ ਰਹੀ ਹੈ।

ਤਾਜ਼ੀਆਂ ਸ਼ੁੱਧ ਦੇਸੀ ਖ਼ੁਰਾਕਾਂ ਦੀ ਥਾਂ ਡੱਬੇਬੰਦ ਖਾਣੇ ਤੇ ਪੀਣੇ ਨਵੀਂ ਪੀੜ੍ਹੀ ਦੇ ਮਨਭਾਉਂਦੇ ਖਾਣ ਵਾਲੇ ਪਥਾਰਥ ਬਣ ਰਹੇ ਹਨ। ਪੰਜਾਬੀਆਂ ਦੀ ਈਲੀਟ ਜਮਾਤ ਯਾਨੀ ਸਰਦੇ ਪੁੱਜਦੇ ਲੋਕ ਕੁਝ ਵਧੇਰੇ ਹੀ ਪੈਕਡ ਫੂਡ ਦੇ ਦੀਵਾਨੇ ਹਨ। ਹਾਲਾਂਕਿ ਡਾਕਟਰ ਦੱਸਦੇ ਹਨ ਕਿ ਰਸਾਇਣਕ ਤੱਤਾਂ ਨਾਲ ਸੁਰੱਖਿਅਤ ਕੀਤੀ ਖਾਣ ਵਾਲੀ ਸਮੱਗਰੀ ’ਚੋਂ ਖ਼ੁਰਾਕ ਦੇ ਸਿਹਤ ਲਈ ਚੰਗੇਰੇ ਤੱਤ ਨਸ਼ਟ ਹੋ ਚੁੱਕੇ ਹੁੰਦੇ ਹਨ। ਪਰ ਬਹੁਤ ਸਾਰੇ ਲੋਕ ਇਸ ਨੂੰ ਮਾਡਰਨ ਕਹਾਉਣ ਦੀ ਖ਼ਾਤਰ ਹੀ ਵਰਤੀ ਜਾ ਰਹੇ ਹਨ। ਪੇਂਡੂਆਂ ਦੇ ਮੁਕਾਬਲੇ ਫੈਸ਼ਨਾਂ ਦੇ ਪੱਟੇ ਸ਼ਹਿਰੀ ਲੋਕ ਇਸ ਦੀ ਲਪੇਟ ਵਿਚ ਵਧੇਰੇ ਆਏ ਹਨ। ਅਸਲ ਵਿਚ ਡੱਬੇਬੰਦ ਖਾਣੇ ਤੇ ਬੋਤਲਬੰਦ ਪੀਣੇ ਬਹੁਤ ਵੱਡਾ ਬਿਜ਼ਨੈੱਸ ਬਣ ਚੁੱਕੇ ਹਨ। ਇਨ੍ਹਾਂ ਦੀ ਵੱਡੀ ਪੱਧਰ ’ਤੇ ਇਸ਼ਤਿਹਾਰਬਾਜ਼ੀ ਹੁੰਦੀ ਹੈ। ਟੀ.ਵੀ. ਦੀ ਸਕਰੀਨ ਉਤੇ ਜੋ ਕੁਝ ਵਿਖਾਇਆ ਜਾਂਦਾ ਹੈ, ਉਹੀ ਘਰਾਂ ਵਿਚ ਆ ਵੜਦਾ ਹੈ। ਖਾਣ ਵਾਲੇ ਪਦਾਰਥਾਂ ਵਿਚ ਮੁਨਾਫ਼ਾ ਵੀ ਬਹੁਤ ਹੈ। ਪੰਦਰਾਂ-ਵੀਹਾਂ ਰੁਪਿਆਂ ਦੇ ਆਲੂਆਂ ਦੇ ਨਮਕੀਨ ਚਿਪਸ ਬਣਾ ਕੇ ਹਜ਼ਾਰ ਰੁਪਿਆ ਵੱਟ ਲਿਆ ਜਾਂਦਾ ਹੈ। 100 ਰੁਪਏ ਦੀ ਮੱਕੀ ਨਾਲ ਦੋ-ਤਿੰਨ ਹਜ਼ਾਰ ਦੇ ਕੁਰਕੁਰੇ ਬਣ ਜਾਂਦੇ ਹਨ। ਕੌਣ ਪੁੱਛਦੈ ਕਿ ਇਹਦੇ ਵਿਚ ਆਲੂਆਂ ਤੇ ਮੱਕੀ ਦੇ ਦਾਣਿਆਂ ਦਾ ਖ਼ੁਰਾਕੀ ਤੱਤ ਬਚਿਆ ਵੀ ਹੈ ਜਾਂ ਨਹੀਂ?



# ਅਜਾਮਲ ਪਾਪੀ ਦੀ ਸੰਪੂਰਨ ਸਾਖੀ



ਜ਼ੋਰਾਵਰ ਸਿੰਘ ਤਰਸਿੱਕਾ
ਕਿਸ਼ਤ ਪਹਿਲੀ

(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)

ਚੋਹਾਂ ਹੀ ਮਹਾਨ ਦੋਸ਼ਾਂ ਨੇ ਉਸਦੀ ਬੁਧੀ ਭ੍ਰਿਸ਼ਟ ਕਰ ਦਿੱਤੀ। ਉਹ ਗੁਰੂ ਕੋਲ ਜਾਂਦਾ ਪਰ ਪਾਠ ਨਾ ਹੁੰਦਾ, ਮਨ ਨਾ ਲੱਗਾ।

ਸਿਆਣਾ ਵਿਦਿਆ ਗੁਰੂ ਸਭ ਕੁਝ ਭਾਵੇਂ ਜਾਣ ਗਿਆ ਪਰ ਮਨ ਦੀ ਤਸੱਲੀ ਕਰਨ ਲਈ ਇਕ ਦਿਨ ਆਪਣੇ ਸ਼ਿਸ਼ ਅਜਾਮਲ ਦੇ ਪਿਛੇ ਪਿਛੇ ਚਲਿਆ ਗਿਆ। ਉਸ ਨੇ ਆਪਣੀਆਂ ਅੱਖਾਂ ਨਾਲ ਦੇਖ ਲਿਆ। ਉਹਦਾ ਚੇਲਾ ਵੇਸਵਾ ਦੇ ਅੰਦਰ ਜਾ ਵੜਿਆ। ਉਹ ਪਿਛੇ ਮੁੜ ਆਇਆ ਤੇ ਬੜਾ ਬੇਚੈਨ ਰਿਹਾ। ਅਗਲੇ ਦਿਨ ਅਜਾਮਲ ਆਇਆ ਤਾਂ ਉਸਨੇ ਆਖਿਆ-ਅਜਾਮਲ ਜਾਓ ਤੁਸਾਂ ਜੋ ਪੜ੍ਹਨਾ ਸੀ, ਪੜ੍ਹ ਲਿਆ। ਇਹ ਆਖ ਕੇ ਅਜਾਮਲ ਨੂੰ ਤੋਰ ਦਿੰਤਾ ਤੇ ਉਸ ਦੇ ਬਾਪ ਨੂੰ ਸੱਦ ਕੇ ਆਖਿਆ ਅਜਾਮਲ ਦਾ ਵਿਆਹ ਕਰ ਦਿਓ। ਇਸਦਾ ਕੁਆਰਾ ਰਹਿਣਾ ਯੋਗ ਨਹੀਂ।

ਅਜਾਮਲ ਦਾ ਬਾਪ ਰਾਜ ਪੰਡਿਤ ਸੀ। ਰਾਜ ਪੰਡਿਤ ਹੋਣ ਕਰਕੇ ਉਸਨੂੰ ਕੋਈ ਵੀ ਔਖੀ ਗੱਲ ਨਹੀਂ ਸੀ ਵਿਆਹ ਕਰਨਾ. ਉਸ ਨੇ ਝਟਪਟ ਹੀ ਥੋੜੇ ਦਿਨਾਂ ਵਿਚ ਪ੍ਰਬੰਧ ਕਰਕੇ ਅਜਾਮਲ ਦਾ ਵਿਆਹ ਕਰ ਦਿੱਤਾ।

ਅਜਾਮਲ ਦਾ ਵਿਆਹ ਹੋ ਗਿਆ ਘਰ ਸੁੰਦਰ ਗੁਣਵੰਤੀ ਤੇ ਜਵਾਨ ਇਸਤਰੀ ਆ ਗਈ ਪਰ ਅਜਾਮਲ ਦਾ ਮਨ ਚੰਚਲ ਹੀ ਰਿਹਾ। ਉਹ ਘਰ ਦੀ ਇਸਤਰੀ ਕੋਲੋਂ ਨਾ ਤ੍ਰਿਪਤਿਆ ਵੇਸਵਾ ਦੇ ਦਵਾਰੇ ਜਾਂਦਾ ਹੀ ਰਿਹਾ। ਹੌਲੀ ਹੌਲੀ ਉਸਦਾ ਵੇਸਵਾ ਕੋਲ ਜਾਣਾ ਲੁਕ ਨਾ ਸਕਿਆ ਉਹ ਪ੍ਰਗਟ ਹੋ ਹੀ ਗਿਆ। ਉਸਦੀ ਧਰਮ ਪਤਨੀ ਨੇ ਬੜਾ ਯਤਨ ਕੀਤਾ ਕਿ ਉਹ ਉਸ ਕੋਲ ਹੀ ਰਹੇ। ਸੋਲਾਂ ਸ਼ਿੰਗਾਰ ਵੀ ਕੀਤੇ, ਨਾਚ ਤੀ ਗੀਤ ਨਾਲ ਵੀ ਪ੍ਰਸੰਨ ਕਰਨ ਦਾ ਯਤਨ ਕੀਤਾ, ਪਰ ਅਜਾਮਲ ਦਾ ਮਨ ਪਾਪੀ ਹੀ ਰਿਹਾ। ਵੇਸਵਾ ਦੀ ਜੂਠ ਤੇ ਸ਼ਰਾਬ ਨੇ ਉਸਦੀ ਬੁਧੀ ਭ੍ਰਿਸ਼ਟ ਕਰ ਦਿੱਤੀ। ਉਹ ਸਤਵੰਤੀ ਨਾਰੀ ਯਤਨ ਕਰਕੇ ਹਾਰ ਥੱਕੀ।

ਅਜਾਮਲ ਦਾ ਬਾਪ ਪਰਲੋਕ ਗਮਨ ਕਰ ਗਿਆ। ਉਸਦੇ ਪਿਛੋਂ ਰਾਜੇ ਨੇ ਅਜਾਮਲ ਨੂੰ ਰਾਜ ਪੰਡਿਤ ਬਣਾ ਦਿੱਤਾ। ਰਾਜ ਪੰਡਿਤ ਬਣ ਜਾਣ ਤੇ ਉਸਦੀਆਂ ਜ਼ਿੰਮੇਵਾਰੀਆਂ ਵੱਧ ਗਈਆਂ। ਉਹ ਧਰਮ, ਸਮਾਜ ਤੇ ਰਾਜ ਦਾ ਆਗੂ ਬਣ ਗਿਆ। ਦੌਲਤ ਆ ਹੀ ਗਈ ਕਿਸੇ ਗੱਲ ਦੀ ਕਮੀ ਨਾ ਰਹੀ ਤਾਂ ਵੀ ਉਸਨੇ ਨਾ ਸੋਚਿਆ। ਉਹ ਸੋਚਦਾ ਵੀ ਕਿਵੇਂ ? ਪੰਜ ਦੋਸ਼ ਉਸਦੇ ਪਿਛੇ ਲੱਗ ਗਏ ਸਨ। ਗੁਰੂ ਦੀ ਆਗਿਆ ਦਾ ਭੰਗ ਕਰਨਾ, ਝੂਠ ਬੋਲਨਾ ਜੂਠ ਖਾਣੀ ਤੇ ਮਦਰਾ ਪੀਣੀ। ਪੰਜਵਾਂ ਮਹਾਨ ਦੋਸ਼ ਪਾਪ ਵੇਸਵਾ ਗਮਨ ਸੀ। ਉਸ ਨੇ ਉੱਚ ਪਦਵੀ ਮਿਲਣ ਤੇ ਵੀ ਵੇਸਵਾ ਦੇ ਜਾਣਾ ਨਾ ਛੱਡਿਆ। ਸ਼ਹਿਰ ਵਿਚ ਆਮ ਚਰਚਾ ਹੋਣ ਲੱਗ ਪਈ। ਜੋ ਗੱਲ ਲੁਕੀ ਸੀ ਉਹ ਪ੍ਰਗਟ ਹੋ ਗਈ। ਪ੍ਰਗਟ ਵੀ ਹੋਈ ਸੂਰਜ ਦੇ ਚੜ੍ਹਨ ਵਾਂਗ। ਉਸਦਾ ਪਾਪਾਂ ਦੀ ਪੁਤਲੀ ਮਾਈਆ ਰੂਪ ਧਾਰਨ ਕਰ ਬੈਠੀ ਸੀ।

ਇਕ ਦਿਨ ਅਜਾਮਲ ਨੂੰ ਰਾਜੇ ਨੇ ਆਪਣੇ ਪਾਸ ਸੱਦਿਆ ਤੇ ਪੁੱਛਿਆ ਅਜਾਮਲ ਤੁਸੀਂ ਰਾਜ ਪੰਡਿਤ ਹੋ ?

ਹਾਂ ਮਾਹਾਰਜ, ਅਜਾਮਲ ਨੇ ਉੱਤਰ ਦਿੱਤਾ।

ਤੁਸਾਂ ਵਿਰੁੱਧ ਇਕ ਦੋਸ਼ ਲੱਗਾ ਹੈ।

ਕੀ ਦੋਸ਼ ਲਗਾ ?

ਤੁਸੀਂ ਕਲਾਵੰਤੀ ਵੇਸਵਾ ਦੇ ਕੋਲ ਜਾਂਦੇ ਹੋ। ਮਦਰਾ ਪੀਂਦੇ ਹੋ ਤੇ ਰੰਗ ਰਲੀਆਂ ਮਾਣਦੇ ਹੋ।

ਸੱਚ ਹੈ ਮਹਾਰਾਜ ਇਸ ਵਿਚ ਰਤਾ ਝੂਠ ਨਹੀ। ਮੈਂ ਕਲਾਵੰਤੀ ਕੋਲ ਜਾਂਦਾ ਹਾਂ ਉਸ ਨਾਲ ਮੇਰਾ ਪਿਆਰ ਹੈ।

ਪਰ ਇਹ ਵੀ ਪਤਾ ਜੇ ਕਿ ਰਾਜ-ਪੰਡਿਤ ਐਸਾ ਕੋਈ ਕਰਮ ਨਹੀਂ ਕਰ ਸਕਦਾ ਜੋ ਰਾਜ

## ਅੰਤਿਮ ਕਿਸ਼ਤ

ਵਿਚ ਬਦਨਾਮੀ ਦਾ ਕਾਰਨ ਬਣੇ ਤੇ ਪਰਜਾ ਤੇ ਬੁਰਾ ਅਸਰ ਪਵੇ।

ਪਤਾ ਹੈ ਮਹਾਰਾਜ।

ਫਿਰ ਕਿਉਂ ਜਾਂਦੇ ਹੋ ਕੀ ਤੁਸੀਂ ਆਪਣੀ ਬਦਨਾਮੀ ਆਪ ਨਹੀਂ ਸੁਣੀ।

ਸੁਣੀ ਹੈ, ਪਰ ਮੈਂ ਮਜਬੂਰ ਹਾਂ, ਮੈਂ ਕਲਾਵੰਤੀ ਨੂੰ ਛੱਡ ਨਹੀਂ ਸਕਦਾ। ਉਸ ਦੇ ਰੂਹ ਨੇ ਮੋਹਿਆ ਹੈ।

ਅਜਾਮਲ ਹੋਰ ਅੱਗੇ ਵੱਧ ਗਿਆ ਉਹ ਨਿਰਲੱਜ ਵੀ ਹੋ ਗਿਆ, ਕਿਉਂਕਿ ਜਿਸ ਕੋਲ ਨਿਰਲੱਜਤਾ ਆ ਜਾਏ ਉਸ ਕੋਲ ਹੋਰ ਕੁਝ ਪੱਲੇ ਨਹੀਂ ਰਹਿੰਦਾ। ਨਿਰਲੱਜਤਾ ਸਭ ਤੋਂ ਮਹਾਨ ਦੋਸ਼ ਜਾਂ ਪਾਪ ਹੈ। ਰਾਜਾ ਸਿਆਣਾ ਸੀ। ਉਸਦੀ ਉਮਰ ਅਜਾਮਲ ਦੇ ਬਾਪ ਜਿੰਨੀ ਸੀ। ਉਹ ਜਾਣ ਗਿਆ ਕਿ ਉਸਦਾ ਰਾਜ ਪੰਡਿਤ ਪਾਪਾਂ ਦਾ ਭਾਗੀ ਬਣ ਗਿਆ ਹੈ। ਪਾਪ ਇਸਨੂੰ ਚੰਗੇ ਲੱਗ ਰਹੇ ਹਨ। ਉਸਨੇ ਅਜਾਮਲ ਨੂੰ ਕਿਹਾ ਜੇ ਤੁਸਾਂ ਦੀ ਗੱਲ ਠੀਕ ਹੈ ਕਿ ਉਹ ਹੁਣ ਤੁਸਾਂ ਨੂੰ ਪਤੀ ਮੰਨ ਬੈਠੀ ਹੈ ਤਾਂ ਉਸਨੂੰ ਘਰ ਲੈ ਆਓ। ਘਰ ਰਹੇਗੀ ਤਾਂ ਲੋਕਾਂ ਨੂੰ ਪਤਾ ਨਹੀਂ ਲੱਗੇਗਾ ਜਿੰਨਾ ਚਿਰ ਉਹ ਵੇਸਵਾ ਪਹਿਲੇ ਹੈ ਉੱਨਾ ਚਿਰ ਵੇਸਵਾ ਹੈ। ਕਰਮ ਕਰਨਾ ਵੀ ਥਾਂ ਦੀ ਜਾਚਣਾ ਕਰਦਾ ਹੈ। ਥਾਂ ਸਿਰ ਹੀ ਕਈ ਚੀਜ਼ਾਂ ਸ਼ੋਭਾ ਦਿੰਦੀਆਂ ਹਨ। ਆਪ ਰਾਜ ਪੰਡਿਤ ਹੋ। ਰਾਜ ਪੰਡਿਤ ਨੂੰ ਸੋਭਾ ਨਹੀਂ ਦਿੰਦਾ ਉਹ ਵੇਸਵਾ ਦੇ ਬਾਜ਼ਾਰ ਵਿਚ ਜਾਏ।

ਉਸਨੂੰ ਘਰ ਨਹੀਂ ਲਿਆ ਸਕਦਾ ਨਾ ਛੱਡ ਸਕਦਾ ਹਾਂ। ਅਜਾਮਲ ਨੇ ਫੈਸਲਾ ਦਿੱਤਾ।

ਇਹ ਪੱਕਾ ਫੈਸਲਾ ਹੈ ? ਰਾਜੇ ਨੇ ਪੁੱਛਿਆ।

ਹਾਂ ਜੀ ਪੱਕਾ ਫੈਸਲਾ,

ਸੋਚ ਲਿਆ ਹੈ ?

ਜੀ ਸੋਚ ਲਿਆ ਹੈ।

ਦੇਖੋ ਅਜਾਮਲ ਅੱਜ ਤੋਂ ਨਹੀਂ ਹੁਣੇ ਤੋਂ ਤੂੰ ਰਾਜ ਪੰਡਿਤ ਨਹੀਂ ਰਿਹਾ। ਖਾਮੀਆਂ ਇਹ ਹਨ ਗੁਰੂ ਦੀ ਆਗਿਆ ਭੰਗ ਕੀਤੀ ਝੂਠ ਬੋਲਿਆ ਜੂਠ ਖਾਧੀ ਵੇਸਵਾ ਗਵਨ, ਸ਼ਰਾਬ ਪੀਤੀ ਤੇ ਨਿਰਲੱਜਤਾ ਨਾਲ ਮੰਦ ਕਰਮਾਂ ਤੋਂ ਰੁਕਣ ਦੀ ਨਾਂਹ ਕੀਤੀ। ਐਨੇ ਦੋਸ਼ ਹੁੰਦਿਅਇ ਹੋਇਆਂ ਤੁਸੀਂ ਰਾਜ ਪੰਡਿਤ ਰਹਿਣ ਦੇ ਅਧਿਕਾਰੀ ਨਹੀਂ। ਤੁਸਾਂ ਨੂੰ ਸ਼ਹਿਰੋਂ ਬਾਹਰ ਰਹਿਣਾ ਪਵੇਗਾ। ਸਾਰੀ ਜਾਇਦਾਦ ਦੇ ਰਾਜ ਮਹਿਲ ਜੋ ਤੁਸਾਂ ਕੋਲ ਹੈ, ਉਹ ਤੁਸਾਂ ਦੀ ਪਤਨੀ ਤੇ ਉਸਦੇ ਬੱਚੇ ਨੂੰ ਦੇ ਦਿੱਤਾ ਜਾਂਦਾ ਹੈ। ਅੱਗੇ ਤੋਂ ਸ਼ਹਿਰ ਵਿਚ ਨਹੀਂ ਵੜਨਾ ਹੋਏਗਾ। ਕਲਾਵੰਤੀ ਨੂੰ ਵੀ ਸ਼ਹਿਰੋਂ ਬਾਹਰ ਕੱਢ ਦਿੱਤਾ ਜਾਂਦਾ ਹੈ। ਬਸ ਇਹ ਹੁਕਮ ਹੈ। ਕੋਈ ਅਪੀਲ ਨਹੀਂ ਨਾ ਕੋਈ ਵਸੀਲਾ ਜਾਓ।

ਰਾਜੇ ਦੇ ਹੁਕਮ ਨੂੰ ਸੁਣਕੇ ਰਾਜ ਦਰਬਾਰੀ ਤੇ ਅਹਿਲਕਾਰ ਸਭ ਘਬਰਾ ਗਏ, ਪਰ ਅਜਾਮਲ ਉੱਤੇ ਕੋਈ ਅਸਰ ਨਾ ਹੋਇਆ ਉਸੇ ਵੇਲੇ ਰਾਜਦੂਤਾਂ ਨੇ ਅਜਾਮਲ ਨੂੰ ਧੱਕੇ ਮਾਰਕੇ ਬਾਹਰ ਕੱਢ ਦਿੱਤਾ ਉਸਨੂੰ ਸ਼ਹਿਰੋਂ ਬਾਹਰ ਕੱਢਣ ਦਾ ਹੁਕਮ ਹੋ ਗਿਆ। ਅਜਾਮਲ ਦੀ ਇਸਤਰੀ ਨੇ ਜਦੋਂ ਹੁਕਮ ਸੁਣਿਆ ਤਾਂ ਉਹ ਬਹੁਤ ਦੁਖੀ ਹੋਈ ਪਰ ਰਾਜੇ ਦਾ ਹੁਕਮ ਟਾਲਣਾ ਵੀ ਔਖਾ ਸੀ। ਨਗਰ ਵਾਸੀ ਵੀ ਹੈਰਾਨ ਹੋਏ, ਪਰ ਅਜਾਮਲ ਨੂੰ ਕੋਈ ਨਾ ਰੋਕ ਸਕਿਆ।

ਅਜਾਮਲ ਨੇ ਕਲਾਵੰਤੀ ਨਾਲ ਲੈ ਕੇ ਸ਼ਹਿਰੋਂ ਬਾਹਰ ਜਾ ਛੰਨ ਪਾਈ। ਕਲਾਵੰਤੀ ਦਾ ਸਾਰਾ ਸਮਾਨ ਉਥੇ ਗਿਆ। ਗਰੀਬਾਂ ਤੇ ਅਛੂਤਾਂ ਵਿਚ ਜਾ ਵਸੇ। ਰਾਤ ਦਿਨੇ ਭੋਗ ਬਿਲਾਸ ਕਰਕੇ ਖਚਤ ਹੋ ਗਏ ਤੇ ਚਾਰ ਬਚੇ ਹੋ ਗਏ। ਉਨ੍ਹਾਂ ਬੱਚਿਆਂ ਲਈ ਅੰਨ੍ਹ ਕੱਪੜੇ ਦੀ ਲੋੜ ਸੀ ਰਾਜੇ ਦਾ ਹੁਕਮ ਸੀ ਕੋਈ ਮਦਦ ਨਾ ਕਰੇ। ਸਾਰੇ ਉਸਨੂੰ ਅਜਾਮਲ ਪਾਪੀ ਆਖਣ ਲੱਗ ਪਏ ਸਨ ਤੇ ਉਹ ਚਿੜੀਆਂ ਪੰਛੀ ਮਾਰਕੇ ਖਾਣ ਲੱਗੇ। ਨੰਗੇ ਰਹਿਣ ਲੱਗੇ। ਹਾਲਾਤ ਐਨੇ ਭੈੜੇ ਹੋਏ ਕਿ ਉਹ ਪਾਗਲਾਂ ਵਾਂਗ ਖਿਝਕੇ ਲੋਕਾਂ ਦੇ ਗਲ ਪੈਣ ਲੱਗਾ। ਸਰੀਰ ਰੋਗੀ ਹੋ ਗਿਆ। ਐਸਾ ਰੋਗੀ ਕਿ ਜੀਵਨ ਦੀ ਆਸ਼ਾ ਘਟ ਗਈ। ਜਦੋਂ ਸਰੀਰ ਐਸਾ ਹੋਇਆ ਉਸ ਤੋਂ ਪਹਿਲਾਂ ਉਸ ਦੇ ਸੱਤ ਪੁੱਤਰ ਹੋ ਗਏ। ਸੱਤਵੇਂ ਪੁੱਤਰ ਦਾ ਨਾਮ ਨਰਾਇਣ ਰਖਿਆ। ਜਿਵੇਂ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ-

ਪਤਿਤ ਅਜਾਮਲ ਪਾਪ ਕਰਿ ਜਾਇ ਕਲਾਵਤਨੀ ਦੇ ਰਹਿਆ।।

ਉਸਨੇ ਸੱਤਵੇਂ ਪੁੱਤਰ ਦਾ ਨਾਂ ਨਾਰਾਇਣ ਰੱਖ ਲਿਆ। ਦੁਖੀ ਹੋਣ ਲੱਗਾ।। ਉਹ ਪਾਪਾਂ ਤੇ ਦੁਖਾਂ ਦਾ ਇਕ ਪੁਤਲਾ ਬਣ ਗਿਆ। ਉਹ ਸਵੇਰੇ ਜੰਗਲ ਨੂੰ ਚਲਿਆ ਜਾਂਦਾ ਤੇ ਸ਼ਾਮ ਨੂੰ ਸ਼ਿਕਾਰ ਕਰਕੇ ਮੁੜ ਆਉਂਦਾ। ਕਲਾਵੰਤੀ ਵੀ ਹੁਣ ਇਕ ਭਾਰੀ ਗ੍ਰਹਿਸਤਣ ਸੀ। ਸੱਤਾਂ ਬੱਚਿਆਂ ਦੀ ਮਾਂ ਸੀ ਅਤੇ ਰੂਪ ਢਲ ਗਿਆ ਸੀ। ਉਹ ਦੁਖੀ ਹੋਣ ਲਗੀ। ਇਸਤਰੀ ਪੁਰਸ਼ ਦਾ ਇਹ ਸੁਭਆ ਹੈ, ਜਦੋਂ ਦੁਖ ਕਸ਼ਟ ਤਨ ਨੂੰ ਆਏ ਤਾਂ ਭਗਵਾਨ ਜਾਂ ਨੇਕੀ ਯਾਦ ਆਉਂਦੀ ਹੈ। ਕਲਾਵੰਤੀ ਨੂੰ ਪਛਤਾਵਾ ਲੱਗਾ ਕਿ ਉਸ ਨੇ ਇਕ ਉੱਚ ਬ੍ਰਾਹਮਣ ਦਾ ਜੀਵਨ ਨਸ਼ਟ ਕੀਤਾ ਤੇ ਆਪਣਾ ਵੀ। ਪਾਪਣ ਬਣੀ। ਜੇ ਰਾਜੇ ਪਾਸੋਂ ਖਿਮਾ ਮੰਗ ਲੈਂਦੀ ਤਾਂ ਐਨਾ ਕਸ਼ਟ ਨਾ ਪਾਉਂਦੀ। ਝੁਗੀ ਕੋਲੋਂ ਲੰਘਦੇ ਸਾਧੂ ਸੰਤਾਂ ਵਲ ਤੱਕਦੀ ਰਹਿੰਦੀ।

ਇਕ ਦਿਨ ਦੇਵਨੇਤ ਨਾਲ ਐਸਾ ਸਬਬ ਬਣਿਆ ਕਿ ਦੋ ਸਾਧੂ ਉਸਦੀ ਝੁੱਗੀ ਕੋਲ ਠਹਿਰ ਗਏ। ਉਹ ਮਹਾਂਪੁਰਖ ਸਿਆਣੇ ਸਨ। ਭਗਵਾਨ ਰੂਪ ਪਰ ਕਲਾਵੰਤੀ ਕੋਲ ਕੁਝ ਨਹੀਂ ਸੀ ਜੋ ਉਨ੍ਹਾਂ ਨੂੰ ਖਾਣ ਵਾਸਤੇ ਦਿੰਦੀ। ਉਹ ਵੈਸ਼ਨੋ ਸਾਧੂ ਸਨ।

.ਅਜਾਮਲ ਸ਼ਾਮ ਨੂੰ ਆਇਆ। ਉਹ ਚਿੜੀਆਂ ਤੇ ਬਟੇਰੇ ਕਬੂਤਰ ਆਦਿਕ ਮਾਰ ਕੇ ਲਿਆਇਆ ਤਾਂ ਕਲਾਵੰਤੀ ਨੇ ਉਸ ਦਿਨ ਬਣਾਉਣ ਨਾ ਦਿਤੇ। (ਬਾਕੀ ਸਫ਼ਾ 31 'ਤੇ)

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੋਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਸਿੱਖ ਪਰੰਪਰਾ 'ਚ ਬਾਜ



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ



ਬਾਜ ਇਕ ਸ਼ਿਕਾਰੀ ਪੰਛੀ ਹੈ ਜਿਸ ਨੂੰ ਜੁੱਰਾਹ ਦੀ ਮਦੀਨ ਮੰਨਿਆ ਜਾਂਦਾ ਹੈ। ਪੰਛੀਆਂ ਦੀ ਦੁਨੀਆਂ ਵਿਚ ਸ਼ਕਤੀ ਅਤੇ ਦਲੇਰੀ ਦਾ ਪ੍ਰਤੀਕ ਬਾਜ ਭਾਵੇਂ ਹੁਣ ਪੰਜਾਬ ਦੀ ਧਰਤੀ 'ਤੇ ਘੱਟ ਹੀ ਦਿਖਾਈ ਦਿੰਦਾ ਹੈ ਪਰ ਫਿਰ ਵੀ ਕਿਹਾ ਜਾਂਦਾ ਹੈ ਕਿ ਸਰਦੀਆਂ ਦੀ ਰੁੱਤ ਵਿਚ ਇਹ ਪੰਜਾਬ ਦੀ ਧਰਤੀ 'ਤੇ ਫੇਰਾ ਪਾ ਹੀ ਜਾਂਦਾ ਹੈ ਅਤੇ ਇਹ ਸਿਲਸਿਲਾ ਲੰਮੇ ਸਮੇਂ ਤੋਂ ਬਣਿਆ ਹੋਇਆ ਹੈ। ਵੱਧ ਰਹੇ ਵਾਤਾਵਰਣ ਪ੍ਰਦੂਸ਼ਣ ਕਾਰਨ ਵੀ ਪ੍ਰਵਾਸੀ ਪੰਛੀਆਂ ਦੀ ਪੰਜਾਬ ਵੱਲ ਪ੍ਰਵਾਜ਼ ਦਿਨੋ-ਦਿਨ ਘੱਟਦੀ ਜਾ ਰਹੀ ਹੈ ਅਤੇ ਇਸਦਾ ਅਸਰ ਬਾਜ ਦੀ ਪੰਜਾਬ ਫੇਰੀ 'ਤੇ ਪੈਣਾ ਵੀ ਸੁਭਾਵਿਕ ਹੈ।

ਪੰਜਾਬ ਦੇ ਲੋਕਾਂ ਦੀ ਮਾਨਸਿਕਤਾ ਵਿਚ ਵੱਸੇ ਹੋਏ ਇਸ ਪਰਿੰਦੇ ਨੂੰ ਪੰਜਾਬ ਸਰਕਾਰ ਨੇ 'ਰਾਜ-ਪੰਛੀ' ਦਾ ਰੁਤਬਾ ਪ੍ਰਦਾਨ ਕੀਤਾ ਹੋਇਆ ਹੈ। ਅੰਗਰੇਜ਼ ਸਰਕਾਰ ਦੇ ਰਾਜ ਵਿਚ ਪਹਿਲਾਂ 'ਚੱਕੀਰਾਹਾ' ਰਾਜ-ਪੰਛੀ ਸੀ ਜਿਹੜਾ ਕਿ ਕਿਸਾਨਾਂ ਦਾ ਦੋਸਤ ਸਮਝਿਆ ਜਾਂਦਾ ਸੀ। ਇਹ ਇਕ ਅਜਿਹਾ ਪੰਛੀ ਸੀ ਜਿਹੜਾ ਕਿ ਫ਼ਸਲ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜੇ-ਮਕੌੜੇ ਖਾ ਕੇ ਫ਼ਸਲ ਨੂੰ ਬਚਾਉਂਦਾ ਸੀ। 1933 ਵਿਚ ਅਣਵੰਡੇ ਪੰਜਾਬ ਦੀ ਸਰਕਾਰ ਨੇ ਚੱਕੀਰਾਹਾ ਦੀ ਜਗ੍ਹਾ ਬਾਜ ਨੂੰ ਰਾਜ-ਪੰਛੀ ਦਾ ਦਰਜਾ ਪ੍ਰਦਾਨ ਕਰ ਦਿੱਤਾ ਸੀ।

ਪੰਜਾਬ ਸੂਰਬੀਰਾਂ ਦੀ ਧਰਤੀ ਹੈ ਜਿੱਥੇ ਸੂਰਬੀਰਤਾ ਦੇ ਗੁਣ ਪ੍ਰਦਾਨ ਅਤੇ ਪ੍ਰਗਟ ਕਰਨ ਵਾਲੀ ਹਰ ਇਕ ਵਸਤੂ ਅਤੇ ਹਸਤੀ ਦਾ ਸਤਿਕਾਰ ਕੀਤਾ ਜਾਂਦਾ ਹੈ। ਇੱਥੋਂ ਦੀ ਪਰੰਪਰਾ ਵਿਚ ਉਹ ਪਸ਼ੂ, ਪੰਛੀ ਅਤੇ ਰੁੱਖ ਆਪਣੇ ਆਪ ਆ ਜਾਂਦੇ ਹਨ ਜਿਨ੍ਹਾਂ ਵਿਚੋਂ ਸੂਰਬੀਰਤਾ ਦੇ ਗੁਣ ਸਾਹਮਣੇ ਆਉਂਦੇ ਹਨ। ਇਸੇ ਦ੍ਰਿਸ਼ਟੀ ਤੋਂ ਪੰਜਾਬ ਦੇ ਸਾਹਿਤ ਅਤੇ ਪਰੰਪਰਾ ਵਿਚ ਬਾਜ ਦਾ ਜ਼ਿਕਰ ਦੇਖਣ ਨੂੰ ਮਿਲਦਾ ਹੈ ਜਿਵੇਂ 'ਭਲਾ ਬਟੇਰੇ ਨੂੰ ਬਾਜ ਕਦ ਜਾਣ ਦਿੰਦਾ ਹੈ', 'ਬਾਜ ਵਾਂਗ ਟੁੱਟ ਕੇ ਪੈ ਜਾਣਾ', ਬਾਜ ਵਾਂਗ ਝਪਟਣਾ, 'ਕਾਲ ਅਚਾਨਕ ਮਾਰਸੀ ਜਿਉਂ ਤਿਤ੍ਰ ਨੂੰ ਬਾਜ'।

ਬਾਜ ਦੇ ਗੁਣਾਂ ਕਰਕੇ ਇਸਨੂੰ ਉਕਾਬ, ਸ਼ਿਕਰਾ, ਸੀਚਾਨਾ, ਕੁਹੀ, ਚਰਗ, ਬਹਿਰੀ, ਬੇਸਰ, ਲਗੜ ਆਦਿ ਸ਼ਿਕਾਰੀ ਪੰਛੀਆਂ ਦਾ ਰਾਜਾ ਮੰਨਿਆ ਜਾਂਦਾ ਹੈ। ਗੁਲਾਬਚਸ਼ਮ ਜਾਤੀ ਨਾਲ ਸੰਬੰਧਿਤ ਇਸ ਪੰਛੀ ਦਾ ਜ਼ਿਕਰ ਕਰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ ਕਿ ਇਹ ਜੁੱਰਾਹ ਦਾ ਮਦੀਨ ਹੈ, ਇਸ ਦਾ ਕੱਦ ਜੁੱਰਹੇ ਨਾਲੋਂ ਵੱਡਾ ਹੁੰਦਾ ਹੈ, ਇਹ ਸਰਦ ਦੇਸਾਂ ਤੋਂ ਫੜਕੇ ਪੰਜਾਬ ਵਿਚ ਲਿਆਈਦਾ ਹੈ, ਇੱਥੇ ਆਂਡੇ ਨਹੀਂ ਦਿੰਦਾ, ਦਸ ਬਾਰਾਂ ਵਰੇ ਇਹ ਸ਼ਿਕਾਰ ਦਾ ਕੰਮ ਦਿੰਦਾ ਹੈ, ਗਰਮੀਆਂ ਵਿਚ ਇਸਨੂੰ ਠੰਡੇ ਥਾਂ ਕਰੀਚ ਬਿਠਾਉਂਦੇ ਹਨ, ਜਦ ਕਿ ਇਹ ਪੁਰਾਣੇ ਖੰਭ ਸੁੱਟ ਕੇ ਨਵੇਂ ਬਦਲਦਾ ਹੈ, ਇਹ ਤਿੱਤਰ ਮੁਰਗਾਬੀ ਅਤੇ ਸਹੇ ਦਾ ਚੰਗਾ ਸ਼ਿਕਾਰ ਕਰਦਾ ਹੈ। ਪੁਰਾਣੇ ਸਮੇਂ ਅਮੀਰ ਲੋਕ ਬਾਜ ਨੂੰ ਆਪਣੇ ਹੱਥ 'ਤੇ ਰੱਖਦੇ ਅਤੇ ਸ਼ਿਕਾਰ ਖੇਡਦੇ ਸਨ।



ਬਾਜ ਨੂੰ ਫੁਰਤੀ, ਦਲੇਰੀ, ਤੇਜ ਨਿਗਾਹ ਆਦਿ ਦਾ ਚਿੰਨ੍ਹ ਮੰਨਿਆ ਜਾਂਦਾ ਹੈ। ਅਸਮਾਨ 'ਤੇ ਉਡਦਾ ਹੋਇਆ ਵੀ ਇਹ ਜ਼ਮੀਨ 'ਤੇ ਆਪਣੇ ਸ਼ਿਕਾਰ ਨੂੰ ਦੇਖ ਲੈਂਦਾ ਹੈ ਅਤੇ ਫਿਰ ਇੰਨੀ ਫੁਰਤੀ ਨਾਲ ਉਸ 'ਤੇ ਹਮਲਾ ਕਰਦਾ ਹੈ ਕਿ ਉਸ ਨੂੰ ਭੱਜਣ ਦਾ ਮੌਕਾ ਨਹੀਂ ਦਿੰਦਾ। ਸ਼ਿਕਾਰ ਹੋਣ ਵਾਲੇ ਨੂੰ ਇਹ ਪਤਾ ਹੀ ਨਹੀਂ ਲੱਗਦਾ ਕਿ ਉਸ ਨਾਲ ਕੀ ਹੋਇਆ ਹੈ। ਬਾਬਾ ਫਰੀਦ ਜੀ ਰੱਬ ਵੱਲੋਂ ਭੇਜੇ ਗਏ ਮੌਤ ਦੇ ਫਰਿਸ਼ਤੇ ਨਾਲ ਇਸ ਪੰਛੀ ਦੀ ਤੁਲਨਾ ਕਰਦੇ ਹੋਏ ਕਹਿੰਦੇ ਹਨ:

ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥
ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥ ਗੁਰੂ ਗ੍ਰੰਥ ਸਾਹਿਬ, 1383

ਬਾਜ ਬਾਦਸ਼ਾਹਾਂ ਅਤੇ ਅਮੀਰਾਂ ਦਾ ਮਨਪਸੰਦ ਪੰਛੀ ਮੰਨਿਆ ਜਾਂਦਾ ਹੈ। ਇਹ ਸ਼ੌਕ ਨਾਲ ਬਾਜ ਨੂੰ ਪਾਲਦੇ ਹਨ ਅਤੇ ਪੁਰਾਤਨ ਸਮੇਂ ਵਿਚ ਜਦੋਂ ਇਹ ਸ਼ਿਕਾਰ ਕਰਨ ਲਈ ਜਾਂਦੇ ਸਨ ਤਾਂ ਇਸ ਨੂੰ ਵੀ ਆਪਣੇ ਨਾਲ ਲੈ ਜਾਂਦੇ ਸਨ। ਇਹ ਮੰਨਿਆ ਜਾਂਦਾ ਹੈ ਕਿ ਭਾਵੇਂ ਬਾਜ ਮਾਸਾਹਾਰੀ ਜੀਵ ਹੈ ਪਰ ਇਹ ਮਰਿਆ ਹੋਇਆ ਜੀਵ ਨਹੀਂ ਖਾਂਦਾ ਅਤੇ ਆਪਣੇ ਭੋਜਨ ਲਈ ਇਹ ਖੁਦ ਸ਼ਿਕਾਰ ਕਰਦਾ ਹੈ। ਮੁਗ਼ਲ ਬਾਦਸ਼ਾਹਾਂ ਦੀ ਸ਼ਾਨ ਸਮਝਿਆ ਜਾਣ ਵਾਲਾ ਇਹ ਪੰਛੀ ਗੁਰੂ ਸਾਹਿਬਾਨ ਦੇ ਦਰਬਾਰ ਦਾ ਹਿੱਸਾ ਵੀ ਬਣ ਗਿਆ ਸੀ।

ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਜਦੋਂ ਕ੍ਰਿਪਾਨ, ਕਲਗੀ, ਘੋੜਾ, ਨਿਸ਼ਾਨ ਆਦਿ ਸ਼ਾਹੀ ਚਿੰਨ੍ਹ ਧਾਰਨ ਕਰਕੇ ਆਮ ਲੋਕਾਂ ਨੂੰ ਉੱਚਾ ਚੁੱਕਣ ਦਾ ਕਾਰਜ ਅਰੰਭ ਕੀਤਾ ਤਾਂ ਬਾਜ ਵੀ ਉਨ੍ਹਾਂ ਵਿਚ ਸ਼ਾਮਲ ਹੋ ਗਿਆ ਸੀ। ਅੰਮ੍ਰਿਤਸਰ ਵਿਖੇ ਸ਼ਾਹੀ ਫ਼ੌਜਾਂ ਨਾਲ ਗੁਰੂ ਜੀ ਦੇ ਪਹਿਲੇ ਯੁੱਧ ਦਾ ਕਾਰਨ ਵੀ ਸ਼ਾਹੀ ਬਾਜ ਹੀ ਬਣਿਆ ਸੀ। ਸਿੱਖ ਗੁਰੂ ਜੀ ਨੂੰ ਸੱਚਾ ਪਾਤਸ਼ਾਹ ਕਹਿੰਦੇ ਸਨ ਅਤੇ ਉਨ੍ਹਾਂ ਨੂੰ ਸ਼ਾਹੀ ਸਨਮਾਨ ਵਾਲੀਆਂ ਵਸਤਾਂ ਭੇਟ ਕਰਦੇ ਸਨ, ਬਾਜ ਵੀ ਉਨ੍ਹਾਂ ਵਿਚ ਸ਼ਾਮਲ ਸੀ। ਇਕ ਘਟਨਾ ਦਾ ਜ਼ਿਕਰ ਅਕਸਰ ਕੀਤਾ ਜਾਂਦਾ ਹੈ ਕਿ ਜਦੋਂ ਗੁਰੂ ਜੀ ਕਰਤਾਰਪੁਰ ਵਿਖੇ ਮੌਜੂਦ ਸਨ ਤਾਂ ਕੰਧਾਰ ਤੋਂ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਇਕ ਸੁਦਾਗਰ ਕਾਬਲੀ ਮੱਲ ਆਇਆ ਤਾਂ ਇਸ ਨੇ ਉਨ੍ਹਾਂ ਨੂੰ ਜਿਹੜੀਆਂ ਵਸਤਾਂ ਭੇਟ ਕੀਤੀਆਂ ਉਨ੍ਹਾਂ ਵਿਚ ਸ਼ਸਤਰ, ਬਸਤਰ, ਕਲਗੀ ਅਤੇ ਬਿਦਖ਼ਸ਼ਾਂ ਦਾ ਇਕ ਚਿੱਟਾ ਬਾਜ ਵੀ ਸ਼ਾਮਲ ਸੀ।

ਗੁਰੂ ਹਰਿਗੋਬਿੰਦ ਸਾਹਿਬ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਬਾਜ ਵਿਸ਼ੇਸ਼ ਰੂਪ ਵਿਚ ਸਾਹਮਣੇ ਆਉਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਇਸ ਪੰਛੀ ਨਾਲ ਵਿਸ਼ੇਸ਼ ਪ੍ਰੇਮ ਸੀ ਇਸ ਕਰਕੇ ਇਨ੍ਹਾਂ ਨੂੰ ਸਤਿਕਾਰ ਸਹਿਤ 'ਬਾਜਾਂਵਾਲਾ' ਕਹਿ ਕੇ ਵੀ ਸੰਬੋਧਿਤ ਕੀਤਾ ਜਾਂਦਾ ਹੈ। ਸਿੱਖ ਪਰੰਪਰਾ ਵਿਚ ਗੁਰੂ ਜੀ ਦੇ ਚਿੱਟੇ ਬਾਜ ਦਾ ਜ਼ਿਕਰ ਮਿਲਦਾ ਹੈ। ਚਿੱਟਾ ਰੰਗ ਸ਼ਾਂਤੀ, ਸੁਲ੍ਹਾ ਅਤੇ ਨਿਰਮਲਤਾ ਦਾ ਪ੍ਰਤੀਕ ਹੈ ਪਰ ਜਦੋਂ ਇਸ ਰੰਗ ਵਾਲਾ ਬਾਜ ਗੁਰੂ ਸਾਹਿਬ ਦੀ ਛੋਹ ਪ੍ਰਾਪਤ ਕਰਦਾ ਹੈ ਤਾਂ ਸੂਰਬੀਰਤਾ ਅਤੇ ਫੁਰਤੀ ਦੇ ਨਾਲ-ਨਾਲ ਸਵੈਮਾਨ ਦੇ ਚਿੰਨ੍ਹ ਵਜੋਂ ਪ੍ਰਗਟ ਹੁੰਦਾ ਹੈ। ਗੁਰੂ ਜੀ ਦੇ ਚਿੱਟੇ ਬਾਜ ਦਾ ਜ਼ਿਕਰ ਕਵੀਆਂ ਦੀਆਂ ਰਚਨਾਵਾਂ ਵਿਚ ਅਕਸਰ ਦੇਖਣ ਨੂੰ ਮਿਲਦਾ ਹੈ :

ਹੁੰਦੇ ਕਿਵੇਂ ਚਿੜੇ ਬਾਜ, ਗਿੱਦੜ ਬਬਰ ਸ਼ੇਰ,
ਚਿੱਟੇ ਬਾਜਾਂਵਾਲਾ ਜੇ ਨਾ ਜਗ ਵਿਚ ਆਉਂਦਾ।

ਗੁਰੂ ਗੋਬਿੰਦ ਸਿੰਘ ਜੀ ਸ਼ਿਕਾਰ ਖੇਡਣ ਸਮੇਂ ਬਾਜ ਨੂੰ ਆਪਣੇ ਨਾਲ ਲੈ ਕੇ ਜਾਇਆ ਕਰਦੇ ਸਨ ਅਤੇ ਜਦੋਂ ਉਹ ਸ਼ਸਤਰ ਧਾਰਨ ਕਰਕੇ ਘੋੜੇ 'ਤੇ ਸਵਾਰ ਹੋ ਕੇ ਚਾਲੇ ਪਾਉਂਦੇ ਤਾਂ ਬਾਜ ਉਨ੍ਹਾਂ ਦੀ ਸ਼ੋਭਾ ਅਤੇ ਸ਼ਾਨ ਵਿਚ ਵਾਧਾ ਕਰਦਾ ਸੀ ਜਿਸ ਦਾ ਪ੍ਰਗਟਾਵਾ ਕਰਦੇ ਹੋਏ ਗਿਆਨੀ ਗਿਆਨ ਸਿੰਘ ਦੱਸਦੇ ਹਨ :

ਕਰ ਪਰ ਬਾਜ ਧਾਰਿ ਹੋਇ ਬਾਜ ਪੈ ਸਵਾਰ,
ਨਿਤ ਹੀ ਸ਼ਿਕਾਰ ਗੁਰੁ ਇਮ ਹੀ ਕਰਾਹਿ ਹੈਂ।

ਬਾਜ ਆਪਣੀ ਫੁਰਤੀ ਅਤੇ ਸ਼ਿਕਾਰੀ ਸੁਭਾਅ ਕਾਰਨ ਪ੍ਰਸਿੱਧ ਹੈ। ਇਹ ਆਪਣਾ ਸੁਭਾਅ ਨਹੀਂ ਬਦਲਦਾ ਅਤੇ ਜਦੋਂ ਬਾਦਸ਼ਾਹ ਇਸਦੀ ਵਰਤੋਂ ਆਪਣੀ ਸ਼ਕਤੀ ਦੇ ਪ੍ਰਤੀਕ ਵਜੋਂ ਕਰਦਾ ਹੈ ਤਾਂ ਇਸ ਦਾ ਇਹ ਭਾਵ ਲਿਆ ਜਾਂਦਾ ਹੈ ਕਿ ਇਸ ਦੇ ਸਾਹਮਣੇ ਸਮੁੱਚੀ ਪਰਜਾ ਚਿੜੀਆਂ-ਬਟੇਰਿਆਂ ਵਾਂਗ ਹੈ ਜਿਹੜੀ ਕਿ ਬਾਦਸ਼ਾਹ ਦਾ ਮੁਕਾਬਲਾ ਕਰਨ ਦੇ ਅਸਮਰੱਥ ਹੈ। ਦਰਬਾਰੀ ਸ਼ਕਤੀ ਪਰਜਾ 'ਤੇ ਕੋਈ ਵੀ ਜ਼ੁਲਮ ਕਰੇ ਉਸ ਨੂੰ ਸਹਿਣ ਕਰਨ ਵਿਚ ਹੀ ਭਲਾਈ ਦੱਸੀ ਜਾਂਦੀ ਰਹੀ ਹੈ।

ਬਾਦਸ਼ਾਹ ਦੀ ਸ਼ਕਤੀ ਦੇ ਅਜਿਹੇ ਸੰਦੇਸ਼ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਬਦਲਣ ਦਾ ਸਫ਼ਲ ਯਤਨ ਕੀਤਾ। ਗੁਰੂ ਜੀ ਚਿੜੀਆਂ-ਬਟੇਰੇ ਸਮਝੀ ਜਾਣ ਵਾਲੀ ਲੋਕਾਈ ਨੂੰ ਅਜਿਹੀ ਸ਼ਕਤੀ ਪ੍ਰਦਾਨ ਕਰਦੇ ਹਨ ਕਿ ਉਹ ਜ਼ੁਲਮੀ ਬਾਜ ਦਾ ਨਾਸ਼ ਕਰਨ ਦੇ ਸਮਰੱਥ ਹੋ ਜਾਂਦੀ ਹੈ। ਆਮ ਲੋਕਾਂ ਨੂੰ ਜ਼ੁਲਮ ਦੇ ਵਿਰੁੱਧ ਸੁਚੇਤ ਕਰਨ ਅਤੇ ਬਲ ਪੈਦਾ ਕਰਨ ਲਈ ਵੀ ਗੁਰੂ ਜੀ ਨੇ ਬਾਜ ਨੂੰ ਪ੍ਰਤੀਕ ਦੇ ਰੂਪ ਵਿਚ ਵਰਤਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬਾਜ ਸਿੱਖਾਂ ਦੀ ਖਿੱਚ ਦਾ ਕੇਂਦਰ ਬਣਿਆ ਰਿਹਾ। ਕਿਹਾ ਜਾਂਦਾ ਹੈ ਕਿ 1805 ਵਿਚ ਇੰਦੌਰ ਦਾ ਮਰਾਠਾ ਸਰਦਾਰ ਜਸਵੰਤ ਰਾਉ ਹੋਲਕਰ ਮਹਾਰਾਜਾ ਰਣਜੀਤ ਸਿੰਘ ਤੋਂ ਸਹਾਇਤਾ ਲੈਣ ਲਈ ਪੰਜਾਬ ਆਇਆ ਤਾਂ ਲਾਰਡ ਲੇਕ ਇਸਦਾ ਪਿੱਛਾ ਕਰ ਰਿਹਾ ਸੀ। ਇਸ ਸਮੇਂ ਹੋਈ ਸੰਧੀ ਵਿਚ ਮਹਾਰਜਾ ਰਣਜੀਤ ਸਿੰਘ ਵੱਲੋਂ ਸਰਦਾਰ ਫ਼ਤਹਿ ਸਿੰਘ ਆਹਲੂਵਾਲੀਆ ਨੇ ਦਸਤਖ਼ਤ ਕੀਤੇ ਸਨ ਅਤੇ ਜਦੋਂ ਲਾਰਡ ਲੇਕ ਵਾਪਸ ਜਾਣ ਲੱਗਿਆ ਤਾਂ ਖ਼ੁਸ਼ੀ ਵਿਚ ਉਸਨੇ ਆਹਲੂਵਾਲੀਆ ਸਰਦਾਰ ਨੂੰ ਇਕ ਚਿਤਰਾ ਨਜ਼ਰ ਕੀਤਾ ਸੀ ਅਤੇ ਆਹਲੂਵਾਲੀਆ ਸਰਦਾਰ ਨੇ ਵਾਪਸੀ ਤੋਹਫ਼ੇ ਵਜੋਂ ਉਸਨੂੰ ਇਕ ਬਾਜ ਭੇਟ ਕੀਤਾ ਸੀ ਜਿਹੜਾ ਕਿ ਇਸ ਗੱਲ ਦਾ ਪ੍ਰਤੀਕ ਸੀ ਕਿ ਖ਼ਾਲਸਾ ਆਪਣੇ ਰਾਜ ਦੀ ਸੁਰੱਖਿਆ ਲਈ ਸੁਚੇਤ ਹੈ।

ਬਾਜ ਨੂੰ ਸਿੱਖ ਗੁਰੂ ਗੋਬਿੰਦ ਸਿੰਘ ਜੀ ਦੇ ਸੰਦੇਸ਼ ਦੇ ਰੂਪ ਵਿਚ ਦੇਖਦੇ ਹਨ। ਇਸਦੀ ਇਕ ਮਿਸਾਲ ਗੁਰਦੁਆਰਾ ਗੁਰੂ ਕਾ ਬਾਗ਼ ਦਾ ਮੋਰਚਾ ਦੇਖਣ ਗਏ ਅੰਗਰੇਜ਼ ਪਾਦਰੀ ਸੀ.ਐਫ਼ ਐਂਡਰਿਊਜ਼ ਨੇ ਪ੍ਰੈਸ ਨੂੰ ਭੇਜੇ ਆਪਣੇ ਇਕ ਬਿਆਨ ਵਿਚ ਵੀ ਕੀਤੀ ਹੈ। ਉਹ ਦੱਸਦਾ ਹੈ ਕਿ ਜਦੋਂ ਉਹ ਅੰਮ੍ਰਿਤਸਰ ਤੋਂ ਟਾਂਗੇ ਵਿਚ ਬੈਠ ਕੇ ਗੁਰਦੁਆਰਾ ਗੁਰੂ ਕਾ ਬਾਗ਼ ਵੱਲ ਜਾ ਰਿਹਾ ਸੀ ਤਾਂ ਰਾਹ ਵਿਚ ਦੋ ਸਿੱਖ ਨੌਜਵਾਨ ਅਸਮਾਨ ਵਿਚ ਉਡਦੇ ਇਕ ਪੰਛੀ ਵੱਲ ਦੇਖ ਰਹੇ ਸਨ। ਟਾਂਗੇ ਵਿਚੋਂ ਉੱਤਰ ਕੇ ਸਾਰੇ ਮੁਸਾਫ਼ਰ ਉਸ ਵੱਲ ਦੇਖਣ ਲੱਗੇ। ਦੱਸਿਆ ਗਿਆ ਕਿ ਇਹ ਸੁਨਹਿਰੀ ਬਾਜ ਹੈ ਅਤੇ ਜਦੋਂ ਪੁਲਿਸ ਵੱਲੋਂ ਜਥੇ ਦੀ ਮਾਰ-ਕੁਟਾਈ ਅਰੰਭ ਹੁੰਦੀ ਹੈ ਤਾਂ ਇਹ ਇੱਥੋਂ ਉੱਡ ਕੇ ਰੋਜ਼ਾਨਾ ਦਰਬਾਰ ਸਾਹਿਬ ਚਲਾ ਜਾਂਦਾ ਹੈ। ਦੇਖਣ ਵਾਲਿਆਂ ਦੇ ਚਿਹਰੇ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਅਕਾਲੀਆਂ ਦੀ ਧਾਰਮਿਕ ਦ੍ਰਿੜ੍ਹਤਾ ਦੇ ਪ੍ਰਤੀਕ ਨੂੰ ਬਿਆਨ ਕਰਦਾ ਸੀ।



ਇਸੇ ਤਰ੍ਹਾਂ ਜੂਨ 1984 ਦੇ ਸਾਕਾ ਨੀਲਾ ਤਾਰਾ ਸਮੇਂ ਜਦੋਂ ਪੰਜਾਬ ਦੇ ਬਹੁਤ ਸਾਰੇ ਗੁਰਧਾਮਾਂ 'ਤੇ ਹਮਲਾ ਹੋਇਆ ਤਾਂ ਕੁੱਝ ਗੁਰਧਾਮਾਂ ਵਿਖੇ ਸੰਗਤ ਨੇ ਬਾਜ ਦੇ ਦਰਸ਼ਨ ਕੀਤੇ ਸਨ, ਪਟਿਆਲੇ ਦਾ ਗੁਰਦੁਆਰਾ ਦੂਖ ਨਿਵਾਰਣ ਸਾਹਿਬ ਵੀ ਉਸ ਵਿਚ ਸ਼ਾਮਲ ਸੀ। ਜਦੋਂ ਇਹ ਖ਼ਬਰ ਫੈਲੀ ਕਿ ਗੁਰਦੁਆਰਾ ਸਾਹਿਬ ਵਿਖੇ ਬਾਜ ਆਇਆ ਹੈ ਤਾਂ ਦੂਰੋਂ-ਨੇੜਿਉਂ ਸੰਗਤ ਉਸ ਦੇ ਦਰਸ਼ਨ ਕਰਨ ਲਈ ਆਉਣ ਲੱਗੀ ਸੀ। ਸੰਗਤ ਬਾਜ ਦੇ ਦਰਸ਼ਨ ਕਰ ਰਹੀ ਸੀ ਅਤੇ ਉਸ ਨੂੰ ਗੁਰੂ ਜੀ ਦੁਆਰਾ ਸੰਕਟ ਸਮੇਂ ਚੜ੍ਹਦੀ ਕਲਾ ਵਿਚ ਰਹਿਣ ਦੇ ਸੰਦੇਸ਼ ਦੇ ਰੂਪ ਵਿਚ ਦੇਖ ਰਹੀ ਸੀ।

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲੇ ਦਾ ਸਿੱਖਾਂ ਦੇ ਮਨ ਵਿਚ ਬਹੁਤ ਰੋਸ ਸੀ ਅਤੇ ਉਹ ਦੇਸ਼ ਦੀ ਪ੍ਰਧਾਨ ਮੰਤਰੀ ਨਾਲ ਸਖ਼ਤ ਨਰਾਜ਼ ਸਨ। ਪ੍ਰਧਾਨ ਮੰਤਰੀ ਦੇ ਦੋ ਅੰਗ ਰੱਖਿਅਕਾਂ ਨੇ ਉਸ ਦਾ ਕਤਲ ਕਰ ਦਿੱਤਾ ਜਿਸ ਦੇ ਸਿੱਟੇ ਵਜੋਂ ਫੜੇ ਗਏ ਦੋਸ਼ੀਆਂ ਵਿਚ ਸ. ਬਲਬੀਰ ਸਿੰਘ ਵੀ ਸ਼ਾਮਲ ਸੀ। ਪ੍ਰਧਾਨ ਮੰਤਰੀ ਨੂੰ ਕਤਲ ਕਰਨ ਦੇ ਪ੍ਰੇਰਕ ਵਜੋਂ ਬਲਬੀਰ ਸਿੰਘ ਦੇ ਬਿਆਨ 'ਤੇ ਆਧਾਰਿਤ 3 ਅਗਸਤ 1988 ਨੂੰ ਜਿਹੜਾ ਫ਼ੈਸਲਾ ਆਇਆ ਉਸ ਵਿਚ ਲਿਖਆ ਗਿਆ ਕਿ ਸਾਕਾ ਨੀਲਾ ਤਾਰਾ ਦੇ ਦੋਸ਼ੀ ਬਲਬੀਰ ਸਿੰਘ ਨੇ ਪ੍ਰਧਾਨ ਮੰਤਰੀ ਨੂੰ ਮਾਰਨ ਦੀ ਯੋਜਨਾ ਬਣਾਈ ਸੀ ਅਤੇ ਉਸਨੇ ਇਸ ਸੰਬੰਧੀ ਬੇਅੰਤ ਸਿੰਘ ਅਤੇ ਸਤਵੰਤ ਸਿੰਘ ਨੂੰ ਭੜਕਾਇਆ ਸੀ। ਸਤੰਬਰ 1984 ਦੇ ਪਹਿਲੇ ਹਫ਼ਤੇ ਜਦੋਂ ਇਕ ਬਾਜ ਪ੍ਰਧਾਨ ਮੰਤਰੀ ਨਿਵਾਸ ਨੇੜੇ ਇਕ ਰੁੱਖ 'ਤੇ ਆ ਕੇ ਬੈਠਿਆ ਤਾਂ ਬਲਬੀਰ ਸਿੰਘ ਦੀ ਉਸ 'ਤੇ ਨਜ਼ਰ ਪਈ ਤਾਂ ਉਸ ਨੇ ਬੇਅੰਤ ਸਿੰਘ ਨੂੰ ਵੀ ਇਹ ਦ੍ਰਿਸ਼ ਦੇਖਣ ਲਈ ਬੁਲਾਇਆ। ਦੋਵੇਂ ਇਸ ਗੱਲ 'ਤੇ ਸਹਿਮਤ ਹੋ ਗਏ ਕਿ ਇਹ ਬਾਜ ਦਸਮੇਸ਼ ਪਿਤਾ ਦਾ ਇਹ ਸੁਨੇਹਾ ਲੈ ਕੇ ਆਇਆ ਹੈ ਕਿ ਸਾਕਾ ਨੀਲਾ ਤਾਰਾ ਦਾ ਬਦਲਾ ਲਿਆ ਜਾਵੇ। ਦੋਵਾਂ ਨੇ ਉਥੇ ਹੀ ਅਰਦਾਸ ਕਰ ਦਿੱਤੀ ਸੀ।

ਮੌਜੂਦਾ ਸਮੇਂ ਵਿਚ ਪੰਜਾਬ ਵਿਚ ਬਾਜ ਬਹੁਤ ਘੱਟ ਦੇਖਣ ਨੂੰ ਮਿਲਦੇ ਹਨ ਪਰ ਨਵੰਬਰ 2022 ਵਿਚ ਜਦੋਂ ਕਿਸਾਨਾਂ ਨੇ ਦਿੱਲੀ ਦੀਆਂ ਹੱਦਾਂ 'ਤੇ ਮੋਰਚਾ ਲਾਇਆ ਤਾਂ ਦਿੱਲੀ ਪੁਲਿਸ ਨੇ ਉਨ੍ਹਾਂ ਦਾ ਰਾਹ ਰੋਕਣ ਲਈ ਸਖ਼ਤ ਰੁਕਾਵਟਾਂ ਖੜੀਆਂ ਕੀਤੀਆਂ ਸਨ। ਕਿਸਾਨਾਂ ਦੇ ਮੁੱਖ ਪੰਡਾਲ ਅਤੇ ਸਰਕਾਰੀ ਰੋਕਾਂ ਦੇ ਵਿਚਕਾਰ ਨਿਹੰਗ ਸਿੰਘਾਂ ਨੇ ਆਪਣੀ ਛਾਉਣੀ ਲਗਾ ਲਈ ਸੀ। ਉਨ੍ਹਾਂ ਕੋਲ ਘੋੜੇ, ਬਾਜ ਅਤੇ ਸ਼ਸਤਰ ਮੌਜੂਦ ਸਨ। ਬਾਜ ਇਕ ਤੰਬੂ ਦੇ ਉਤਲੇ ਪਾਸੇ ਬੈਠਾ ਰਹਿੰਦਾ ਸੀ ਜਿਸ ਨੂੰ ਦੇਖਣ ਅਤੇ ਤਸਵੀਰਾਂ ਖਿਚਾਵਉਣ ਵਾਲਿਆਂ ਦੀ ਭੀੜ ਹਮੇਸ਼ਾਂ ਬਣੀ ਰਹਿੰਦੀ ਸੀ। ਨਿਹੰਗ ਸਿੰਘ ਦਸਮੇਸ਼ ਪਿਤਾ ਦੇ ਇਸ ਪ੍ਰਤੀਕ ਬਾਰੇ ਸੰਗਤ ਨੂੰ ਜਾਣਕਾਰੀ ਪ੍ਰਦਾਨ ਕਰਦੇ ਸਨ।

ਬਾਜ ਸਿੱਖ ਮਾਨਸਿਕਤਾ ਵਿਚ ਪ੍ਰਵੇਸ਼ ਕਰ ਗਿਆ ਹੈ ਅਤੇ ਉਹ ਇਸ ਦੀ ਦਲੇਰੀ, ਦ੍ਰਿੜ੍ਹਤਾ ਅਤੇ ਸੁਤੰਤਰਤਾ ਦੇ ਗੁਣਾਂ ਤੋਂ ਬਹੁਤ ਪ੍ਰਭਾਵਿਤ ਹਨ। ਸਿੱਖਾਂ ਵੱਲੋਂ ਸ਼ਸਤਰਾਂ 'ਤੇ ਸ਼ੇਰ ਜਾਂ ਬਾਜ ਦਾ ਚਿੰਨ੍ਹ ਬਣਵਾਇਆ ਜਾਂਦਾ ਹੈ ਜਿਹੜਾ ਕਿ ਗੌਰਵਤਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਗੁਰਦੁਆਰਿਆਂ ਵਿਖੇ ਬਾਜ ਦੇ ਚਿੱਤਰਾਂ ਜਾਂ ਚਿੰਨ੍ਹਾਂ ਦੇ ਦਰਸ਼ਨ ਚੜ੍ਹਦੀ ਕਲਾ ਵਿਚ ਰਹਿ ਕੇ ਜ਼ੁਲਮ ਖ਼ਿਲਾਫ਼ ਜੂਝਦੇ ਰਹਿਣ ਦੀ ਪ੍ਰੇਰਨਾ ਪੈਦਾ ਕਰਦੇ ਹਨ।

# ਪੰਜਾਬ ਨੂੰ ਸਹਿਕਾਰੀ ਅਤੇ ਔਰਗੈਨਿਕ ਖੇਤੀ ਮਾਡਲ ਅਪਣਾਉਣ ਦੀ ਲੋੜ



ਕੰਵਲਪ੍ਰੀਤ ਸਿੰਘ ਪੰਨੂ

ਪੰਜਾਬ ਵਿਚ ਖੇਤੀ ਦਾ ਸਫ਼ਰ ਸਹਿਕਾਰੀ ਅਤੇ ਕੁਦਰਤੀ (ਔਰਗੈਨਿਕ) ਖੇਤੀ ਤੋਂ ਸ਼ੁਰੂ ਹੋਇਆ ਸੀ। ਅੱਜ ਫਿਰ ਸਹਿਕਾਰੀ ਅਤੇ ਕੁਦਰਤੀ ਖੇਤੀ ਵੱਲ ਮੁੜਨ ਦੀ ਡਾਢੀ ਲੋੜ ਜਾਪਦੀ ਹੈ। ਮਨੁੱਖਤਾ ਦੇ ਭਲੇ ਲਈ ਲੋਕਾਂ ਨੂੰ ਸ਼ੁੱਧ ਅਤੇ ਸਾਫ਼-ਸੁਥਰੀ ਖਾਧ ਖ਼ੁਰਾਕ ਦੇਣ ਲਈ ਕਿਸਾਨਾਂ ਨੂੰ ਸਾਂਝੀਵਾਲਤਾ ਵਾਲਾ ਖੇਤੀ ਢਾਂਚਾ ਉਸਾਰਨਾ ਪਵੇਗਾ। ਹਵਾ, ਪਾਣੀ, ਜ਼ਮੀਨ ਦੀ ਸਿਹਤ ਠੀਕ ਕਰਨ ਲਈ ਰਸਾਇਣਿਕ ਖਾਦਾਂ। ਦਵਾਈਆਂ ਦਾ ਖਹਿੜਾ ਛੱਡਣਾ ਪਵੇਗਾ। ਪੰਜਾਬ ਵਿਚ ਪਿੰਡਾਂ 'ਚ ਕਈ ਪੀੜ੍ਹੀਆਂ ਤਕ ਪਰਿਵਾਰ ਸਾਂਝੇ ਰੂਪ ਵਿਚ ਵਿਚਰਦੇ ਸਨ। ਪਰਿਵਾਰ ਦਾ ਮੁਖੀ ਖੇਤੀ ਅਤੇ ਪਰਿਵਾਰ ਚਲਾਉਣ ਲਈ ਪਰਿਵਾਰ ਦੇ ਹਰ ਮੈਂਬਰ ਦੀ ਯੋਗਤਾ ਵੇਖ ਕੇ ਉਸ ਨੂੰ ਕੰਮ ਦਿੰਦਾ ਸੀ। ਬਲਦਾਂ ਦੀ ਜੋਗ ਨਾਲ ਹਲ਼ ਵਾਹੁਣ ਵਾਲੇ ਦੀ ਜ਼ਿੰਮੇਵਾਰੀ ਸਿਰਫ਼ ਹਲ਼ ਵਾਹੁਣਾ ਹੀ ਹੁੰਦੀ ਸੀ। ਉਸ ਉੱਪਰ ਹੋਰ ਕਿਸੇ ਕੰਮ ਦਾ ਭਾਰ ਨਹੀਂ ਹੁੰਦਾ ਸੀ। ਇਸੇ ਤਰ੍ਹਾਂ ਪਿੰਡਾਂ ਵਿਚ ਕੁਝ ਜ਼ਮੀਨ ਪਸ਼ੂਆਂ ਦੀ ਖ਼ੁਰਾਕ ਲਈ ਚਰਾਂਦਾਂ ਦੇ ਰੂਪ ਵਿਚ ਛੱਡੀ ਹੁੰਦੀ ਸੀ। ਜਿਸ ਵਿਚ ਸਾਰੇ ਪਿੰਡ ਦੇ ਪਸ਼ੂ ਚਰਦੇ ਸਨ। ਪਰਿਵਾਰ ਵਿਚੋਂ ਇਕ ਜੀਅ ਦੀ ਜ਼ਿੰਮੇਵਾਰੀ ਪਸ਼ੂ ਚਾਰਨ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨ ਦੀ ਹੁੰਦੀ ਸੀ। ਇਸੇ ਤਰ੍ਹਾਂ ਸੂਏ ਦਾ ਪਾਣੀ ਲਾਉਣਾ, ਖਾਲ ਦੀ ਖਲਾਈ ਕਰਨੀ, ਮੱਕੀ ਦੀ ਗੋਡੀ ਕਰਨੀ, ਕਪਾਹ ਚੁਗਣੀ, ਮਿਰਚਾਂ ਚੁਗਣੀਆਂ, ਮੱਝਾਂ ਦੀਆਂ ਧਾਰਾਂ ਕੱਢਣੀਆਂ, ਕਪਾਹ ਦਾ ਸੂਤ ਕੱਤਣਾ, ਮੰਜੇ ਬੁਣਨ ਲਈ ਸਣ ਤਿਆਰ ਕਰਨਾ ਆਦਿ ਕੰਮ ਹੁੰਦੇ ਸਨ। ਘਰ ਦਾ ਬਜ਼ੁਰਗ ਬੈਠਾ ਸਣ ਕੱਢਦਾ ਅਤੇ ਉਸ ਤੋਂ ਵਾਣ ਤਿਆਰ ਕਰਦਾ। ਪਰਿਵਾਰ ਵਿਚੋਂ ਇਕ ਜੀਅ ਦੀ ਜ਼ਿੰਮੇਵਾਰੀ ਬਾਹਰ-ਅੰਦਰ ਦੇ ਕੰਮਾਂ ਦੀ ਹੁੰਦੀ, ਉਹ ਰਿਸ਼ਤੇਦਾਰੀ ਵਿਚ ਖ਼ੁਸ਼ੀ-ਗ਼ਮੀ ਦੇ ਸਮਾਗਮਾਂ ਵਿਚ ਸ਼ਰੀਕ ਹੁੰਦਾ। ਕਿਸਾਨਾਂ ਸਮੇਤ ਪੂਰਾ ਸਮਾਜ ਸ਼ੁੱਧ ਪੌਸ਼ਟਿਕ ਖਾਧ ਖ਼ੁਰਾਕ ਦਾ ਆਨੰਦ ਮਾਣਦਾ ਸੀ। ਲੋਕਾਂ ਨੂੰ ਚੈਨ ਦਾ ਸਾਹ ਆਉਂਦਾ ਸੀ। ਰਾਤ ਨੂੰ ਨੀਂਦ ਲੈਣ ਲਈ ਗੋਲੀਆਂ ਦਾ ਆਸਰਾ ਨਹੀਂ ਸੀ ਲੈਣਾ ਪੈਂਦਾ। ਉਸ ਵੇਲੇ



ਦਾ ਪੰਜਾਬ ਘੱਟੋ-ਘੱਟ ਨਸ਼ੇ ਪ੍ਰਦੂਸ਼ਣ ਤੋਂ ਮੁਕਤ ਸੀ। ਹਵਾ, ਪਾਣੀ ਤੇ ਜ਼ਮੀਨ ਸ਼ੁੱਧ ਸੀ। ਪਿੰਡਾਂ ਵਿਚ ਭਾਈਚਾਰਕ ਸਾਂਝ ਸਿਖਰਾਂ 'ਤੇ ਸੀ। ਹਰ ਪਰਿਵਾਰ ਦੇ ਦੁੱਖ-ਸੁੱਖ ਵਿਚ ਸਾਰਾ ਪਿੰਡ ਸ਼ਾਮਿਲ ਹੁੰਦਾ ਸੀ। ਹਰ ਘਰ ਦੀ ਧੀ-ਭੈਣ ਸਾਰੇ ਪਿੰਡ ਦੀ ਧੀ-ਭੈਣ ਹੁੰਦੀ ਸੀ। ਉਸ ਦੀ ਇੱਜ਼ਤ ਦੀ ਰਾਖੀ ਸਾਰਾ ਪਿੰਡ ਕਰਦਾ ਸੀ। ਗੁੜ, ਘਿਓ, ਤੇਲ, ਦਾਲਾਂ, ਸਬਜ਼ੀਆਂ, ਫਲ, ਮਸਾਲੇ, ਕੱਪੜਾ ਆਦਿ ਸਭ ਕਿਸਾਨ ਆਪਣੀ ਜ਼ਮੀਨ ਵਿਚ ਹੀ ਪੈਦਾ ਕਰਦੇ ਸਨ। ਸਿਰਫ ਲੂਣ ਅਤੇ ਜੁੱਤੀ ਹੀ ਮੁੱਲ ਲੈਂਦੇ ਸਨ। ਇਹ ਸਾਂਝੀਵਾਲਤਾ ਵਾਲਾ ਢਾਂਚਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੇਣ ਸੀ। ਜਿਨ੍ਹਾਂ ਨੇ ਆਪਣੇ ਹੱਥੀਂ ਖੇਤੀ ਕਰਕੇ ਇਹ ਸੁਨੇਹਾ ਸਾਰੇ ਸੰਸਾਰ ਨੂੰ ਦਿੱਤਾ ਕਿ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ'। ਇਸ ਕਰਕੇ ਹੀ ਇਹ ਅਖਾਣ ਪ੍ਰਸਿੱਧ ਹੋਇਆ ਕਿ 'ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ, ਭੀਖ਼ ਗਵਾਰ'। ਇੱਥੇ ਮੈਂ ਇਸ ਗੱਲ ਦਾ ਜ਼ਿਕਰ ਕਰਾਂਗਾ ਕਿ ਸੰਸਾਰ ਭਰ ਵਿਚ ਜਿਸ ਵਕਤ ਤੋਂ ਖੇਤੀ ਅਤੇ ਹੋਰ ਕਿਰਤਾਂ 'ਤੇ ਨਿਰਭਰ ਰਹਿਣ ਵਾਲੀਆਂ ਸੱਭਿਅਤਾਵਾਂ ਦਾ ਜਨਮ ਹੋਇਆ ਹੈ, ਉਸ ਵਕਤ ਤੋਂ ਹੀ ਇਨ੍ਹਾਂ ਕਿਰਤੀ ਲੋਕਾਂ ਅਤੇ ਇਨ੍ਹਾਂ ਦੀ ਕਿਰਤ ਦਾ ਸ਼ੋਸ਼ਣ ਕਰਨ ਵਾਲੇ ਵੀ ਜੰਮ ਪਏ। ਕੁਦਰਤ ਦਾ ਨਿਯਮ ਹੈ, ਜਿੱਥੇ ਨੇਕੀ ਹੈ ਉੱਥੇ ਬਦੀ ਵੀ ਹੈ। ਜਿੱਥੇ ਸੱਚ ਹੈ ਉੱਥੇ ਝੂਠ ਵੀ ਹੈ। ਸੋ, ਨਕਾਰਾਤਮਕ ਅਤੇ ਸਾਕਾਰਾਤਮਕ ਵਰਤਾਰੇ ਲਗਾਤਾਰ ਨਾਲ ਚਲਦੇ ਰਹਿੰਦੇ ਹਨ। ਵੱਧ ਲੋਕ ਜਿਸ ਪਾਸੇ ਖੜ੍ਹਦੇ ਹਨ, ਜਿੱਤ ਉਸ ਪਾਸੇ ਦੀ ਹੁੰਦੀ ਹੈ। ਹੁਣ ਇਹ ਵੀ ਵੇਖਣਾ ਪੈਂਦਾ ਹੈ ਕਿ ਵਿਕਾਸ ਅਤੇ ਵਿਨਾਸ਼ ਵਿਚ ਕੀ ਫ਼ਰਕ ਹੈ? ਇੱਥੇ ਚੰਦ ਮੁੱਠੀ ਭਰ ਲੁਟੇਰੇ ਵਿਨਾਸ਼ ਨੂੰ ਵਿਕਾਸ ਦਾ ਨਾਂਅ ਦੇ ਕੇ ਸਾਡੀ ਲੁੱਟ ਕਰਦੇ ਆ ਰਹੇ ਹਨ। ਸਾਡਾ ਵਿਨਾਸ਼ ਹੋ ਰਿਹਾ ਹੈ ਅਤੇ ਉਨ੍ਹਾਂ ਦਾ ਵਿਕਾਸ ਹੋ ਰਿਹਾ ਹੈ। ਮੁੱਢ ਤੋਂ ਹੀ ਕਿਸਾਨਾਂ, ਕਿਰਤੀਆਂ, ਕਾਮਿਆਂ ਦੀ ਮਿਹਨਤ ਨਾਲ ਪੈਦਾ ਕੀਤਾ ਜਾ ਰਿਹਾ ਸਰਮਾਇਆ ਕੁਝ ਕੁ ਮੁੱਠੀ ਭਰ ਲੁਟੇਰਿਆਂ ਅਤੇ ਸਰਮਾਏਦਾਰਾਂ ਦੀਆਂ ਤਿਜੌਰੀਆਂ ਵਿਚ ਬੰਦ ਹੁੰਦਾ ਰਿਹਾ ਹੈ। ਇਹ ਵਰਤਾਰਾ ਅਜੇ ਵੀ ਜਾਰੀ ਹੈ, ਅਤੇ ਇਹ ਉਨ੍ਹਾਂ ਚਿਰ ਤਕ ਜਾਰੀ ਰਹੇਗਾ, ਜਿੰਨਾ ਚਿਰ ਤਕ ਅਸੀਂ ਉਹ ਨੀਤੀਆਂ ਜਿਹੜੀਆਂ ਸਾਡੇ ਵਲੋਂ ਦਸਾਂ ਨਹੁੰਆਂ ਦੀ ਕਿਰਤ ਕਰਕੇ ਕਮਾਏ ਪੈਸੇ ਨੂੰ ਇਨ੍ਹਾਂ ਦੀਆਂ ਤਿਜੌਰੀਆਂ ਵਿਚ ਬੰਦ ਕਰਦੀਆਂ ਹਨ, ਉਨ੍ਹਾਂ ਨੂੰ ਅਸੀਂ ਬਦਲ ਨਹੀਂ ਦਿੰਦੇ। ਇਸ ਨੂੰ ਬਦਲਣ ਲਈ ਸਾਨੂੰ ਸਮਾਜਿਕ, ਰਾਜਨੀਤਕ ਅਤੇ ਆਰਥਿਕ ਪੱਧਰ 'ਤੇ ਬਹੁਤ ਵੱਡੇ ਅੰਦੋਲਨ ਦੀ ਲੋੜ ਹੈ। ਜਿਸ ਵਿਚ ਕਿਸਾਨ ਅਤੇ ਸਾਰੇ ਕਿਰਤੀ ਕਾਮੇ ਸ਼ਾਮਿਲ ਹੋਣਗੇ। ਇਹ ਅੰਦੋਲਨ ਜਾਤ-ਪਾਤ, ਧਰਮਾਂ, ਭਾਸ਼ਾਵਾਂ ਦੇ ਬੰਧਨਾਂ ਨੂੰ ਤੋੜਦਾ ਹੋਇਆ ਅੱਗੇ ਵਧੇਗਾ। ਵੱਖ-ਵੱਖ ਰੰਗਾਂ ਦੀਆਂ ਸਰਕਾਰਾਂ ਦੀਆਂ ਨੀਤੀਆਂ ਨੇ ਕਿਸਾਨਾਂ ਨੂੰ ਕਰਜ਼ਾ ਦੇ ਕੇ ਖ਼ੁਦਕੁਸ਼ੀਆਂ ਦੇ ਰਾਹ ਤੋਰਿਆ ਹੈ। ਕੁੱਲ ਕਾਰਖ਼ਾਨੇ ਚਲਾਉਣ ਵਾਲੇ ਕਿਰਤੀ ਕਾਮਿਆਂ ਨੂੰ ਲੁੱਟ ਕੇ ਭੁੱਖਮਰੀ ਦੇ ਰਾਹ ਪਾਇਆ ਗਿਆ। ਅੱਜ ਜਦੋਂ ਸੰਸਾਰ ਪੱਧਰ 'ਤੇ ਵਿੱਦਿਆ, ਸਿਹਤ ਸਹੂਲਤਾਂ ਅਤੇ ਰੋਜ਼ਗਾਰ ਦੇ ਹਰ ਨਾਗਰਿਕ ਨੂੰ ਗਾਰੰਟੀ ਦੇਣ ਵਾਲੇ ਕਾਨੂੰਨ ਬਣੇ ਰਹੇ ਹਨ। ਸਾਡੇ ਦੇਸ਼ ਅੰਦਰ ਬੇਰੁਜ਼ਗਾਰਾਂ ਅਤੇ ਭੁੱਖਮਰੀ ਦੇ ਸ਼ਿਕਾਰ ਲੋਕਾਂ ਦੀ ਗਿਣਤੀ ਵਧ ਰਹੀ ਹੈ। ਉਹ ਲੋਕ, ਜਿਨ੍ਹਾਂ ਨੂੰ 24 ਘੰਟਿਆਂ ਵਿਚ ਸਿਰਫ਼ ਇਕ ਡੰਗ ਦੀ ਰੋਟੀ ਮਿਲਦੀ ਹੈ, ਦੀ ਗਿਣਤੀ ਕਰੋੜਾਂ ਵਿਚ ਹੈ। ਉਹ ਨੌਜਵਾਨ ਜਿਨ੍ਹਾਂ ਦੇ ਪਰਿਵਾਰਾਂ ਨੇ ਉਨ੍ਹਾਂ ਨੂੰ ਮਹਿੰਗੀ ਸਿੱਖਿਆ ਦਿਵਾਈ, ਉਨ੍ਹਾਂ ਦੇ ਹੱਥ ਵਿਚ ਡਿਗਰੀਆਂ ਹਨ ਪਰ ਸਰਕਾਰਾਂ ਕੋਲ ਉਨ੍ਹਾਂ ਲਈ ਰੁਜ਼ਗਾਰ ਦਾ ਪ੍ਰਬੰਧ ਨਹੀਂ ਹੈ। ਨਿਰਾਸ਼ ਜਵਾਨੀ ਜਾਂ ਤਾਂ ਮਾਰੂ ਨਸ਼ਿਆਂ ਦੀ ਆਦੀ ਹੋ ਰਹੀ ਹੈ ਜਾਂ ਵਿਦੇਸ਼ਾਂ ਵੱਲ ਮੂੰਹ ਕਰ ਰਹੀ ਹੈ ਜਾਂ ਫਿਰ ਹਿੰਸਕ ਕਾਰਵਾਈਆਂ ਵੱਲ ਪ੍ਰੇਰਿਤ ਹੋ ਰਹੀ ਹੈ। (**ਬਾਕੀ ਸਫ਼ਾ 31 'ਤੇ**)



# ਸਹਾਰਾ



ਡਾ. ਅਮਨ ਸਿੰਘ
ਮੋਬ. 81463-87388



ਮਨੁੱਖੀ ਜੀਵਨ ਦਾ ਸਫਰ ਉਤਰਾਵਾਂ-ਚੜ੍ਹਾਵਾਂ ਨਾਲ ਭਰਪੂਰ ਹੈ, ਜੇਕਰ ਅੱਜ ਸੁੱਖ ਹਨ ਤਾਂ ਕੱਲ ਨੂੰ ਦੁੱਖ ਵੀ ਜਰੂਰ ਆਉਣਗੇ। ਪ੍ਰਮਾਤਮਾ ਸਮੇਂ-ਸਮੇਂ ਤੇ ਮਨੁੱਖ ਨੂੰ ਕਿਸੇ ਨਾ ਕਿਸੇ ਪਰਖ ਵਿਚੋਂ ਗੁਜ਼ਾਰਦਾ ਰਹਿੰਦਾ ਹੈ। ਭਾਵੇਂ ਕਿ ਪ੍ਰਮਾਤਮਾ, ਪੈਗੰਬਰ ਜਾਂ ਅਵਤਾਰਾਂ ਨੂੰ ਸੰਸਾਰ ਦੇ ਲੋਕਾਂ ਦੀ ਭਲਾਈ ਲਈ ਸਮੇਂ-ਸਮੇਂ 'ਤੇ ਸੰਸਾਰ ਵਿਚ ਭੇਜਦਾ ਹੈ, ਪਰ ਫਿਰ ਵੀ ਸੰਸਾਰ ਦੇ ਧਰਮਾਂ ਵੱਲ ਝਾਤੀ ਮਾਰਿਆਂ ਇਹ ਆਭਾਸ ਹੁੰਦਾ ਹੈ ਕਿ ਵੱਡੇ ਤੋਂ ਵੱਡੇ ਮਹਾਂਪੁਰਖ ਵੀ ਪ੍ਰਮਾਤਮਾ ਦੇ ਅਜਿਹੇ ਇਮਤਿਹਾਨ ਤੋਂ ਬਚ ਨਹੀਂ ਸਕੇ। ਜਦ ਪੈਗੰਬਰ ਜਾਂ ਅਵਤਾਰ ਪੁਰਸ਼ਾਂ ਤੇ ਕਦੇ ਔਖੀ ਘੜੀ ਆਉਂਦੀ ਹੈ ਤਾਂ ਉਹ ਆਪਣੀ ਟੇਕ ਸਿਰਫ ਪ੍ਰਮਾਤਮਾ ਉਤੇ ਰੱਖਦੇ ਹਨ। ਜਦ ਆਮ ਮਨੁੱਖ 'ਤੇ ਕਦੇ ਬਿਪਤਾ ਦਾ ਸਮਾਂ ਆਉਂਦਾ ਹੈ ਤਾਂ ਉਹ ਅਜਿਹੇ ਸਮੇਂ ਵਿਚ ਕਿਸੇ ਨਾ ਕਿਸੇ ਦੁਨਿਆਵੀ ਸਹਾਰੇ ਦੀ ਸਖਤ ਲੋੜ ਮਹਿਸੂਸ ਕਰਦਾ ਹੈ। ਮਨੁੱਖ ਅਜਿਹਾ ਮੋਢਾ ਚਾਹੁੰਦਾ ਹੈ ਜਿਸ ਉੱਤੇ ਸਿਰ ਰੱਖ ਕੇ ਆਪਣੇ ਮਨ ਦਾ ਬੋਝ ਅੱਥਰੂਆਂ ਰਾਹੀਂ ਹਲਕਾ ਕਰ ਸਕੇ, ਪਰ ਉਸ ਦੀ ਟੇਕ ਮਨੁੱਖ ਉਤੇ ਹੁੰਦੀ ਹੈ, ਪ੍ਰਮਾਤਮਾ ਉਤੇ ਨਹੀਂ। ਗੁਰਬਾਣੀ ਦਾ ਫੁਰਮਾਨ ਹੈ : ਮਾਨੁਖ ਕੀ ਟੇਕ ਬਿਰਥੀ ਸਭ ਜਾਨ ॥ ਦੇਵਨ ਕਉ ਏਕੈ ਭਗਵਾਨ ॥ਜਦ ਮਨੁੱਖ ਬਾਲ ਅਵਸਥਾ ਵਿਚ ਹੁੰਦਾ ਹੈ ਅਤੇ ਉਸ ਉਤੇ ਕੋਈ ਦੁੱਖ ਆਉਂਦਾ ਹੈ ਤਾਂ ਸਭ ਤੋਂ ਪਹਿਲਾ ਸਹਾਰਾ ਤਾਂ ਉਸ ਨੂੰ ਮਾਂ-ਬਾਪ ਦਾ ਮਿਲ ਜਾਂਦਾ ਹੈ ਅਤੇ ਉਸ ਤੋਂ ਵੀ ਅੱਗੇ ਹੋਰ ਬਹੁਤ ਸਾਰੇ ਦੁਨਿਆਵੀ ਰਿਸ਼ਤਿਆਂ ਰੂਪੀ ਮੋਢੇ ਮਿਲ ਜਾਂਦੇ ਹਨ ਸਹਾਰਾ ਦੇਣ ਲਈ। ਜਿਉਂ-ਜਿਉਂ ਉਹ ਬਚਪਨ ਤੋਂ ਜਵਾਨੀ ਵੱਲ ਨੂੰ ਕਦਮ ਪੁਟਦਾ ਹੈ ਤਾਂ ਆਪਣੇ ਦੁੱਖਾਂ ਸਮੇਂ ਸਹਾਰਾ ਬਣਨ ਵਾਲੇ ਕਿੰਨੇ ਹੀਦੁਨਿਆਵੀ ਸਹਾਰਿਆਂ ਨੂੰ ਆਪ ਮੋਢਾ ਦੇ ਕੇ ਇਸ ਜ਼ਹਾਨ ਤੋਂ ਵਿਦਾ ਕਰ ਆਉਂਦਾ ਹੈ। ਸਮੇਂ ਦੇ ਬੀਤਣ ਨਾਲ ਉਹ ਸੋਚਣ ਲੱਗਦਾ ਹੈ ਕਿ ਲੌਕਿਕ ਮੁਸੀਬਤਾਂ ਵਿਚ ਕੋਈ ਵੀ ਦੁਨਿਆਵੀ ਸਹਾਰਾ ਉਸ ਦੀ ਚਿੰਤਾ ਦਾ ਖਾਤਮਾ ਨਹੀਂ ਕਰ ਸਕਦਾ। ਕੋਈ ਵੀ ਅਜਿਹਾ ਸਥਿਰ ਜਾਂ ਵਿਸ਼ਵਾਸ਼ਯੋਗ ਮੋਢਾ ਦਿਖਾਈ ਨਹੀਂ ਦਿੰਦਾ, ਜਿਸ ਉਤੇ ਸਿਰ ਰੱਖ ਕੇ, ਉਸ ਦੇ ਦੁਖੀ ਮਨ ਨੂੰ ਸ਼ਾਂਤੀ ਮਿਲ ਸਕੇ। ਪਹਿਲਾਂ ਤਾਂ ਮਨੁੱਖ ਦੀ ਇਹੀ ਸੋਚ ਹੁੰਦੀ ਹੈ ਕਿ ਮਨੁੱਖੀ ਸਹਾਰਾ ਜ਼ਿੰਦਗੀ ਬਿਤਾਉਣ ਲਈ ਕਾਫੀ ਹੁੰਦਾ ਹੈ ਪਰ ਜਦ ਉਹ ਦੁਨੀਆਂ ਦੇ ਦਸਤੂਰ ਤੋਂ ਜਾਣੂ ਹੁੰਦਾ ਹੈ ਤਾਂ ਉਹ ਕਿਸੇ ਦੀਵਾਰ ਕੋਲ ਵੀ ਆਪਣਾ ਦੁੱਖ ਰੋਣ ਦਾ ਹੌਸਲਾ ਨਹੀਂ ਕਰਦਾ ਕਿ ਪਤਾ ਨਹੀਂ ਕੌਣ ਕਦ ਉਸ ਦੇ ਵਿਸ਼ਵਾਸ਼ ਵਾਲੀ ਦੀਵਾਰ ਢਾਹ-ਢੇਰੀ ਕਰ ਦੇਵੇ। ਸਾਰੇ ਦੁਨਿਆਵੀ ਸਹਾਰੇ ਪਰਖਣ ਤੋਂ ਬਾਅਦ ਕਈ ਮਨੁੱਖਾਂ ਵਿਚ ਇਹ ਭਾਵਨਾ ਪੈਦਾ ਹੁੰਦੀ ਹੈ ਕਿ ਮਨੁੱਖੀ ਸਹਾਰੇ ਤੋਂ ਵੱਧ ਭਰੋਸੇਯੋਗ ਸਹਾਰਾ ਤਾਂ ਕੋਈ ਹੋਰ ਹੀ ਹੈ। ਜਿਹੜਾ ਹੋਰ ਸਾਰੇ ਦੁਨਿਆਵੀ ਸਹਾਰਿਆਂ ਤੋਂ ਵਧੇਰੇ ਵਿਸ਼ਵਾਸ਼ਯੋਗ ਅਤੇ ਸੱਚਾ ਹੈ। ਪਰ ਇਸ ਸਹਾਰੇ ਉਤੇ ਵਿਸ਼ਵਾਸ਼ ਹੀ ਸਾਰੇ ਮੋਢਿਆਂ ਉਤੇ ਵਿਸ਼ਵਾਸ਼ ਖਤਮ ਹੋਣ ਤੋਂ ਬਾਅਦ ਹੀ ਪੈਦਾ ਹੁੰਦਾ ਹੈ। ਇਹ ਮੋਢਾ ਦੁਨਿਆਵੀ ਨਹੀਂ ਸਗੋਂ ਉਸ ਪ੍ਰਮਾਤਮਾ ਦਾ ਰੂਹਾਨੀ ਮੋਢਾ ਹੁੰਦਾ ਹੈ। ਪਤਾ ਨਹੀਂ ਇਸ ਮੋਢੇ 'ਤੇ ਵਿਸ਼ਵਾਸ਼ ਕਰਨ ਵਿਚ ਇੰਨਾ ਸਮਾਂ ਕਿਵੇਂ ਲਗਦਾ ਹੈ? ਸਾਰੇ ਸੰਸਾਰਿਕ ਸਹਾਰਿਆਂ ਦੇ ਥੰਮ ਢਹਿ ਢੇਰੀ ਹੋਣ ਦੇ ਪਿੱਛੇ ਜੇ ਕੋਈ ਕਾਰਨ ਹੈ ਤਾਂ ਮੈਨੂੰ ਲੱਗਦਾ ਹੈ ਕਿ ਉਹ ਇਹ ਹੈ ਕਿ ਉਹ ਰੂਹਾਨੀ (ਬਾਕੀ ਸਫ਼ਾ 31 'ਤੇ)

ਪੁਸਤਕ ਪੜਚੋਲ

# ਪੰਜਾਬ ਦੇ ਇਤਿਹਾਸ ਦਾ ਬਿਰਤਾਂਤ



ਡਾ. ਮੇਘਾ ਸਿੰਘ




ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਦੇ ਸਾਬਕਾ ਮੁਖੀ ਪ੍ਰੋ. ਸੁਖਦਿਆਲ ਸਿੰਘ ਨੇ ਪੰਜਾਬ ਦੇ ਸਮੁੱਚੇ ਇਤਿਹਾਸ ਨੂੰ ਤਿੰਨ ਵੱਡ-ਆਕਾਰੀ ਪੁਸਤਕਾਂ 'ਪੰਜਾਬ' (ਸੰਗਮ ਪਬਲੀਕੇਸ਼ਨਜ਼, ਸਮਾਣਾ) ਸਿਰਲੇਖ ਹੇਠ ਕਲਮਬੰਦ ਕੀਤਾ ਹੈ। ਪੰਜਾਬ ਦੇ ਇਤਿਹਾਸ ਦੀਆਂ ਇਨ੍ਹਾਂ ਤਿੰਨ ਪੁਸਤਕਾਂ ਦੀ ਪਹਿਲੀ ਜਿਲਦ ਵਿਚ ਆਦਿ ਕਾਲ ਤੋਂ ਲੈ ਕੇ ਆਧੁਨਿਕ ਕਾਲ (1765 ਈਸਵੀ) ਤੱਕ, ਦੂਜੀ ਜਿਲਦ ਵਿਚ 1765 ਤੋਂ ਲੈ ਕੇ 1849 ਤੱਕ (ਖ਼ਾਲਸੇ ਦਾ ਪੰਜਾਬ) ਅਤੇ ਤੀਜੀ ਜਿਲਦ ਵਿਚ 1849 ਤੋਂ ਲੈ ਕੇ 1947 ਤੱਕ (ਅੰਗਰੇਜ਼ਾਂ ਦਾ ਪੰਜਾਬ) ਤਹਿਤ ਪੰਜਾਬ ਦੇ ਇਤਿਹਾਸ ਦਾ ਡੂੰਘਾ ਅਤੇ ਵਿਸਤ੍ਰਿਤ ਅਧਿਐਨ ਪੇਸ਼ ਕੀਤਾ ਹੈ।

ਇੱਥੇ ਵਿਚਾਰ ਅਧੀਨ ਸਿਰਫ਼ ਆਖ਼ਰੀ ਭਾਗ 'ਪੰਜਾਬ' (1849 ਤੋਂ 1947 ਤੱਕ), ਭਾਵ ਅੰਗਰੇਜ਼ਾਂ ਦੇ ਅਧੀਨ ਪੰਜਾਬ ਦੇ ਇਤਿਹਾਸ ਵਾਲੀ ਪੁਸਤਕ ਹੀ ਹੈ। ਪੰਜਾਬ ਦੇ ਸਮੁੱਚੇ ਇਤਿਹਾਸ, ਖ਼ਾਸਕਰ ਅੰਗਰੇਜ਼ੀ ਰਾਜ ਸਮੇਂ ਦੇ ਪੰਜਾਬ ਬਾਰੇ ਸਿੱਖ ਨੁਕਤਾ-ਨਿਗਾਹ ਨੂੰ ਸਾਹਮਣੇ ਰੱਖ ਕੇ ਲਿਖੀ ਗਈ ਪਹਿਲੀ ਪੁਸਤਕ ਪ੍ਰੋ. ਸੁਖਦਿਆਲ ਸਿੰਘ ਦੀ ਹੈ। ਲੇਖਕ ਨੇ ਇਸ ਪੁਸਤਕ ਨੂੰ 26 ਅਧਿਆਇਆਂ ਵਿਚ ਵੰਡਿਆ ਹੈ। ਪ੍ਰੋ. ਸੁਖਦਿਆਲ ਸਿੰਘ ਅਨੁਸਾਰ 1849 ਤੋਂ 1947 ਤੱਕ ਦੇ ਪੰਜਾਬ ਦਾ ਇਤਿਹਾਸ ਹਾਲੇ ਤੱਕ ਬੱਝਵੇਂ ਅਤੇ ਤਰਕਸ਼ੀਲ ਆਲੋਚਨਾਤਮਕ ਨਜ਼ਰੀਏ ਤੋਂ ਲਿਖਿਆ ਹੀ ਨਹੀਂ ਗਿਆ। ਉਨ੍ਹਾਂ ਆਪਣੀ ਇਸ ਪੁਸਤਕ ਵਿਚ ਪਹਿਲੀ ਵਾਰ ਪੰਜਾਬ ਦੇ ਇਸ ਸਮੇਂ ਦੇ ਇਤਿਹਾਸ ਨੂੰ ਨਵੇਂ ਨਜ਼ਰੀਏ, ਨਵੇਂ ਸੰਦਰਭ ਵਿਚ ਨਵਾਂ ਬਿਰਤਾਂਤ ਸਿਰਜਿਆ ਹੈ ਅਤੇ ਹੁਣ ਤੱਕ ਲਿਖੀਆਂ ਗਈਆਂ ਇਤਿਹਾਸ ਦੀਆਂ ਪੁਸਤਕਾਂ ਨੂੰ ਕਾਫ਼ੀ ਹੱਦ ਤੱਕ ਨਕਾਰ ਦਿੱਤਾ ਹੈ। ਲੇਖਕ ਨੇ ਤੱਥਾਂ ਅਤੇ ਦਲੀਲਾਂ ਨਾਲ ਇਹ ਸਿੱਧ ਕਰ ਦਿੱਤਾ ਹੈ ਕਿ ਇਸ ਸਮੇਂ ਦੌਰਾਨ ਅੰਗਰੇਜ਼ਾਂ ਦਾ ਸਭ ਤੋਂ ਵੱਧ ਜ਼ੋਰ ਸਿੱਖਾਂ ਦੇ ਧਰਮ, ਇਖਲਾਕ, ਭਾਸ਼ਾ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਵਿਕਸਿਤ ਹੋਏ ਖ਼ਾਲਸਾ ਰਾਜ ਦੇ ਸੰਕਲਪ ਅਤੇ ਪੰਜਾਬੀਆਂ ਦੇ ਸਾਂਝੇ ਸੱਭਿਆਚਾਰ ਨੂੰ ਖ਼ਤਮ ਕਰਨ ਉੱਤੇ ਲੱਗਿਆ ਰਿਹਾ। ਨਾ ਕੇਵਲ ਸਿੱਖਾਂ ਨੂੰ ਹੀ ਆਪਸ ਵਿਚ ਲੜਾਇਆ, ਝਗੜਾਇਆ ਸਗੋਂ ਪੰਜਾਬੀ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਵਿਚ ਵੀ ਫ਼ਿਰਕੂ ਨਫ਼ਰਤ ਦੇ ਬੀਜ ਬੀਜੇ। 1947 ਦੀ ਭਾਰਤ-ਪਾਕਿਸਤਾਨ ਵੰਡ ਅਤੇ ਸਿੱਖਾਂ ਨੂੰ ਇਸ ਅਜ਼ਾਦੀ ਤੋਂ ਬਿਲਕੁਲ ਸੱਖਣਾ ਕਰ ਦੇਣਾ ਅੰਗਰੇਜ਼ਾਂ ਦੀ ਕੂਟਨੀਤੀ ਦਾ ਹੀ ਹਿੱਸਾ ਸੀ। ਇਸ ਪੁਸਤਕ ਵਿਚ ਕਾਫ਼ੀ ਕੁਝ ਨਵਾਂ ਹੈ, ਇਸ ਪੁਸਤਕ ਵਿਚ ਪੇਸ਼ ਸਮੱਗਰੀ ਤੇ ਕੁਝ ਟਿੱਪਣੀਆਂ ਹਾਲੇ ਹੋਰ ਖੋਜ ਅਤੇ ਸਪਸ਼ਟਤਾ ਦੀਆਂ ਮੁਥਾਜ ਹਨ ਅਤੇ ਉਨ੍ਹਾਂ ਦੀ ਭਰੋਸੇਯੋਗਤਾ ਸਵਾਲਾਂ ਦੇ ਘੇਰੇ ਵਿਚ ਵੀ ਹੈ। ਇਸ ਦੇ ਬਾਵਜੂਦ ਪੰਜਾਬ ਦੇ ਇਸ ਸਮੇਂ ਦੇ ਇਤਿਹਾਸ ਸਬੰਧੀ ਇਹ ਮਹੱਤਵਪੂਰਨ ਤੇ ਵਿਲੱਖਣ ਪੁਸਤਕ ਹੈ।

ਕਲਮਾਂ ਦੇ ਜਜ਼ਬਾਤ

# ਰੂਹ ਦੇ ਭੇਤ



ਅਦੀਬ ਰਵੀ

ਰੂਹ ਦੇ ਭੇਤ ਜਾਣਦਿਆਂ ਇਹ ਸਮਝ ਪੈਂਦੀ ਹੈ ਕਿ ਕਿਵੇਂ ਇਸ਼ਕ ਮਿੱਟੀ ਧੂੜਾਂ ਤੋਂ ਹੁੰਦਾ ਹੋਇਆ ਅਸਮਾਨ ਦਾ ਤਾਜ ਬਣਦਾ ਹੈ। ਉਹ ਲੋਕ ਜੋ ਪਿੰਡ ਦੇ ਟੋਬੇ ਨੂੰ ਵੇਖ ਵੇਖ ਵੱਡੇ ਹੋਏ ਅਚਾਨਕ ਬ੍ਰਹਿਮੰਡ ਦੀ ਵਿਆਖਿਆ ਕਰਨ ਲਗਦੇ ਨੇ। ਵੰਝਲੀ ਦੇ ਸੁਰਾਖ ਤੋਂ ਨਿਕਲਿਆ ਇਸ਼ਕ ਸਾਡੀਆਂ ਦੇਹਾਂ ਵਿਚ ਕਰਤੱਵ ਦਿਖਾਉਂਦਾ ਹੈ। ਸਰੀਰ ਜੋ ਕਿ ਆਤਮਾ ਨੂੰ ਧਰਤੀ ਦਾ ਸਫ਼ਰ ਕਰਾਉਣ ਵਾਲਾ ਰੱਥ ਹੈ ਵਿਸਮਾਦਿਕ ਹਲੋਰ ਵਿਚ ਝੂਮਦਾ ਹੈ। ਤੋਤਿਆਂ ਦੀ ਚੁੰਝ ਜੇਹਾ ਰੰਗ ਰਗਾਂ ਵਿਚ ਉਛਲਦਾ ਹੈ।

ਉੱਡਦੇ ਤੂਫ਼ਾਨਾਂ ਵਿਚ ਇਕ ਜੋਤ ਜਨਮ ਲੈਂਦੀ ਹੈ ਜੋ ਧਰਤ ਤੋਂ ਪਾਰ ਦੇ ਸੱਚ ਨਾਲ ਤੁਹਾਡਾ ਨਵਾਂ ਸੰਸਾਰ ਸਿਰਜਦੀ ਹੈ।ਆਪਣੇ ਆਪੇ ਤੋਂ ਅਣਜਾਣ ਦੇਹ ਅਤੇ ਆਤਮਾ ਗਹਿਰੇ ਰੂਪ ਵਿਚ ਵਾਕਫੀਅਤ ਹੋਣ ਲਗਦੇ ਨੇ। ਸੁੱਤੀ ਪਈ ਕਿਸਮਤ ਅਚਾਨਕ ਤ੍ਰਬਕ ਕੇ ਉੱਠਦੀ ਹੈ ਤੇ ਆਪਣਾ ਚਿਹਰਾ ਧੋਂਦੀ ਹੈ। ਹਵਾ ਆਪਣੀਆਂ ਜ਼ੁਲਫਾਂ ਸਵਾਰਦੀ ਹੈ ਤਾਂ ਕਿ ਸੂਰਜੀ ਕਿਰਨਾਂ ਓਹਦਾ ਸੁਹੱਪਣ ਤੱਕ ਸਕਣ।

ਯਥਾਰਥ ਪ੍ਰਤੀ ਤੁਹਾਡੀ ਪਿਆਸ ਮੁਹੱਬਤ ਦੇ ਪ੍ਰਕਾਸ਼ ਵਿਚ ਇਸ਼ਨਾਨ ਕਰਕੇ ਖ਼ੁਦ ਨੂੰ ਵਡਭਾਗਾ ਸਮਝਦੀ ਹੈ। ਟਿਬਿਆਂ ਦੀ ਰੇਤਾ ਆਪਣੇ ਗੁੱਝੇ ਰਹੱਸ ਸਾਖੀਆਂ ਰਾਹੀਂ ਤੁਹਾਨੂੰ ਸੁਣਾਉਣ ਲਗਦੀ ਹੈ। ਰਾਹ ਦੇ ਰੋੜੇ ਫੁੱਲ ਬਣਕੇ ਤੁਹਾਡੀ ਯਾਤਰਾ ਨੂੰ ਸੰਪੂਰਨ ਕਰਨ ਦਾ ਕਾਰਜ ਕਰਦੇ ਨੇ।

ਅਚਾਨਕ ਅਸਮਾਨ ਵਿਚੋਂ ਇਕ ਕਿਰਨ ਤੁਹਾਡੇ ਜਿਸਮ ਤੇ ਆ ਲਿਸ਼ਕਦੀ ਹੈ ਜੋ ਤੁਹਾਡੀ ਅਗਵਾਈ ਕਰਦੀ ਹੈ ਕਿ ਕਿਵੇਂ ਮਹਿਬੂਬ ਨੂੰ ਆਪਣਾ ਆਪਾ ਸਮਰਪਿਤ ਕੀਤਾ ਜਾਂਦਾ ਹੈ। ਜੋ ਤੁਹਾਨੂੰ ਦੱਸਦੀ ਹੈ ਕਿ ਮਹਿਬੂਬ ਦਾ ਹਰ ਬੋਲ ਕਿਵੇਂ 'ਕਬੂਲ ਹੈ' ਕਹਿ ਕੇ ਸਵੀਕਾਰਿਆ ਜਾਂਦਾ ਹੈ। ਅੱਗ ਦੀਆਂ ਲਾਟਾਂ ਨੂੰ ਅਗਰ ਮਹਿਬੂਬ ਪਾਣੀ ਕਹੇ ਤਾਂ ਬਿਨਾਂ ਕੋਈ ਤਰਕ ਕੀਤਿਆਂ ਇਹ ਸਵੀਕਾਰ ਕਰਨਾ ਵੀ ਆਮ ਵਰਤਾਰਾ ਨਹੀਂ।ਗਮਗੀਨ ਚਿਹਰਿਆਂ ਉੱਪਰ ਹਸੀਨ ਪਰਤ ਆ ਚਿਪਕਦੀ ਹੈ ਜੋ ਤੁਹਾਨੂੰ ਤੁਹਾਡੀ ਹੋਂਦ ਨਾਲ ਆਨੰਦਿਤ ਕਰਦੀ ਹੈ। ਸਮਝ ਦੀ ਬਾਰੀਕ ਤੋਂ ਬਾਰੀਕ ਝੀਤ ਵਿਚ ਇਸ਼ਕ ਲਿਸ਼ਕਦਾ ਹੈ। ਅਖੀਰ ਰੂਹ ਦੀ ਜ਼ੁਬਾਨ ਹਮੇਸ਼ਾ ਲਈ ਇਕੋ ਸ਼ਬਦ ਦੁਹਰਾਉਣ ਲਗਦੀ ਹੈ.. ਇਸ਼ਕ ਇਸ਼ਕ ਇਸ਼ਕ।

# ਪੰਜਾਬੀ ਬੀਬੀਆਂ ਦਾ ਅਸਲ ਗਹਿਣਾ ਬਨਾਮ ਵਿਰਸਾ



ਸਰਬਜੀਤ ਲੌਂਗੀਆਂ

ਹੱਸ, ਬੰਦ, ਹਾਰ, ਹਮੇਲ, ਸੱਗੀ, ਫੁੱਲੀਆਂ, ਕੰਢੀਆਂ, ਬਾਜੂਬੰਦ, ਚੂੜਾ, ਪਿੱਪਲ ਪੱਤੀਆਂ, ਰੇਲਾਂ, ਮਾਮੇ ਮੁਰਕੀਆਂ, ਟੌਕਾਂ, ਝੁੰਮਰ ਸੂਈ, ਟਿੱਕਾ, ਨੱਥ, ਮਛਲੀ, ਡੰਡੀਆਂ, ਕੋਕਾ, ਰਾਣੀ ਹਾਰ, ਕਲਿੱਪ ਆਦਿ ਭਾਵੇਂ ਪੁਰਾਣੇ ਵਕਤ ਵਿੱਚ ਪੰਜਾਬੀ ਵਿਰਸੇ ਦੇ ਔਰਤ ਦੇ ਰੋਜ਼ ਮੱਰਾ ਦੇ ਗਹਿਣੇ ਹੁੰਦੇ ਸਨ। ਕੋਈ ਔਰਤ ਵੱਧ ਗਹਿਣੇ ਪਹਿਨਣਾ ਪਸੰਦ ਕਰਦੀ ਸੀ ਤੇ ਕੋਈ ਬਹੁਤ ਘੱਟ। ਅਸੀਂ ਦੇਖ ਸਕਦੇ ਹਾਂ ਤੇ ਮੰਨ ਵੀ ਸਕਦੇ ਹਾਂ ਕਿ ਮਰਦਾਂ ਦੇ ਮੁਕਾਬਲੇ ਔਰਤਾਂ ਦੇ ਗਹਿਣੇ ਬਹੁਤ ਜ਼ਿਆਦਾ ਹੁੰਦੇ ਸਨ ਤੇ ਇਹ ਪਹਿਨਦੀਆਂ ਵੀ ਜ਼ਿਆਦਾ ਸਨ।

ਬੀਤ ਚੁੱਕੇ ਵਕਤ ਵਿੱਚ ਜਾਂ ਫੇਰ ਕਹਿ ਲਉ ਸੰਨ 1950-70 ਦੇ ਵਕਤ ਵਿੱਚ ਔਰਤਾਂ ਕੋਲ ਜ਼ਿਆਦਾ ਅਸਲ ਸੋਨੇ ਚਾਂਦੀ ਦੇ ਗਹਿਣੇ ਹੁੰਦੇ ਸਨ। ਪਰ ਅੱਜ ਦੇ ਦਿਖਾਵੇ ਵਾਲੇ ਤੇ ਮਹਿੰਗਾਈ ਦੇ ਜ਼ਮਾਨੇ ਵਿੱਚ ਹਰ ਔਰਤ ਸੋਨਾ ਚਾਂਦੀ ਨਹੀਂ ਖਰੀਦ ਸਕਦੀ। ਜੋ ਔਰਤਾਂ ਸੋਨਾ ਚਾਂਦੀ ਨਹੀਂ ਖਰੀਦ ਸਕਦੀਆਂ, ਉਹ ਚੱਲ ਰਹੇ ਨਕਲੀ ਗਹਿਣੇ ਪਾ ਕੇ ਆਪਣਾ ਮਨ ਪਰਚਾ ਸਕਦੀਆਂ ਹਨ। ਉਹ ਨਕਲੀ ਗਹਿਣੇ ਪਾ ਕੇ ਵੀ ਸ਼ਿੰਗਾਰ ਕਰ ਸਕਦੀਆਂ ਹਨ। ਅੱਜ ਭਾਵੇਂ ਹਾਰ ਸ਼ਿੰਗਾਰ ਦੇ ਸਾਧਨ ਬਹੁਤ ਜ਼ਿਆਦਾ ਹਨ ਤੇ ਮਹਿੰਗੇ ਵੀ ਬਹੁਤ ਹੀ ਜ਼ਿਆਦਾ ਹਨ। ਜੋ ਸਾਦਾ ਜਿਹਾ ਸ਼ਿੰਗਾਰ ਕਰਕੇ ਪੁਰਾਣੇ ਤੇ ਭਲੇ ਜ਼ਮਾਨੇ ਵਿੱਚ ਸਵਾਣੀਆਂ ਸਜਦੀਆਂ ਸਨ ਉਹ ਅੱਜ ਦੀਆਂ ਸਵਾਣੀਆਂ ਲੱਖਾਂ ਦਾ ਸ਼ਿੰਗਾਰ ਕਰਕੇ ਵੀ ਨਹੀਂ ਸਜਦੀਆਂ। ਕਈ ਵਾਰ ਤਾਂ ਵਿਆਹ ਸ਼ਾਦੀਆਂ ਵਿੱਚ ਵੇਖਿਆ ਗਿਆ ਕਿ ਹਾਰ ਸ਼ਿੰਗਾਰ ਕਰਨ ਤੋਂ ਬਾਅਦ ਕੁੜੀ ਨੂੰ ਉਸ ਦੇ ਆਪਣੇ ਪਰਿਵਾਰ ਵਾਲੇ ਵੀ ਨਹੀਂ ਪਛਾਣਦੇ।

ਅੱਜ ਦੇ ਮੁਕਾਬਲੇ ਪੁਰਾਣੇ ਜ਼ਮਾਨੇ ਦੀਆਂ ਔਰਤਾਂ ਘੱਟ ਸ਼ਿੰਗਾਰ ਕਰਕੇ ਵੀ ਕਿਉਂ ਜ਼ਿਆਦਾ ਸਜਦੀਆਂ ਸਨ? ਉਸ ਦਾ ਵੱਡਾ ਕਾਰਨ ਸੀ ਔਰਤ ਦਾ ਦੂਜੇ ਗਹਿਣਿਆਂ ਦੇ ਨਾਲ ਨਾਲ ਸਿਰ ਢੱਕਣਾ ਜਾਂ ਪੱਲਾ ਕਰਕੇ ਰੱਖਣਾ ਜਿਸ ਨੂੰ ਅਸੀਂ ਔਰਤ ਦਾ ਅਸਲ ਗਹਿਣਾ ਸੰਗ (ਸ਼ਰਮ) ਵੀ ਆਖ ਸਕਦੇ ਹਾਂ। ਹਰ ਧੀ ਨੂੰ ਘਰ ਬਾਹਰ ਬੇਬੇ ਬਾਪੂ ਤੇ ਵੱਡੇ ਵੀਰਾਂ ਦਾ ਡਰ ਹੁੰਦਾ ਸੀ, ਹਰ ਨੂੰਹ ਨੂੰ ਪੇਕੇ ਸਹੁਰੇ ਦੋਵਾਂ ਪਰਿਵਾਰਾਂ ਦਾ ਡਰ ਹੁੰਦਾ ਸੀ। ਇੱਥੇ ਡਰ ਦਾ ਭਾਵ ਸਤਿਕਾਰ ਹੈ ਨਾ ਕਿ ਕੁੱਟਮਾਰ ਦਾ ਡਰ। ਜਿਸ ਦਾ ਔਰਤ ਜਿੰਨਾ ਜ਼ਿਆਦਾ ਸਤਿਕਾਰ ਕਰਦੀ ਸੀ ਉਸ ਦਾ ਉੱਨਾ ਜ਼ਿਆਦਾ ਡਰ ਵੀ ਰੱਖਦੀ ਸੀ। ਪਿੰਡ ਦੀਆਂ ਬਜ਼ੁਰਗ ਔਰਤਾਂ ਪਿੰਡ ਦੇ ਹਰ ਸਹੁਰੇ ਦਦਿਅਹੁਰਾ ਦੀ ਇੱਜ਼ਤ ਕਰਦੀਆਂ ਸਨ ਤੇ ਸਭ ਤੋਂ ਪੱਲਾ ਕਰਦੀਆਂ ਸਨ। ਔਰਤ ਜਿੰਨੀ ਲੁਕੀ ਹੁੰਦੀ ਸੀ, ਉੱਨੀ ਜ਼ਿਆਦਾ ਇੱਜ਼ਤ ਵਾਲੀ ਸੀ। ਅੱਜ ਜ਼ਮਾਨਾ ਬਦਲ ਗਿਆ ਨਾ ਸਿਰ ਤੇ ਚੁੰਨੀ ਰਹੀ, ਨਾ ਵਾਲ ਬੱਝੇ ਰਹੇ, ਨਾ ਰਿਹਾ ਔਰਤ ਦਾ ਆਪਣਾ ਸਤਿਕਾਰ, ਨਾ ਰਿਹਾ ਔਰਤ ਨੂੰ ਕਿਸੇ ਦਾ ਸਤਿਕਾਰ ਅਤੇ ਨਾ ਰਿਹਾ ਡਰ। ਹਾਂ ਇਹ ਸਾਰੀਆਂ ਔਰਤਾਂ ਤੇ ਲਾਗੂ ਨਹੀਂ ਹੁੰਦਾ। ਅੱਜ ਵੀ ਕੁਝ ਅਜਿਹੀਆਂ ਸੁਲਝੀਆਂ ਹੋਈਆਂ ਔਰਤਾਂ ਹਨ ਜੋ ਸਿਰ ਢੱਕ ਕੇ ਰੱਖਦੀਆਂ ਹਨ ਤੇ ਲੋੜ ਪੈਣ ਤੇ ਪੱਲਾ ਵੀ ਕਰਦੀਆਂ ਹਨ। ਸਿਜਦਾ ਹੈ ਉਨ੍ਹਾਂ ਔਰਤਾਂ ਨੂੰ ਜੋ ਪੰਜਾਬੀ ਵਿਰਸੇ ਨੂੰ ਅੱਜ ਵੀ ਸਮੋਈ ਬੈਠੀਆਂ ਹਨ, ਉਹ ਔਰਤਾਂ ਹੀ ਪੰਜਾਬੀ ਵਿਰਸੇ ਦੀਆਂ ਅਸਲ ਵਾਰਸ ਕਹਾਉਣ ਦੀਆਂ ਹੱਕਦਾਰ ਹਨ।

ਬਹੁਤ ਦੁੱਖ ਹੁੰਦਾ ਹੈ ਜਦੋਂ ਭਾਈ ਜੀ ਵਿਆਹ ਸ਼ਾਦੀਆਂ ਵਿੱਚ ਅਰਦਾਸ ਕਰਦਾ ਹੈ ਤੇ ਸਾਡੀਆਂ ਆਪਣੇ ਆਪ ਨੂੰ ਬਹੁਤ ਵੱਡੀਆਂ ਮਾਡਲ ਸਮਝਣ ਵਾਲੀਆਂ ਬੀਬੀਆਂ ਸਿਰ ਨੰਗੇ ਅਰਦਾਸ ਵਿੱਚ ਹਾਜ਼ਰੀ ਲਵਾਉਂਦੀਆਂ ਹਨ। ਕਿਸ ਤਰ੍ਹਾਂ ਦਾ ਸੀ ਸਾਡਾ ਅਮੀਰ ਵਿਰਸਾ ਤੇ ਅਸੀਂ ਕਿਉਂ ਰੋਲ ਦਿੱਤਾ? ਕਿਉਂ ਵਿਸਾਰ ਦਿੱਤਾ? ਕਿਉਂ ਭੁੱਲ ਗਏ? ਪੰਜਾਬੀ ਵਿਰਸੇ ਤੋਂ ਉੱਪਰ ਹੈ ਵਿਰਸਾ ਕੋਈ ਹੋਰ?

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035




# ਮਨੁੱਖੀ ਜਾਨਾਂ ਦਾ ਖੌ ਵਧ ਰਿਹਾ ਪ੍ਰਦੂਸ਼ਣ



ਦਿਨ-ਬ-ਦਿਨ ਦੂਸ਼ਿਤ ਹੋ ਰਹੇ ਵਾਤਾਵਰਣ ਸੰਬੰਧੀ ਅੱਜ ਸਮੁੱਚਾ ਸੰਸਾਰ ਚਿੰਤਤ ਹੈ। ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ ’ਤੇ ਅਨੇਕਾਂ ਬੁੱਧੀਜੀਵੀਆਂ ਵੱਲੋਂ ਪ੍ਰਦੂਸ਼ਣ ਸੰਬੰਧੀ ਕਰਵਾਏ ਗਏ ਸੈਮੀਨਾਰਾਂ ਵਿੱਚ ਇਹ ਸਿੱਟਾ ਨਿਕਲਿਆ ਹੈ ਕਿ ਮਨੁੱਖ ਨੇ ਵਾਤਾਵਰਣ ਨੂੰ ਆਪ ਹੀ ਗੰਧਲਾ ਤੇ ਜ਼ਹਿਰੀਲਾ ਬਣਾ ਕੇ ਮਨੁੱਖੀ ਜਾਨਾਂ ਲਈ ਜਿਹੜਾ ਖਤਰਾ ਸਹੇੜਿਆ ਹੈ ਉਸ ਦੀ ਸਜ਼ਾ ਉਹ ਆਪ ਤਾਂ ਭੁਗਤ ਹੀ ਰਿਹਾ ਹੈ , ਪਰ ਜਿਹੜੀਆਂ ਚੁਣੌਤੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਹਿਣੀਆਂ ਪੈਣਗੀਆਂ ਉਨ੍ਹਾਂ ਦਾ ਕਿਆਸ ਕਰਕੇ ਮਨੁੱਖੀ ਮਨ ਦਹਿਲਣਗੇ ਹੀ ਨਹੀਂ ਬਲਕਿ ਕਈ ਤਰ੍ਹਾਂ ਦੇ ਸਰੀਰਕ ਕਸ਼ਟ ਭੋਗਦਿਆਂ ਅਪਾਹਜ ਵੀ ਬਣਨਗੇ। ਵਾਤਾਵਰਣ ਸੰਬੰਧੀ ਭਾਵੇਂ ਬਹੁਤ ਕੁਝ ਲਿਖਿਆ ਗਿਆ ਹੈ ਪਰ ਲੋਕਾਂ ਆਪਣੀ ਸੋਚ ਤੇ ਹੱਥਾਂ ਨਾਲ ਸੁਧਾਰਨ ਹਿੱਤ ਬਹੁਤ ਘੱਟ ਸਿੱਟੇ ਵਜੋਂ ਇਸ ਤੋਂ ਨਿਕਲਣ ਵਾਲੀ ਪੀੜਾ ਅੱਜ ਸਾਨੂੰ ਸਾਰਿਆਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਚੁੱਭ ਰਹੀ ਹੈ। ਵਾਯੂਮੰਡਲ ਵਿੱਚ ਫੈਲ ਰਿਹਾ ਕਾਰਖਾਨਿਆਂ ਦਾ ਬੇਲੋੜਾ ਧੂੰਆਂ, ਕਾਰਬਨ- ਡਾਇਆਕਸਾਈਡ, ਕਾਰਬਨ ਮੋਨੋਆਕਸਾਈਡ, ਸਲਫਰ ਡਾਇਆਕਸਾਈਡ, ਨਾਈਟ੍ਰੋਜਨ ਆਕਸਾਈਡ, ਗੈਸਾਂ, ਮੈਟਲ ਦੇ ਅੰਸ਼, ਵਾਯੂ- ਮੰਡਲ ਨੂੰ ਪ੍ਰਦੂਸ਼ਿਤ ਕਰਨ ਵਿੱਚ ਮੋਹਰੀ ਮੰਨੇ ਜਾਂਦੇ ਹਨ ਇਹ ਸਭ ਵੱਡੀਆਂ-ਵੱਡੀਆਂ ਚਮੜਾ ਰੰਗਣ, ਲੋਹਾ ਤੇ ਪਲਾਸਟਿਕ ਢਾਲਣ, ਇੱਟਾਂ ਬਣਾਉਣ, ਕੀਟ-ਨਾਸ਼ਕ ਦਵਾਈਆਂ ਸੀਮਿੰਟ ਬਣਾਉਣ ਵਾਲੇ ਕਾਰਖਾਨਿਆਂ ਵਿੱਚੋਂ ਨਿਕਲਣ ਵਾਲੇ ਫੋਕਟ ਪਦਾਰਥਾਂ ਦੇ ਧੂੰਏਂ ਤੋਂ ਪੈਦਾ ਹੁੰਦੀਆਂ ਹਨ ਜਿਹੜੀਆਂ ਮਨੁੱਖੀ ਸਰੀਰਾਂ ਨੂੰ ਜਿੱਥੇ ਜ਼ੁਕਾਮ, ਗਲੇ, ਖਾਂਸੀ ਤੇ ਅੱਖਾਂ ਵਿੱਚ ਜਲਣ ਵਰਗੀਆਂ ਬੀਮਾਰੀਆਂ ਪੈਦਾ ਕਰਦੀਆਂ ਹਨ ਉੱਥੇ ਦਮਾਂ ਤੇ ਕੈਂਸਰ ਵਰਗੀਆਂ ਜਾਨਲੇਵਾ ਬੀਮਾਰੀਆਂ ਲਗਾ ਕੇ ਵੀ ਮਨੁੱਖੀ ਸ਼ਿਕਾਰ ਕਰ ਰਹੀਆਂ ਹਨ। ਕਾਰਬਨ-ਮੋਨੋਆਕਸਾਈਡ ਗੈਸ ਤਾਂ ਮਨੁੱਖ ਦੇ ਸਰੀਰ ਵਿੱਚੋਂ ਲਾਲ ਸੈੱਲਾਂ ਵਿਚਲੀ ਖਿੱਚਣ ਵਾਲੀ ਆਕਸੀਜਨ ਗੈਸ ਨੂੰ ਘੱਟ ਕਰਕੇ ਮਨੁੱਖਾਂ ਨੂੰ ਮੌਤ ਦੇ ਕਗਾਰ ‘ ਤੇ ਖੜ੍ਹਾ ਕਰ ਰਹੀ ਹੈ। ਰੁੱਖਾਂ ਦੀ ਬੇਤਹਾਸ਼ਾ ਕਟਾਈ ਨਾਲ ਹੋ ਰਹੇ ਪ੍ਰਦੂਸ਼ਿਤ ਵਾਯੂ-ਮੰਡਲ ਨਾਲ ਕੇਵਲ ਮਨੁੱਖੀ ਸੰਸਾਰ ਹੀ ਨਹੀਂ ਸਗੋਂ ਧਰਤੀ ਦੀ ਜਿੱਥੇ ਉਪਜਾਊ ਸ਼ਕਤੀ ਘਟੀ ਹੈ ਉੱਥੇ ਪਾਣੀ ਦੇ ਜ਼ਹਿਰੀਲੇ ਹੋਣ ਕਾਰਨ ਦਰਿਆਵਾਂ ਤੇ ਸਮੁੰਦਰਾਂ ਵਿਚਲੇ ਅਨੇਕਾਂ ਜੀਵ-ਜੰਤੂਆਂ ਲਈ ਜਿਊਣਾ ਵੀ ਔਖਾ ਹੋ ਗਿਆ ਹੈ। ਕੌਣ ਨਹੀਂ ਜਾਣਦਾ ਕਿ ਉੱਚੀ ਆਵਾਜ਼ ਸਾਡੀ ਸੁਣਨ-ਸ਼ਕਤੀ ਲਈ ਬਹੁਤ ਹੀ ਘਾਤਕ ਹੈ। ਇਹ ਰਿਹਾਇਸ਼ੀ ਖੇਤਰ ਵਿੱਚ 55 ਡੈਸੀਬਨ ਦਿਨ ਵੇਲੇ ਤੇ 45 ਡੈਸੀਬਲ ਰਾਤ ਵੇਲੇ ਹੋਣੀ ਚਾਹੀਦੀ ਹੈ। ਡਿਸਕੋ ਮਿਊਜਿਕ ਤਾਂ 120 ਡੈਸੀਬਲ ਤੱਕ ਆਵਾਜ਼ ਪੈਦਾ ਕਰਦਾ ਹੈ । ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿੱਚ ਅੱਜ ਧਾਰਮਿਕ, ਸਮਾਜੀ ਤੇ ਰਾਜਨੀਤਕ ਪ੍ਰੋਗਰਾਮਾਂ ਵਿੱਚ ਵੱਧ ਤੋਂ ਵੱਧ ਆਵਾਜ਼ ਪੈਦਾ ਕਰਕੇ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਹ ਦੁਸ਼ਮਣੀ ਲੈਣ ਵਾਲੀ ਗੱਲ ਹੈ ਕਿ ਬਹੁਤੀ ਆਵਾਜ਼ ਪੈਦਾ ਕਰਨ ਵਾਲੇ ਇਹ ਨਹੀਂ ਜਾਣਦੇ ਕਿ ਇਸ ਤਰ੍ਹਾਂ ਕੰਨਾਂ ਵਿੱਚ ਬਹਿਰਾਪਨ, ਬਲੱਡ-ਪ੍ਰੈਸ਼ਰ, ਦਿਲ ਦੇ ਰੋਗ, ਪਾਚਣ-ਸ਼ਕਤੀ ਵਿੱਚ ਵਿਗਾੜ ਤੇ ਮਾਨਸਿਕ ਪ੍ਰੇਸ਼ਾਨੀ ਪੈਦਾ ਹੁੰਦੀ ਹੈ । ਪ੍ਰੈਸ਼ਰ ਹਾਰਨ ਵਜਾਉਣੇ ਭਾਵੇਂ ਸਰਕਾਰੀ ਤੌਰ ’ਤੇ ਮਨ੍ਹਾ ਹਨ ਪਰ ਕਦੀ ਵੀ ਇਸ ਵੇਲੇ ਪ੍ਰਸ਼ਾਸਨ ਨੇ ਗੌਲਿਆ ਨਹੀਂ। ਬੱਸ ਸਟੈਂਡਾਂ ਉੱਪਰ ਖੜ੍ਹੀਆਂ ਬੱਸਾਂ ਦੇ ਡਰਾਈਵਰ ਕਾਫ਼ੀ ਦੇਰ ਤੱਕ ਇੰਜਣ ਸਟਾਰਟ ਰੱਖਦੇ ਹਨ। ਕਦੀ ਕਿਸੇ ਟਰਾਂਸਪੋਰਟ ਅਧਿਕਾਰੀ ਨੇ ਇਹ ਨਹੀਂ ਸੋਚਿਆ ਕਿ ਇਸ ਤਰ੍ਹਾਂ ਤੇਲ ਬਲਣ ਨਾਲ ਜਿੱਥੇ ਹਵਾ ਪ੍ਰਦੂਸ਼ਿਤ ਹੁੰਦੀ ਹੈ ਉੱਥੇ ਤੇਲ ਅਜਾਈਂ ਜਾਂਦਾ ਹੈ ਜਿਹੜਾ ਸਾਨੂੰ ਬਹੁਤ ਔਖਿਆਈ ਨਾਲ ਪ੍ਰਾਪਤ ਹੁੰਦਾ। ਜ਼ਰੂਰੀ ਕੰਮਾਂ ਅਧੀਨ ਸਕੂਟਰ ਤਾਂ ਵਰਤਣੇ ਹੀ ਹਨ ਪਰ ਛੋਟੇ ਬੱਚਿਆਂ ਨੂੰ ਕੀ ਸਕੂਲੇ ਸਕੂਟਰ ’ਤੇ ਭੇਜਣਾ ਜ਼ਰੂਰੀ ਹੈ ? ਅਨੇਕਾਂ ਵਾਹਨ ਲੋੜੋਂ ਵੱਧ ਡੀਜ਼ਲ ਦਾ ਧੂੰਆਂ ਸੜਕ ’ਤੇ ਚੱਲਦਿਆਂ ਛੱਡਦੇ ਹਨ, ਪਰ ਕਿਸੇ ਅਧਿਕਾਰੀ ਪਾਸ ਸਮਾਂ ਹੈ ਜਿਹੜਾ ਇਨ੍ਹਾਂ ਨੂੰ ਸਮਝਾ ਸਕੇ ਕਿ ਉਹ ਹਵਾ ਵਿੱਚ ਜ਼ਹਿਰ ਨਾ ਘੋਲਣ । ਵੱਡੇ - ਵੱਡੇ ਟਾਇਰਾਂ ਨੂੰ ਅੰਗ ਲਾ ਕੇ ਵੀ ਹਵਾ ਬਹੁਤ ਜ਼ਹਿਰੀਲੀ ਬਣਦੀ ਜਾ ਰਹੀ ਹੈ । ਵਾਤਾਵਰਣ ਬਾਰੇ ਦਿੱਲੀ ਮੰਤਰਾਲੇ ਨੇ ਸਾਲ 1994 ਵਿੱਚ ਜਿਹੜੀਆਂ 84 ਉਦਯੋਗਿਕ ਇਕਾਈਆਂ ਨੂੰ ਪ੍ਰਦੂਸ਼ਣ ਫੈਲਾਉਣ ਦੇ ਦੋਸ਼ ਵਜੋਂ ਬੰਦ ਕਰ ਦਿੱਤਾ ਹੈ ਉਨ੍ਹਾਂ ਵਿੱਚ ਬਹੁਤੀਆਂ ਗੰਨਾਂ, ਕਾਗਜ਼, ਦਵਾਈਆਂ ਦੀਆਂ ਇਕਾਈਆਂ ਸ਼ਾਮਲ ਹਨ ਜਿਹੜੀਆਂ ਅਜੇ ਵੀ ਆਪਣੇ ਫ਼ਰਜ਼ਾਂ ਤੋਂ ਕੋਤਾਹੀ ਕਰ ਰਹੀਆਂ ਹਨ। ਅਜੋਕੇ ਯੁੱਗ ਵਿੱਚ ਮਨੁੱਖ ਏਨਾ ਰੁੱਝਿਆ ਹੋਇਆ ਹੈ ਕਿ ਉਸ ਪਾਸ ਸਮਾਂ ਹੀ ਨਹੀਂ ਕਿ ਉਹ ਆਪਣੇ ਆਲੇ - ਦੁਆਲੇ ਪ੍ਰਕਿਰਤੀ ਵਿੱਚ ਹੋ ਰਹੇ ਬਦਲਾਵ ਵੱਲ ਝਾਤ ਮਾਰ ਸਕੇ। ਅਨੇਕਾਂ ਜੀਵ ਮਨੁੱਖ ਵੱਲੋਂ ਕੀਤੀ। ਬਰਬਾਦੀ ਕਾਰਨ ਧਰਤੀ ਤੋਂ ਅਲੋਪ ਹੋ ਚੁੱਕੇ ਹਨ। ਵਧ ਰਹੀ ਆਬਾਦੀ ਵੀ ਧਰਤੀ ਦੇ ਪ੍ਰਦੂਸ਼ਣ ਦਾ ਕਾਰਨ ਬਣ ਰਹੀ ਹੈ। ਇਸ ਨਾਲ ਕਰੋੜਾਂ ਲੋਕਾਂ ਲਈ ਨਵੇਂ ਘਰ ਬਣਾਉਣ ਹਿੱਤ ਧਰਤੀ ਮੁੱਲ ਲਈ ਜਾਂਦੀ ਹੈ। ਇੱਥੇ ਹੀ ਬੱਸ ਨਹੀਂ, ਉਨ੍ਹਾਂ ਲੋਕਾਂ ਦੀਆਂ ਸਹੂਲਤਾਂ ਲਈ ਰੇਲ ਪਟੜੀਆਂ, ਸੜਕ ਬਣਾਉਣ ਤੇ ਆਰਥਿਕ ਲੋੜਾਂ ਨੂੰ ਪੂਰਿਆਂ ਕਰਨ ਹਿੱਤ ਉਦਯੋਗਿਕ ਇਕਾਈਆਂ ਸਥਾਪਿਤ ਕਰਨ ਵਾਸਤੇ ਜਿੱਥੇ ਉਪਜਾਊ ਧਰਤੀ ਘਟ ਰਹੀ ਹੈ ਉੱਥੇ ਬਹੁਤ ਸਾਰੇ ਨਾਲ ਲੱਗਦੇ ਹਰੇ ਭਰੇ ਰੁੱਖਾਂ ਨੂੰ ਵੀ ਕੱਟਿਆ ਜਾ ਰਿਹਾ ਹੈ । ਜੋ ਅਸੀਂ ਆਪਣੇ ਪੈਰਾਂ ’ਤੇ ਆਪ ਹੀ ਛੁਰਾਂ ਨਹੀਂ ਮਾਰ ਰਹੇ, ਸਗੋਂ ਆਉਣ ਵਾਲੀਆਂ ਨਸਲਾਂ ਸਾਨੂੰ ਤਦ ਹੀ ਮੁਆਫ਼ ਕਰਨਗੀਆਂ ਜੇਕਰ ਅਸੀਂ ਉਨ੍ਹਾਂ ਲਈ ਧਰਤੀ ਨੂੰ ਹਰਾ-ਭਰਾ ਰਹਿਣ ਦੇਈਏ । ਸਜਾਵਟੀ ਰੁੱਖ ਹੀ ਕੇਵਲ ਕਾਫ਼ੀ ਨਹੀਂ, ਪਿੰਡਾਂ ਵਿੱਚ ਪਿੱਪਲ, ਬੋਹੜ, ਅੰਬ, ਨਿੰਮ, ਜਾਮਨ ਤਾਂ ਖਤਮ ਹੀ ਕਰ ਦਿੱਤੇ ਗਏ ਹਨ। ਇਨ੍ਹਾਂ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਨਾਲ ਕਈ ਅਜਿਹੇ ਪਰਿੰਦਿਆਂ ਦੀਆਂ ਨਸਲਾਂ ਖ਼ਤਮ ਹੋਣ ਕਿਨਾਰੇ ਹਨ, ਜਿਹੜੀਆਂ ਹਾਨੀਕਾਰਕ ਕੀੜਿਆਂ ਨੂੰ ਖਾ ਕੇ ਮਨੁੱਖੀ ਜੀਵਨ ਤੇ ਫ਼ਸਲਾਂ ਨੂੰ ਸੁਰੱਖਿਅਤ ਬਣਾਉਂਦੀਆਂ ਹਨ। ਕਈ ਸ਼ਹਿਰਾਂ ਵਿੱਚ ਸੜਕਾਂ ਦੇ ਵਿਚਕਾਰ ਫ਼ਲਦਾਰ ਬੂਟੇ ਲਗਾਏ ਗਏ ਹਨ। ਇਹ ਬਹੁਤ ਸ਼ਲਾਘਾਯੋਗ ਕਦਮ ਹੈ ਪਰ ਇਨ੍ਹਾਂ ਬੂਟਿਆਂ ਨੂੰ ਪਾਣੀ ਕਿਸ ਨੇ ਦੇਣਾ ਹੈ, ਇਹ ਸ਼ਾਇਦ ਕਿਸੇ ਵੀ ਸੋਚਣਾ ਮੁਨਾਸਿਬ ਨਹੀਂ ਸਮਝਿਆ, ਸਿੱਟੇ ਵਜੋਂ ਬਹੁਤੇ ਬੂਟੇ ਆਪੇ ਹੀ ਦਮ ਤੋੜ ਗਏ। ਅੰਮ੍ਰਿਤਸਰ ਸ਼ਹਿਰ ਵੀ ਜਿਸ ਰਫ਼ਤਾਰ ਨਾਲ ਪ੍ਰਦੂਸ਼ਿਤ ਹੋ ਰਿਹਾ ਹੈ ਜੇਕਰ ਇਸ ਵੱਲ ਪੰਜਾਬੀਆਂ ਨੇ ਤੁਰੰਤ ਧਿਆਨ ਨਾ ਦਿੱਤਾ ਤਾਂ ਇਸ ਸਿਫ਼ਤੀ ਦੇ ਘਰ ਵਿੱਚ ਆਉਣ ਵਾਲੇ ਲੋਕ ਵਾਪਸੀ ’ਤੇ ਇਸ ਬਾਰੇ ਕੀ ਕਹਿਣਗੇ, ਇਹ ਤਾਂ ਅਸੀਂ ਸਭ ਸਮਝ ਚੁੱਕੇ ਹਾਂ। ਲੋੜ ਹੈ ਹਰ ਮਨੁੱਖ ਨੂੰ ਇਸ ਪ੍ਰਥਾਇ ਕੁਝ ਉਸਾਰੂ ਉਪਰਾਲਾ ਕਰਨ ਦੀ ਅਤੇ ਜਿਹੜੀਆਂ ਸਵੈ-ਸੇਵੀ ਸੰਸਥਾਵਾਂ ਇਸ ਪਾਸੇ ਉਚੇਚਾ ਧਿਆਨ ਦੇ ਰਹੀਆਂ ਹਨ ਉਨ੍ਹਾਂ ਨੂੰ ਸਰਕਾਰਾਂ ਵਿਸ਼ੇਸ਼ ਤੌਰ ’ਤੇ ਮਾਲੀ ਮਦਦ ਦੇਣ ਤਾਂ ਕਿ ਉਹ ਹੋਰ ਉਤਸ਼ਾਹ ਨਾਲ ਕੰਮ ਕਰਨ।

(ਬਾਕੀ ਸਫ਼ਾ 31 ’ਤੇ)



# ਅਣਚਾਹੀ ਅਵਾਜ਼ ਦਾ ਸਿਹਤ ’ਤੇ ਅਸਰ

ਪ੍ਰੋ. ਮਨਿੰਦਰ ਸਿੱਧੂ

ਅਣਚਾਹੀ ਅਵਾਜ਼ ਕਿਸੇ ਵੀ ਕੰਮ ਵਿੱਚ ਰੁਕਾਵਟ ਪਾਉਣ ਵਾਲੀ ਅਵਾਜ਼ ਨੂੰ ਕਹਿੰਦੇ ਹਨ। ਇਹ ਅਵਾਜ਼ ਉਸ ਸਮੇਂ ਹੀ ਪ੍ਰੇਸ਼ਾਨ ਕਰਦੀ ਹੈ ਜਦੋਂ ਕੰਮ ਕਰਨ ਵਾਲਾ ਵਿਅਕਤੀ ਕਿਸੇ ਆਸ ਕੰਮ ਲਈ ਅਤੇ ਕਿਸੇ ਖਾਸ ਸਮੇਂ ਉੱਤੇ ਅਵਾਜ਼ ਨੂੰ ਰੁਕਾਵਟ ਮਹਿਸੂਸ ਕਰੇ , ਜਿਵੇਂ ਟੈਲੀਫ਼ੋਨ ਕਰਦੇ ਸਮੇਂ ਨਾਲ ਬੈਠੇ ਪਤਵੰਤੇ ਆਪਸ ਵਿੱਚ ਗੱਲ ਕਰਨ ਜਾਂ ਪੜ੍ਹ ਰਹੇ ਬੱਚੇ ਕੋਲ ਬੈਠ ਕੇ ਖਬਰਾਂ, ਗਾਣੇ ਆਦਿ ਸੁਣਨ, ਉਸ ਸਮੇਂ ਇਕ ਅਣਚਾਹੀ ਅਵਾਜ਼ ਹੁੰਦੀ ਹੈ।ਘਰ ਦੇ ਭਾਂਡਿਆਂ ਅਤੇ ਯੰਤਰਾਂ ਤੋਂ, ਆਂਢ-ਗੁਆਂਢ ਦੀਆਂ ਅਵਾਜ਼ਾਂ, ਉੱਚੀ ਰੇਡੀਓ ਚਲਾਉਣ, ਸਪੀਕਰਾਂ ਨਾਲ ਜਾਂ ਕਿਸੇ ਵੀ ਚੀਜ਼ ਤੋਂ ਸ਼ੋਰ ਉਤਪੰਨ ਹੁੰਦਾ ਹੈ ਤਾਂ ਇਸ ਨਾਲ ਕੰਮ ਦੀ ਰਫ਼ਤਾਰ ਅਤੇ ਸਹੀ ਕੰਮ ਕਰਨ ਵਿੱਚ ਰੁਕਾਵਟ ਪੈਂਦੀ ਹੈ। ਇਸ ਦੇ ਸਿੱਟੇ ਵਜੋਂ ਇਸ ਦਾ ਬਹੁਪੱਖੀ ਅਸਰ ਗੱਲਬਾਤ ਵਿੱਚ, ਗੁੱਸਾ ਦੁਆਉਣ ਵਿੱਚ, ਸਾਂਤਮਈ ਨੀਂਦ ਵਿੱਚ, ਉੱਚੀ-ਉੱਚੀ ਬੋਲਣ ਦੀ ਆਦਤ ਵਿੱਚ ਸਿਰਦਰਦ ਚਿੜਚਿੜਾਪਨ ਪੈਦਾ ਕਰਨ ਵਿੱਚ ਮਦਦਗਾਰ ਸਿੱਧ ਹੁੰਦਾ ਹੈ। ਸ਼ੋਰ ਸ਼ਰਾਬੇ ਤੋਂ ਪੈਦਾ ਹੋਇਆ ਬੋਲਾਪਣ :- ਜਦੋਂ ਕਿਸੇ ਵਿਅਕਤੀ ਨੂੰ ਅਵਾਜ਼ਾਂ ਵਾਰ-ਵਾਰ ਉਤੇਜਿਤ ਕਰਦੀਆਂ ਹੋਣ ਤਾਂ ਸ਼ੁਰੂ ਵਿੱਚ ਤਾਂ ਕਦੇ-ਕਦੇ ਵਿਅਕਤੀ ਬੋਲਾਪਨ ਮਹਿਸੂਸ ਕਰਦਾ ਹੈ। ਪ੍ਰੰਤੂ ਜਦੋਂ ਵਿਅਕਤੀ ਲਗਾਤਾਰ ਇਸ ਦੇ ਮਾਹੌਲ ਵਿੱਚ ਰਹਿੰਦਾ ਹੈ ਤਾਂ ਉਹ ਵਿਅਕਤੀ ਹਮੇਸ਼ਾਂ ਲਈ ਸ਼ੋਰ ਤੋਂ ਪੈਦਾ ਹੋਏ ਬੋਲੇਪਨ ਦਾ ਸ਼ਿਕਾਰ ਹੋ ਜਾਂਦਾ ਹੈ, ਜਿਵੇਂ ਰੇਲਵੇ ਇੰਜਣ ਦਾ ਡਰਾਈਵਰ ਜਾਂ ਕਿਸੇ ਫੈਕਟਰੀ ਵਿੱਚ ਕੰਮ ਕਰਨ ਵਾਲਾ ਕਾਮਾ ਜੋ ਸਾਰੀ ਡਿਊਟੀ ਉੱਚੀਆਂ-ਉੱਚੀਆਂ ਅਵਾਜ਼ਾਂ ਵਿੱਚ ਦਿੰਦਾ ਹੈ, ਇਸ ਤਰ੍ਹਾਂ ਬੋਲੇਪਨ ਦਾ ਸ਼ਿਕਾਰ ਹੁੰਦਾ ਹੈ। ਦਿਮਾਗ਼ੀ ਅਤੇ ਰੁਚੀ ਵਾਲੇ ਕੰਮਾਂ ਵਿੱਚ ਵਿਘਨ :- ਇਹ ਆਮ ਦੇਖਣ ਵਿੱਚ ਆਉਂਦਾ ਹੈ ਕਿ ਜਿਨ੍ਹਾਂ ਕੰਮਾਂ ਵਿੱਚ ਇਕ ਆਸ ਰੁਚੀ ਦੀ ਜਾਂ ਦਿਮਾਗ਼ ਦੀ ਲੋੜ ਹੁੰਦੀ ਹੈ। ਉਨ੍ਹਾਂ ਵਿੱਚ ਅਣਚਾਹੀ ਅਵਾਜ਼ ਦੀ ਰੁਕਾਵਟ ਜ਼ਿਆਦਾ ਮਹਿਸੂਸ ਕੀਤੀ ਜਾਂਦੀ ਹੈ, ਜਿਵੇਂ ਜਦੋਂ ਇਕ ਗ੍ਰਹਿਣੀ ਬਹੁਤ ਔਖਾ ਜਿਹਾ ਨਮੂਨਾ ਸਵੈਟਰ ਉੱਤੇ ਪਾ ਰਹੀ ਹੋਵੇ ਤਾਂ ਅਕਸਰ ਨਮੂਨਾ ਵਾਰ-ਵਾਰ ਉਧੇੜਨਾ ਪੈਂਦਾ ਹੈ ਜਾਂ ਜਦੋਂ ਕੋਈ । ਬੱਚਾ ਕੋਈ ਔਖਾ ਜਿਹਾ ਸੁਆਲ ਕੱਢ ਰਿਹਾ ਹੋਵੇ ਤਾਂ ਨਾਲ ਬੈਠੇ ਕਿਸੇ ਵਿਅਕਤੀ ਦੇ ਮੰਜਾ ਖਿੱਚਣ ਜਾਂ ਗੱਲਾਂ ਆਦਿ ਨਾਲ ਕੰਮ ਵਿੱਚ ਵਿਘਨ ਪੈਂਦਾ ਹੈ । ਇਸ ਤਰਾਂ ਦੇ ਮਾਹੌਲ ਵਿੱਚ ਕੰਮ ਕਰਨ ਵਾਲੇ ਦਿਮਾਗ ’ਤੇ ਜ਼ਿਆਦਾ ਜ਼ੋਰ ਪਾਉਣਾ ਪੈਂਦਾ ਪ੍ਰੰਤੂ ਸਫਲਤਾ ਓਨੀ ਜ਼ਿਆਦਾ ਨਹੀਂ ਮਿਲਦੀ। ਜਦੋਂ ਕਿਸੇ ਕੰਮ ਲਈ ਵਿਅਕਤੀ ਦੀ ਇੱਛਾ ਬਹੁਤ ਜਿਆਦਾ ਹੋਵੇ ਤਾਂ ਅਚਾਨਕ ਆਉਣ ਵਾਲੀ ਅਵਾਜ਼, ਰਸੋਈ ਵਿੱਚ ਭਾਂਡਾ ਡਿੱਗਣ ਨਾਲ ਜਾਂ ਰੁਕ-ਰੁਕ ਕੇ ਆਉਣ ਵਾਲੀ ਅਵਾਜ਼, ਨਲਕੇ ਤੋਂ ਪਾਣੀ ਦਾ ਟਿੱਪ-ਟਿੱਪ ਡਿੱਗਣਾ ਜਿਆਦਾ ਅਸਰ ਪਾਉਂਦੀਆਂ ਹਨ ਬਨਿਸਬਤ ਲਗਾਤਾਰ ਆਉਣ ਵਾਲੀ ਅਵਾਜ਼ ਦੇ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਲਗਾਤਾਰ ਧਿਆਨ ਮੰਗਣ ਵਾਲੇ ਕੰਮ-ਕਾਜ ਉੱਤੇ ਜਾਂ ਫਿਰ ਕਿਸੇ ਵੀ ਕੰਮ ਨੂੰ ਸਿੱਖਣ ਉੱਤੇ ਸੈਰ ਦਾ ਅਸਰ ਜ਼ਿਆਦਾ ਖਰਾਬ ਪੈਂਦਾ ਹੈ। ਸੌਣ ਵਿੱਚ ਰੁਕਾਵਟ :- ਰਾਤ ਨੂੰ ਸੌਂ ਕੇ ਸਾਰੀ ਸ਼ਕਤੀ ਨੂੰ ਇਕੱਠਾ ਕਰਨਾ ਸਾਡੇ ਸਰੀਰ ਲਈ ਬਹੁਤ ਜ਼ਰੂਰੀ ਹੈ। ਸੌਂਦੇ ਸਮੇਂ ਸਾਡੀਆਂ ਮਾਸਪੇਸ਼ੀਆਂ, ਦਿਮਾਗ਼ ਅਤੇ ਕਈ ਹੋਰ ਅੰਗਾਂ ਦਾ ਕੰਮ ਸਿਫ਼ਰ ਦੇ ਲਗਭਗ ਪਹੁੰਚ ਜਾਂਦਾ ਹੈ । ਜੇ ਨੀਂਦ ਘੱਟ ਹੋਵੇ ਜਾਂ ਸੌਣ ਸਮੇਂ ਸ਼ਾਂਤਮਈ ਨੀਂਦ ਨਾ ਮਿਲੇ ਤਾਂ ਇਸ ਦਾ ਅਸਰ ਸਿਹਤ ਉੱਤੇ ਸਿੱਧਾ ਪੈਂਦਾ ਹੈ। ਇਹ ਰੁਕਾਵਟ ਉੱਚੀਆਂ ਅਵਾਜ਼ਾਂ ਤੋਂ ਉਤਪੰਨ ਹੋ ਸਕਦੀ ਹੈ ਜਾਂ ਅਚਾਨਕ ਤੇ ਰੁਕ-ਰੁਕ ਕੇ ਆਉਣ ਵਾਲੀਆਂ ਅਵਾਜ਼ਾਂ ਜ਼ਿਆਦਾ ਉਤੇਜਿਕਤਾ ਪੈਦਾ ਕਰਦੀਆਂ ਹਨ। ਕਾਰਨ ਕੋਈ ਵੀ ਹੋਵੇ, ਪਰੰਤੂ ਜੇ ਰਾਤ ਦੀ ਨੀਂਦ ਪੂਰੀ ਨਹੀਂ ਹੁੰਦੀ ਤਾਂ ਇਸ ਨਾਲ ਦਿਮਾਗ਼ ਦੀਆਂ ਨਾੜੀਆਂ ਖਿੱਚੀਆਂ ਮਹਿਸੂਸ ਹੁੰਦੀਆਂ ਹਨ। ਨੀਂਦ ਘਟ ਜਾਂਦੀ ਹੈ ਜਿਸ ਦਾ ਸਿੱਧਾ ਅਸਰ ਪਾਚਣ ਸ਼ਕਤੀ, ਖ਼ੂਨ ਦੇ ਦੌਰੇ ਜਾਂ ਦਬਾਓ ਉੱਪਰ ਪੈਂਦਾ ਹੈ। ਸ਼ੋਰ ਪੈਦਾ ਹੋਣ ਦੇ ਸੋਮੇ :- ਬਾਹਰਲੇ ਸਮੇਂ ਗਲੀ ਦੀਆਂ ਅਵਾਜ਼ਾਂ, ਹੋਕੇ ਦੇਣ ਵਾਲਿਆਂ ਦੀਆਂ ਅਵਾਜ਼ਾਂ , ਬੱਚਿਆਂ ਦੇ ਰੌਲੇ - ਗੌਲੇ ਨਾਲ, ਕੁੱਤਿਆਂ ਦੇ ਭੌਂਕਣ ਨਾਲ, ਪੈਰਾਂ ਦੀਆਂ ਜੁੱਤੀਆਂ ਨਾਲ, ਚੱਲਣ ਵਾਲੀਆਂ ਗੱਡੀਆਂ ਤੇ ਹੋਰਨਾਂ ਨਾਲ ਸਪੀਕਰ, ਵਿਆਹ ਸ਼ਾਦੀ ਦੇ ਬੈਂਡਾਂ ਨਾਲ। ਅੰਦਰੂਨੀ ਸੋਮੇ :- ਦਰਵਾਜ਼ਾ ਜ਼ੋਰ ਨਾਲ ਬੰਦ ਕਰਨ ਸਮੇਂ, ਬੋਲਣ ਨਾਲ, ਚੱਲਣ ਨਾਲ, ਰੇਡੀਓ, ਟੈਲੀਵਿਜ਼ਨ, ਗਾਉਣ ਵਜਾਉਣ ਦੇ ਯੰਤਰਾਂ ਨਾਲ, ਟੂਟੀ ਦੀ ਟਿੱਪ-ਟਿੱਪ ਨਾਲ, ਕੱਪੜੇ ਧੋਣ ਵਾਲੀ ਮਸ਼ੀਨ, ਮਿਕਸੀਆਂ, ਪ੍ਰੈੱਸ਼ਰ ਕੁੱਕਰ, ਸਟੋਵ, ਪਾਣੀ ਦੀ ਮੋਟਰ, ਚਾਰਾ ਕੱਟਣ ਵਾਲਾ ਟੋਕਾ, ਪੱਖੇ, ਕੂਲਰ ਆਦਿ। ਅਜਿਹੇ ਕਈ ਸੋਮੇ ਹਨ ਜੋ ਅਣਚਾਹੀ ਅਵਾਜ਼ ਪੈਦਾ ਕਰਦੇ ਹਨ। ਅਣਚਾਹੀਆਂ ਅਵਾਜ਼ਾਂ ਨਾਲ ਕਈ ਤਰ੍ਹਾਂ ਦੇ ਸਰੀਰ ਉੱਤੇ ਸਿੱਧੇ ਅਸਰ ਪੈਂਦੇ ਹਨ, ਜਿਵੇਂ ਦਿਲ ਦੀ ਧੜਕਣ ਇਕ ਦਮ ਵਧ ਜਾਂਦੀ ਹੈ, ਖ਼ੂਨ ਦਾ ਦਬਾਓ ਇਕ ਦਮ ਉੱਚਾ ਹੋ ਜਾਂਦਾ ਹੈ, ਨਬਜ਼ਾਂ ਤੇਜ਼ ਚੱਲਣ ਲੱਗ ਪੈਂਦੀਆਂ ਹਨ ਜਿਸ ਨਾਲ ਪਾਚਣ ਸ਼ਕਤੀ ਇਕਦਮ ਘਟ ਜਾਂਦੀ ਹੈ। ਮਾਸਪੇਸ਼ੀਆਂ ਅਤੇ ਨਾੜੀਆਂ ਇਕ ਦਮ ਤਣ ਜਾਂਦੀਆਂ ਹਨ, ਕੰਨਾਂ ਦਾ ਬੋਲਾਪਨ ਵੀ ਹੋ ਸਕਦਾ ਹੈ। ਇਸ ਤੋਂ ਇਲਾਵਾ ਕੰਮਸਫਲਤਾ ਵੀ ਘੱਟ ਮਿਲਦੀ ਹੈ । ਕਿਸੇ ਮਨ- ਪਸੰਦ ਕੰਮ ਕਰਨ ਦੀ ਇੱਛਾ ਵੀ ਖਤਮ ਕਰਨ ਲਈ ਜ਼ਿਆਦਾ ਸਮੇਂ ਅਤੇ ਦਿਮਾਗ਼ ਦੀ ਲੋੜ ਪੈਂਦੀ ਹੈ, ਕੰਮ ਵਿੱਚ ਘਟ ਜਾਂਦੀ ਹੈ। ਅਣਚਾਹੀ ਆਵਾਜ਼ ਤੋਂ ਬਚਣ ਦਾ ਸੁਝਾਅ : ਗੁਰਦੁਆਰੇ ਤੋਂ ਕੁਝ ਹਟ ਕੇ ਦੂਰ ਬਣਾਉਣਾ ਚਾਹੀਦਾ ਹੈ। ਘਰ ਹਮੇਸ਼ਾ ਫੈਕਟਰੀਆਂ, ਰੇਲਵੇ ਸਟੇਸ਼ਨਾਂ, ਬੱਸ ਅੱਡੇ, ਮੰਦਰ, ਗਿਰਜੇ, ਘਰ ਕਦੇ ਵੀ ਭਰੇ ਬਜਾਰ ਵਿੱਚ ਨਾ ਬਣਾਉ।

(ਬਾਕੀ ਸਫ਼ਾ 31 ’ਤੇ)

ਨਾਵਲ

ਕਿਸ਼ਤ-4

# ਇਹ ਖ਼ੁਦਕੁਸ਼ੀ ਨਹੀਂ ਜਨਾਬ ! ਕਤਲ ਹੈ



ਹਰਦੇਵ ਗਰੇਵਾਲ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਇਹ ਗਗਨ ਵੀ ਕੰਬਖ਼ਤ, ਬਹੁਤ ਸਾਰੀ ਬਾਤੇਂ ਕਰਦਾ ਸੀ, ਪਰ ਕਰਦਾ ਬਹੁਤ ਪਯਾਰੀ ਬਾਤੇਂ ਸੀ।

ਯਾਰ ਗਗਨ, ਤੈਨੂੰ ਸਾਹ ਲੈਣ 'ਚ ਤਕਲੀਫ਼ ਤਾਂ ਨੀ ਹੁੰਦੀ ?

ਕਿਉਂ ? ਮੈਨੂੰ ਕਿਹੜਾ ਦਮਾ ਹੋਇਐ ? ਨਾ ਤੂੰ ਵਿੱਚੋਂ ਆਹ ਗੱਲ ਕਿਉਂ ਪੁੱਛੀ ਬਈ ? ਮੈਂ ਸੋਚਿਆ ਬਈ ਯਾਰ ਤੂੰ ਆਪਣੇ ਮੂੰਹ ਨੂੰ ਮੌਕਾ ਕਿਹੜੇ ਵੇਲੇ ਦਿੰਨਾਂ ਹੁੰਨਾ ਸਾਹ ਲੈਣ ਦਾ ? ਹਰ ਵੇਲ਼ੇ ਤਾਂ ਬੋਲ-ਬੋਲ ਕੇ

ਕੰਮ ਲਾਈ ਰੱਖਦਾਂ ਵਿਚਾਰੇ ਨੂੰ।

ਬੜਾ ਗੰਭੀਰ ਜਿਹਾ ਮੂੰਹ ਬਣਾ ਕੇ ਤੇਜਵੀਰ ਨੇ ਆਖਿਆ, ਤਾਂ ਗਗਨ ਠਹਾਕਾ ਮਾਰ ਕੇ ਹੱਸ ਪਿਆ।

ਵਾਹ ਬਈ ਵਾਹ, ਅਸੀਂ ਲੋਕਾਂ ਤੇ ਚੋਟਾਂ ਲਾਈਦੀਆਂ ਨੇ ਤੇ ਤੂੰ ਯਾਰਾਂ ਤੇ ਈ ਚੋਟ ਕਰ ਗਿਆ ? ਚੱਲ ਹਾਸੇ ਆਲ਼ੀ ਗੱਲ ਤਾਂ ਹਾਸੇ 'ਚ ਰਹੀ, ਪਰ ਯਾਰ, ਦੱਸ ਤਾਂ ਸਹੀ ? ਤੂੰ ਉਥੇ ਅਜਿਹਾ ਕੀ ਦੇਖ ਲਿਆ, ਬਈ ਤੂੰ ਜਾ ਕੇ ਸਿੱਧਾ ਏ.ਐੱਸ.ਆਈ. ਨਾਲ਼ ਈ ਪੰਗਾ ਲੈ ਲਿਆ ? ਆਖ਼ਿਰ ਤੂੰ ਕਹਿਣਾ ਕੀ ਚਾਹੁੰਦਾ ਸੀ, ਜਿਹੜਾ ਐਨਾ ਖਿਝਾਤਾ ਤੂੰ ਉਹਨੂੰ ? ਹੁਣ ਕਦਰਨ ਗੰਭੀਰ ਸੁਰ 'ਚ ਗਗਨ ਨੇ ਸਵਾਲ ਕੀਤਾ।

ਯਾਰ ਗਗਨ, ਤੂੰ ਉਸ ਕਮਰੇ 'ਚ ਕੋਈ ਖ਼ਾਸ ਗੱਲ ਨੋਟ ਨਹੀਂ ਕੀਤੀ ?

ਯਾਰ ਸਿੱਧੀ ਜਿਹੀ ਗੱਲ ਆ, ਬਈ ਆਪਾਂ ਤਾਂ ਫ਼ੋਟੋਆਂ ਖਿੱਚੀਆਂ, ਤਾਂ ਜੋ ਇੱਕ-ਅੱਧੀ ਅਖ਼ਬਾਰ 'ਚ ਛਪਣ ਦੇ ਕੰਮ ਆ ਜੇ।

ਨਾਲ਼ੇ ਪੁਲਿਸ ਦੀ ਸਟੇਟਮੈਂਟ ਤਾਂ ਮਿਲ਼ ਈ ਗਈ ਐ। ਹੋਰ ਕਿਸੇ ਗੱਲ ਨਾਲ਼ ਆਪਾਂ ਨੂੰ ਕੀ ਮਤਲਬ ? ਬਾਕੀ ਜੋ ਦੇਖਣਾ- ਪਰਖਣਾ ਹੋਇਆ, ਤਾਂ ਉਹ ਕੰਮ ਪੁਲਿਸ ਦਾ ਏ, ਆਪੇ ਈ ਦੇਖੀ-ਪਰਖੀ ਜਾਊ ਉਹ। ਪਰ ਯਾਰ, ਤੂੰ ਆਖ਼ਿਰ ਕਹਿਣਾ ਕੀ ਚਾਹੁੰਨੈਂ ? ਗੱਲ ਮੇਰੇ ਪੱਲੇ ਜਿਹੀ ਨੀ ਪਈ।

ਗੱਲ ਬੜੀ ਸਿੱਧੀ ਜਿਹੀ ਆ ਗਗਨ ਕਿ ਇਹ ਮਾਮਲਾ ਖ਼ੁਦਕੁਸ਼ੀ ਦਾ ਨਹੀਂ, ਬਲਕਿ ਕਤਲ ਦਾ ਏ। ਤੇਜਵੀਰ ਨੇ ਬੜੇ ਈ ਠਰ੍ਹੰਮੇ ਨਾਲ਼ ਕਿਹਾ।

ਹੈਂਅ ? ਉਹ ਕਿਵੇਂ ਯਾਰ ? ਜਦੋਂ ਤੂੰ ਏ.ਐੱਸ.ਆਈ. ਨਾਲ਼ ਪੰਗਾ ਪਾਈ ਜਾਂਦਾ ਸੀ, ਉਦੋਂ ਵੀ ਮੈਂ ਪੁੱਛਦਾ-ਪੁੱਛਦਾ ਈ ਰਹਿ ਗਿਆ, ਬਈ ਤੂੰ ਕਹਿਣਾ ਕੀ ਚਾਹੁੰਨੈਂ ? ਠੀਕ ਈ ਤਾਂ ਕਹਿੰਦਾ ਸੀ ਸਰਦੂਲ ਸਿਓਂ ਬਈ ਮਾਮਲਾ ਸਿੱਧਾ-ਸਾਦਾ ਖ਼ੁਦਕੁਸ਼ੀ ਦਾ ਐ। ਹੋ ਸਕਦਾ ਹੁਣ ਤੱਕ ਕੋਈ ਸੁਸਾਈਡ-ਨੋਟ ਵੀ ਲੱਭ ਗਿਆ ਹੋਣਾ ਪੁਲਿਸ ਨੂੰ ਓਥੋਂ। ਤੇ ਜੇ ਨਹੀਂ ਵੀ ਮਿਲਦਾ, ਤਾਂ ਵੀ ਕਿਹੜਾ ਸੁਸਾਈਡ ਦੀ ਕੋਈ ਰੂਲ-ਬੁੱਕ ਬਣੀ ਹੋਈ ਆ, ਬਈ ਸੁਸਾਈਡ ਕਰਨ ਵਾਲ਼ੇ ਨੇ ਸੁਸਾਈਡ-ਨੋਟ ਲਿਖਣਾ ਈ ਲਿਖਣਾ, ਨਹੀਂ ਤਾਂ ਸੁਸਾਈਡ ਕੈਂਸਲ ਸਮਝੀ ਜਾਊਗੀ ?

ਗਗਨ, ਮੇਰੇ ਵੀਰ ! ਮੈਨੂੰ ਸ਼ੱਕ ਈ ਨਹੀਂ, ਬਲਕਿ ਪੱਕਾ ਯਕੀਨ ਐ ਕਿ ਇਹ ਪੱਕਾ ਕਤਲ ਦਾ ਮਾਮਲਾ ਏ। ਗਿਣੀ-ਮਿੱਥੀ ਸਾਜ਼ਿਸ਼ ਦੇ ਤਹਿਤ ਕੀਤਾ ਗਿਆ ਇੱਕ ਸੋਚਿਆ-ਸਮਝਿਆ ਕਤਲ। ਆਈ ਰਿਪੀਟ, ਮੌਕੇ ਦੀ ਗਰਮੀ ਖਾ ਕੇ ਕੀਤਾ ਗਿਆ ਕਤਲ ਨਹੀਂ, ਬਲਕਿ ਪਹਿਲਾਂ ਤੋਂ ਹੀ ਸੋਚਿਆ ਵਿਚਾਰਿਆ ਪਲੈਨਡ ਮਰਡਰ।

ਪਰ ਯਾਰ, ਤੇਰੇ ਇਸ ਯਕੀਨ ਦਾ ਆਧਾਰ ਕੀ ਐ ? ਕੁਝ ਮੇਰੇ ਪੱਲੇ ਵੀ ਤਾਂ ਪਾ।

ਇੱਕ ਨਹੀਂ, ਬਲਕਿ ਕਈ ਐਸੇ ਤੱਥ ਨੇ, ਜੋ ਇਸ ਗੱਲ ਦੀ ਚੀਕ-ਚੀਕ ਕੇ ਗਵਾਹੀ ਦੇ ਰਹੇ ਨੇ ਕਿ ਇਹ ਇੱਕ ਪ੍ਰੀ-ਪਲੈਨਡ ਕੋਲਡ ਬਲੱਡਿਡ ਮਰਡਰ ਏ। ਪਹਿਲੀ ਗੱਲ, ਕੁੜੀ ਓਸ ਕਮਰੇ 'ਚ ਇਕੱਲੀ ਰਹਿ ਰਹੀ ਸੀ, ਉਹ ਵੀ ਇੱਕ-ਦੋ ਦਿਨਾਂ ਤੋਂ ਨਹੀਂ ਬਲਕਿ ਲੰਬੇ ਅਰਸੇ ਤੋਂ। ਤੇ ਸ਼ਾਇਦ, ਸ਼ਾਇਦ ਕੀ, ਬਲਕਿ ਪੱਕਾ, ਉਸਦੇ ਉਸ ਕਮਰੇ 'ਚ ਇਕੱਲੇ ਹੀ ਹੋਣ ਦੀ ਕਾਤਿਲ ਨੂੰ ਪੱਕੀ ਖ਼ਬਰ ਸੀ। ਅਮੂਮਨ ਹੋਸਟਲ 'ਚ ਇੱਕ ਕਮਰਾ ਦੋ ਜਾਂ ਦੋ ਤੋਂ ਵੱਧ ਕੁੜੀਆਂ ਦੁਆਰਾ ਸ਼ੇਅਰ ਕੀਤਾ ਜਾਂਦਾ ਏ, ਜਿਵੇਂ ਕਿ ਉਸ ਕਮਰੇ 'ਚ ਪਏ ਦੋ ਮੰਜਿਆਂ ਤੋਂ ਹੀ ਜ਼ਾਹਿਰ ਸੀ ਕਿ ਕਮਰਾ ਦੋ ਕੁੜੀਆਂ ਦੇ ਰਹਿਣ ਲਈ ਸੀ। ਪਰ ਮ੍ਰਿਤਕਾ ਦੀ ਰੂਮ-ਮੇਟ ਕੁੜੀ ਕਾਫ਼ੀ ਅਰਸੇ ਤੋਂ ਉਸ ਰੂਮ ਤੋਂ ਕਿਨਾਰਾ ਕਰ ਚੁੱਕੀ ਸੀ।

ਹਾਂ, ਵਾਰਦਾਤ ਦੀ ਰਾਤ ਤਾਂ ਜ਼ਾਹਿਰ ਹੀ ਏ ਕਿ ਕੁੜੀ ਉਥੇ ਇਕੱਲੀ ਹੀ ਸੀ, ਪਰ ਦੂਜੀ ਕੁੜੀ ਇੱਕ-ਦੋ ਦਿਨ ਲਈ ਵੀ ਤਾਂ ਆਪਣੇ ਘਰ ਵਗੈਰਾ ਗਈ ਹੋ ਸਕਦੀ ਐ ? ਇਹ ਤੂੰ ਕਿਵੇਂ ਕਹਿ ਸਕਦਾ ਐਂ ਕਿ ਲੰਮੇ ਅਰਸੇ ਤੋਂ ਕੁੜੀ ਇਕੱਲੀ ਰਹਿ ਰਹੀ ਸੀ ? ਨਾਲ਼ੇ ਇਹਦਾ ਇਸ ਘਟਨਾ ਨੂੰ ਕਤਲ ਸਾਬਿਤ ਕਰਨ 'ਚ ਕੀ ਰੋਲ ਆ ?

ਲੁੱਕ ਗਗਨ ! ਓਸ ਕਮਰੇ 'ਚ ਦੂਸਰੀ ਕੁੜੀ ਦੀ ਪ੍ਰੈਜ਼ੈਂਸ ਦੀ ਚੁਗਲੀ ਕਰਦੀ ਕੋਈ ਵੀ ਚੀਜ਼ ਮੌਜੂਦ ਨਹੀਂ। ਮੰਜੇ ਤੇ ਬਿਸਤਰਾ ਨਹੀਂ, ਬੁੱਕ-ਸ਼ੈਲਫ ਤੇ ਕੋਈ ਕਿਤਾਬ ਨਹੀਂ, ਸਟੱਡੀ-ਟੇਬਲ ਵੀ ਬਿਲਕੁਲ ਖ਼ਾਲੀ, ਮਤਲਬ ਕਿ ਮ੍ਰਿਤਕਾ ਦੀ ਰੂਮ ਮੇਟ ਦੀ ਪੱਕੇ ਤੌਰ 'ਤੇ ਰਵਾਨਗੀ ਦੀ ਹਰ ਨਿਸ਼ਾਨੀ। ਤੇ ਉੱਤੋਂ ਦੀ ਉਸਦਾ ਕਿਸੇ ਨੇ ਵੀ, ਕਿਤੇ ਵੀ, ਕੋਈ ਜ਼ਿਕਰ ਨਹੀਂ ਕੀਤਾ। ਮਤਲਬ ਸਾਫ਼ ਐ ਕਿ ਉਸਦੀ ਰਵਾਨਗੀ ਉਥੋਂ ਪੱਕੇ ਤੌਰ 'ਤੇ ਅਤੇ ਕਾਫ਼ੀ ਦੇਰ ਪਹਿਲਾਂ ਹੋ ਚੁੱਕੀ ਸੀ। ਵੈਸੇ ਇਹ ਮੇਰਾ ਅੰਦਾਜ਼ਾ ਹੀ ਏ, ਬਾਕੀ ਇਸਦੀ ਤਸਦੀਕ ਤਾਂ ਆਰਾਮ ਨਾਲ਼ ਹੋ ਸਕਦੀ ਏ। ਇਹ ਤਾਂ ਕੋਈ ਮਿਸਟਰੀ ਨਹੀਂ।

ਵਜ਼ਨ ਤਾਂ ਹੈ ਯਾਰ ਤੇਰੀ ਗੱਲ 'ਚ, ਤਾਂ ਫੇਰ ਅਗਲਾ ਪੁਆਇੰਟ ?

ਦੂਜੀ ਗੱਲ ਇਹ ਕਿ ਮੈਨੂੰ ਪੱਕਾ ਯਕੀਨ ਐ, ਕਿ ਉਥੇ ਕੋਈ ਸੁਸਾਈਡ-ਨੋਟ ਨਹੀਂ ਮਿਲਣ ਲੱਗਾ। ਕੌਮਨ ਸੈਂਸ ਦੀ ਗੱਲ ਏ ਕਿ ਸੁਸਾਈਡ-ਨੋਟ ਲਿਖਣ ਵਾਲ਼ਾ ਸੁਸਾਈਡ-ਨੋਟ ਨੂੰ ਛੁਪਾ ਕੇ ਕਿਉਂ ਰੱਖੇਗਾ ? ਉਹ ਤਾਂ ਐਸੀ ਜਗ੍ਹਾ ਤੇ ਪਿਆ ਹੋਣਾ

ਚਾਹੀਦਾ ਸੀ ਕਿ ਬੜੀ ਆਸਾਨੀ ਨਾਲ਼, ਠਾਹ ਕਰਕੇ ਬਰਾਮਦ ਹੁੰਦਾ, ਨਹੀਂ ਤਾਂ ਕੋਈ ਸੁਸਾਈਡ-ਨੋਟ ਲਿਖੇਗਾ ਹੀ ਕਿਉਂ ?

ਗਗਨ ਮੇਰੇ ਵੀਰ, ਜੇ ਮਾਮਲਾ ਖ਼ੁਦਕੁਸ਼ੀ ਦਾ ਹੀ ਹੁੰਦਾ ਤਾਂ ਸੁਸਾਈਡ ਨੋਟ ਦਾ ਮਿਲਣਾ ਬਹੁਤ ਸੁਭਾਵਿਕ ਸੀ। ਕਿਉਂਕਿ ਅਮੂਮਨ ਖ਼ੁਦਕੁਸ਼ੀ ਜਿਹਾ ਕਦਮ, ਕੋਈ ਸ਼ਖ਼ਸ ਕਦੋਂ ਉਠਾਉਂਦਾ ਹੈ ? ਜਦੋਂ ਉਹ ਆਪਣੀ ਜ਼ਿੰਦਗੀ 'ਚ ਪੂਰੀ ਤਰ੍ਹਾਂ ਨਿਰਾਸ਼ ਹੋ ਚੁੱਕਾ ਹੋਵੇ। ਕਿਸੇ ਐਸੀ ਸਮੱਸਿਆ ਨਾਲ਼ ਦੋ-ਚਾਰ ਹੋਵੇ, ਜਿਸਦਾ ਹੱਲ ਕਰਦਿਆਂ-ਕਰਦਿਆਂ ਪੂਰੀ ਤਰ੍ਹਾਂ ਨਾਲ ਥੱਕ ਚੁੱਕਾ ਹੋਵੇ। ਮੌਜੂਦਾ ਹਾਲਾਤਾਂ ਅੱਗੇ ਪੂਰੀ ਤਰ੍ਹਾਂ ਨਾਲ਼ ਹਾਰ ਚੁੱਕਾ ਹੋਵੇ। ਤੇ ਜਾਂ ਫਿਰ ਕਿਸੇ ਵਿਅਕਤੀ-ਵਿਸ਼ੇਸ਼ ਤੋਂ ਹੀ ਐਨਾ ਕੁ ਤੰਗ ਆ ਚੁੱਕਾ ਹੋਵੇ, ਜਾਂ ਕਿਸੇ ਦੁਆਰਾ ਜਾਣ-ਬੁੱਝ ਕੇ ਏਨਾ ਜ਼ਿਆਦਾ ਤੰਗ ਕੀਤਾ ਜਾ ਰਿਹਾ ਹੋਵੇ, ਕਿ ਜਾਨ ਦੇਣ ਤੋਂ ਬਿਨਾਂ ਛੁਟਕਾਰਾ ਮੁਮਕਿਨ ਹੀ ਨਾ ਲੱਗੇ। ਖ਼ੁਦਕੁਸ਼ੀ ਕੋਈ ਬਾਈ ਦ ਵੇ ਟਾਈਪ ਕਰਨ ਵਾਲ਼ਾ ਕੰਮ ਨਹੀਂ ਗਗਨ, ਕਿ ਚਲੋ, ਇਹ ਵੀ ਟਰਾਈ ਕਰ ਲੈਨੇ ਆਂ। ਬਲਕਿ ਕਿਸੇ ਵੀ ਮਸਲੇ ਦਾ ਇਹ ਅੰਤਿਮ ਹੱਲ ਏ। ਮੁਸੀਬਤ ਤੋਂ ਨਿਜਾਤ ਪਾਉਣ ਦਾ ਆਖ਼ਰੀ ਰਸਤਾ, ਦ ਲਾਸਟ ਵੇ ! ਤੇ ਅਮੂਮਨ ਖ਼ੁਦਕੁਸ਼ੀ ਦਾ ਰਾਹ ਅਖ਼ਤਿਆਰ ਕਰਨ ਵਾਲ਼ਾ ਵਿਅਕਤੀ, ਦੁਨੀਆਂ ਨੂੰ ਇਹ ਦੱਸ ਕੇ ਜਾਣ ਦਾ ਚਾਹਵਾਨ ਹੁੰਦਾ ਹੈ ਕਿ ਕਿਉਂ ? ਕਿਉਂ ਉਸਨੂੰ ਇਹ ਆਖ਼ਰੀ ਰਸਤਾ ਅਖ਼ਤਿਆਰ ਕਰਨਾ ਪਿਆ ? ਹਾਂ, ਇਸ ਥੀਅਰੀ 'ਚ ਅਪਵਾਦ ਹੋ ਸਕਦਾ ਏ, ਇਹ ਮੈਂ ਮੰਨ ਕੇ ਚੱਲਦਾਂ, ਪਰ ਇਹ ਕੋਈ ਇੱਕਲੌਤੀ ਵਜ੍ਹਾ ਨਹੀਂ ਮੇਰੇ ਨੁਕਤੇ-ਨਿਗਾਹ ਦੀ। ਕੌਫ਼ੀ ਦਾ ਇੱਕ ਹੋਰ ਘੁੱਟ ਭਰਦਿਆਂ ਤੇਜਵੀਰ ਨੇ ਕਿਹਾ। ਗਗਨ ਹੈਰਾਨੀ ਨਾਲ ਤੇਜਵੀਰ ਦੇ ਚਿਹਰੇ ਵੱਲ ਇੱਕ-ਟੱਕ ਦੇਖੀ ਜਾ ਰਿਹਾ ਸੀ ਅਤੇ ਉਤਸੁਕਤਾ ਵੱਸ ਆਪਣੇ ਸਾਹਮਣੇ ਪਏ ਕੌਫ਼ੀ ਦੇ ਮੱਗ ਨੂੰ ਤਕਰੀਬਨ ਭੁੱਲ ਹੀ ਚੁੱਕਾ ਸੀ।



ਤੇਜਵੀਰ ਨੂੰ ਕੌਫ਼ੀ ਦਾ ਘੁੱਟ ਭਰਦਿਆਂ ਦੇਖ, ਉਸਨੂੰ ਵੀ ਆਪਣੀ ਕੌਫ਼ੀ ਦੀ ਯਾਦ ਆਈ ਤੇ ਦੇਖਾ-ਦੇਖੀ ਉਸਨੇ ਵੀ ਮੱਗ ਚੁੱਕ ਕੇ ਮੂੰਹ ਨੂੰ ਲਾ ਲਿਆ।

ਤੇ ਹੁਣ ਸੁਣ ਅਸਲੀ ਵਜ੍ਹਾ ਮੇਰੇ ਯਕੀਨ ਦੀ। ਗਗਨ ਮੇਰੇ ਦੋਸਤ, ਵਾਰਦਾਤ ਦੀ ਰਾਤ ਉਸ ਕਮਰੇ 'ਚ ਇੱਕ ਹੋਰ ਸ਼ਖ਼ਸ ਵੀ ਮੌਜੂਦ ਸੀ, ਤੇ ਉਹ ਵੀ ਇੱਕ ਮਰਦ।

ਹੈਂਅ ? ਗਗਨ ਦੀ ਕੌਫ਼ੀ ਮੱਗ 'ਚੋਂ ਉੱਛਲਣੋਂ ਮਸਾਂ ਹੀ ਬਚੀ।

ਯਾਰ ! ਗਰਲਜ਼ ਹੋਸਟਲ ਹੋਵੇ, ਰਾਤ ਦਾ ਵਕਤ ਹੋਵੇ, ਇਕੱਲੀ ਲੜਕੀ ਦਾ ਕਮਰਾ ਹੋਵੇ, ਤੇ ਕਮਰੇ 'ਚ ਇੱਕ ਮਰਦ ਦੀ ਮੌਜੂਦਗੀ ? ਮਿੱਤਰ ਪਿਆਰੇ ! ਉਹ ਕੋਈ ਕੰਪਨੀ ਬਾਗ਼ ਨੀਂ, ਬਈ ਜੀਹਦਾ ਜੀਅ ਆਵੇ, ਮੂੰਹ ਚੱਕਿਆ ਤੇ ਸੈਰ ਤੇ ਤੁਰ ਪਿਆ। ਮਰਦ ਜ਼ਾਤ ਨੂੰ ਤਾਂ ਅਗਲੇ ਦਿਨੇ ਨੀਂ ਫੜਕਣ ਦਿੰਦੇ ਓਥੇ, ਤੇ ਤੂੰ ਰਾਤ ਦੀ ਗੱਲ ਕਰਦਾਂ ? ਉਹ ਬੇਬੇ ਨੀ ਬੈਠੀ ਦੇਖੀ ਹੋਸਟਲ ਦੇ ਗੇਟ ਮੂਹਰੇ ਤੂੰ ? ਤੇ ਨਾਲ਼ੇ ਉਹ ਮੈਡਮ ਸਰਲਾ ਲਤਾ ਜੀ, ਹੋਸਟਲ ਵਾਰਡਨ ਸਾਹਿਬਾ ! ਮਾੜੇ-ਮੋਟੇ ਬੰਦੇ ਨੂੰ ਤਾਂ ਉਹ ਕੱਚਾ ਈ ਖਾ ਜੇ ਧਰਮ ਨਾਲ਼।

ਨਹੀਂ ਵੀਰ ਜੀ, ਨਹੀਂ। ਓਸ ਕਮਰੇ 'ਚ, ਓਸ ਰਾਤ ਇੱਕ ਜਣਾ, ਇੱਕ ਜਣੀ ਨਹੀਂ, ਆਈ ਰਿਪੀਟ ਇੱਕ ਜਣਾ, ਹੋਰ ਮੌਜੂਦ ਸੀ। ਕਿਵੇਂ ਸੀ, ਕੌਣ ਸੀ ? ਇਹ ਮੈਂ ਹਾਲੇ ਨਹੀਂ ਕਹਿ ਸਕਦਾ, ਪਰ ਮੌਜੂਦ ਯਕੀਨਨ ਸੀ। ਤੇ ਉਹ ਵੀ ਮ੍ਰਿਤਕਾ ਦਾ ਜਾਣਿਆ-ਪਛਾਣਿਆ, ਐਨ ਉਸਦੀ ਮਰਜ਼ੀ ਨਾਲ਼, ਉਸਦੀ ਸੰਗਤ 'ਚ ਜਾਂ ਕਹੋ ਉਸਦੇ ਪਹਿਲੂ 'ਚ ਸ਼ਤ-ਪ੍ਰਤੀਸ਼ਤ ਮੌਜੂਦ ਸੀ। ਓਸ ਸ਼ਖ਼ਸ ਦੀ ਆਮਦ, ਨਾ ਹੀ ਅਚਨਚੇਤ ਸੀ ਤੇ ਨਾ ਹੀ ਜ਼ਬਰਦਸਤੀ। ਓਸ ਮਿਸਟਰੀ ਮੈਨ ਦੀ ਆਮਦ ਪਹਿਲਾਂ ਤੋਂ ਹੀ ਤੈਅਸ਼ੁਦਾ ਸ਼ੈਡਿਊਲ ਦੇ ਮੁਤਾਬਿਕ ਸੀ। ਤੇ ਗਗਨ ਮੇਰੇ ਵੀਰ ! ਮ੍ਰਿਤਕਾ ਦੀ ਸਹਿਮਤੀ ਨਾਲ਼, ਆਈ ਰਿਪੀਟ, ਸਹਿਮਤੀ ਨਾਲ਼ ਦੋਹਾਂ ਨੇ ਵਾਰਦਾਤ ਹੋਣ ਤੋਂ ਪਹਿਲਾਂ ਸੰਭੋਗ ਕੀਤਾ, ਏ ਸੈਕਸ਼ੁਅਲ ਇੰਟਰਕੋਰਸ ਵਿੱਦ ਮਿਊਚੁਅਲ ਕੰਨਸੈਂਟ ਮਾਈ ਡੀਅਰ ਫਰੈਂਡ !

ਐਨੀਆਂ ਗੱਲਾਂ, ਐਨ ਹਿੱਕ ਠੋਕ ਕੇ, ਐਨੇ ਯਕੀਨ ਨਾਲ਼ ? ਉਹ ਕਿਵੇਂ ਬਈ ?

ਗਗਨ ਹੈਰਾਨੀ ਅਤੇ ਉਤਸੁਕਤਾ, ਦੋਵਾਂ ਦੀ ਚਰਮ ਸੀਮਾ ਤੇ ਪਹੁੰਚ ਚੁੱਕਾ ਸੀ।

ਗ਼ੌਰ ਕਰ ਗਗਨ, ਕਮਰੇ ਦੇ ਫ਼ਰਸ਼ ਤੇ ਪਿਆ ਉਹ ਸਿਗਰਟ ਦਾ ਟੋਟਾ। ਚਲੋ ਮੰਨਿਆ ਕਿ ਉਹ ਸਿਗਰਟ ਮ੍ਰਿਤਕਾ ਨੇ ਵੀ ਪੀਤੀ ਹੋ ਸਕਦੀ ਏ, ਭਾਵੇਂ ਕਿ ਉਸ ਸਿਗਰਟ ਦੇ ਟੋਟੇ ਤੇ ਲਿਪਸਟਿਕ ਦਾ ਕੋਈ ਨਿਸ਼ਾਨ ਨਜ਼ਰ ਨਹੀਂ ਆ ਰਿਹਾ ਸੀ, ਜਦੋਂ ਕਿ ਮ੍ਰਿਤਕਾ ਦੇ ਬੁੱਲ੍ਹਾਂ ਤੇ ਮਰਦੇ ਵਕਤ ਵੀ ਲਿਪਸਟਿਕ ਮੌਜੂਦ ਸੀ, ਪਰ ਫੇਰ ਵੀ ਮੰਨਿਆ ਕਿ ਸਿਗਰਟ ਉਸਨੇ ਪੀਤੀ ਹੋ ਸਕਦੀ ਏ, ਪਰ ਉਹ ਕੰਡੋਮ ਦਾ ਖਾਲੀ ਪਾਊਚ ? ਉਹ ਇੱਕ ਐਸਾ ਸਬੂਤ ਹੈ ਗਗਨ, ਜੋ ਚੀਕ-ਚੀਕ ਕੇ ਗਵਾਹੀ ਦੇ ਰਿਹਾ ਕਿ ਉਸ ਕਮਰੇ ਚ, ਓਸ ਰਾਤ, ਇੱਕ ਆਦਮੀ ਮੌਜੂਦ ਸੀ।

ਦੋਵੇਂ ਸੰਭੋਗਰਤ ਹੋਏ, ਤਦੇ ਹੀ ਕੰਡੋਮ ਦੇ ਇਸਤੇਮਾਲ ਦੀ ਨੌਬਤ ਆਈ। ਦੇਖ ਲਈਂ, ਇਸਤੇਮਾਲਸ਼ੁਦਾ ਕੰਡੋਮ ਵੀ ਉਥੋਂ ਕਿਤੋਂ ਹੀ ਮਿਲ ਜਾਏਗਾ, ਜੇ ਪੁਲਿਸ ਨੇ ਬਾਰੀਕੀ ਨਾਲ਼ ਉਥੋਂ ਦੀ ਤਲਾਸ਼ੀ ਲਈ ਤਾਂ। ਪੋਸਟ-ਮਾਰਟਮ ਦੀ ਰਿਪੋਰਟ 'ਚ ਦੋਹਾਂ ਦੇ ਸੰਭੋਗਰਤ ਹੋਣ ਦੀ ਗੱਲ ਵੀ ਸਾਹਮਣੇ ਆ ਜਾਏਗੀ। ਬਾਕੀ ਕਮਰੇ ਦੇ ਫ਼ਰਸ਼ ਤੇ ਪਈ ਲੜਕੀ ਦੀ ਬ੍ਰਾ ਅਤੇ ਪੈਂਟੀ ਵੀ ਇਸੇ ਗੱਲ ਦੀ ਗਵਾਹੀ ਦੇ ਰਹੀਆਂ ਹਨ ਅਤੇ ਬਿਸਤਰੇ ਦੀ ਹਾਲਤ ਤੋਂ ਵੀ ਇਸ ਗੱਲ ਦਾ ਸਹਿਜੇ ਹੀ ਅੰਦਾਜ਼ਾ

ਲਗਾਇਆ ਜਾ ਸਕਦਾ ਹੈ। ਰਹੀ ਗੱਲ ਉਸਦੀ ਤੈਅਸ਼ੁਦਾ ਆਮਦ ਦੀ, ਤਾਂ ਲੜਕੀ ਦੀ ਹਾਲਤ ਵੱਲ ਗ਼ੌਰ ਕਰ ਗਗਨ।

ਲੜਕੀ ਦੇ ਚਿਹਰੇ 'ਤੇ ਮੇਕਅੱਪ ਦੀ ਪਰਤ ਹਾਲੇ ਵੀ ਮੌਜੂਦ ਸੀ। ਬੁੱਲ੍ਹਾਂ ਤੇ ਲਿਪਸਟਿਕ, ਜੋ ਸ਼ਾਇਦ ਸੰਭੋਗਰਤ ਅਵਸਥਾ 'ਚ ਬਿੱਖਰ ਗਈ ਹੋਣੀ ਏ, ਪਰ ਮੌਜੂਦ ਜ਼ਰੂਰ ਸੀ। ਇਸੇ ਤਰ੍ਹਾਂ ਅੱਖਾਂ 'ਚ ਕੱਜਲ ਦੀ ਹਾਲਤ ਵੀ ਬਿਲਕੁਲ ਸੇਮ, ਬਟ ਇਟ ਵਾਜ਼ ਦੇਅਰ। ਕਿਉਂ ਕਰ ਇੱਕ ਸੌਣ ਲੱਗੀ ਲੜਕੀ, ਤਾਜ਼ਾ-ਤਾਜ਼ਾ ਮੇਕਅੱਪ ਮੱਥ ਕੇ ਸੌਊਂਗੀ ਭਲਾਂ ? ਆਖ਼ਿਰ ਕਿਉਂ ਇੱਕ ਤਨਹਾ ਲੜਕੀ, ਰਾਤ ਨੂੰ ਸੈਕਸੀ ਲਾਂਜਰੀਜ਼ ਪਹਿਨ ਕੇ ਸੌਊਂਗੀ, ਜਿਸਨੂੰ ਪਹਿਨ ਕੇ ਸੌਣ ਚ ਅਸੁਵਿਧਾ ਮਹਿਸੂਸ ਹੁੰਦੀ ਹੈ ? ਵੀਰ ਮੇਰੇ ! ਰਾਤ ਨੂੰ ਸੌਣ ਲੱਗਿਆਂ ਔਰਤਾਂ ਮੇਕਅੱਪ ਲਗਾ ਕੇ ਨਹੀਂ, ਬਲਕਿ ਉਤਾਰ ਕੇ ਸੌਂਦੀਆਂ ਨੇ। ਤੂੰ ਵਿਆਹਿਆ- ਵਰਿ ਆ ਬੰਦਾ, ਮੇਰੇ ਨਾਲ਼ੋਂ ਬਿਹਤਰ ਜਾਣਦਾ ਹੋਏਂਗਾ। ਲੜਕੀ ਨੇ ਰਾਤ ਨੂੰ ਚਮਚਮਾਉਂਦਾ ਮੇਕਅੱਪ ਕੀਤਾ, ਸੈਕਸੀ

ਲਾਂਜਰੀਜ਼ ਪਹਿਨੀ, ਜਿਸਦਾ ਕੰਫ਼ਰਟ ਨਾਲ਼ ਕੋਈ ਸੰਬੰਧ ਨਹੀਂ, ਸੰਬੰਧ ਹੈ ਤਾਂ ਸਿਰਫ਼ ਅਤੇ ਸਿਰਫ਼ ਔਰਤ ਦੇ ਬਦਨ ਦੀ ਖ਼ੂਬਸੂਰਤੀ ਨੂੰ ਹੋਰ ਉਜਾਗਰ ਕਰਨ ਨਾਲ਼ ਹੈ। ਜਿਸਨੂੰ ਪਹਿਨਣ ਦਾ ਇੱਕੋ-ਇੱਕ ਮਕਸਦ, ਸਾਥੀ ਮਰਦ ਦੀਆਂ ਕਾਮ- ਭਾਵਨਾਵਾਂ ਨੂੰ ਉੱਤੇਜਿਤ ਕਰਨਾ ਹੀ ਹੈ ਬੱਸ। ਵੀਰ ਮੇਰੇ, ਲੜਕੀ ਅਤੇ ਕਮਰੇ ਦੇ ਹਾਲਾਤ, ਚੀਕ-ਚੀਕ ਕੇ ਗਵਾਹੀ ਦੇ ਰਹੇ ਨੇ ਕਿ ਉਸ ਰਾਤ ਓਸ ਕਮਰੇ 'ਚ ਇੱਕ ਮਰਦ ਜ਼ਾਤ ਮੌਜੂਦ ਸੀ, ਤੇ ਉਸਦੀ ਆਮਦ ਪਹਿਲਾਂ ਤੋਂ ਹੀ ਤੈਅਸ਼ੁਦਾ ਸੀ। ਨਾ ਸਿਰਫ਼ ਉਸਦੀ ਆਮਦ 'ਚ ਲੜਕੀ ਦੀ ਸਹਿਮਤੀ ਸੀ ਬਲਕਿ ਉਹ ਉਸ ਸ਼ਖ਼ਸ ਦੀ ਉਡੀਕ ਵਿਚ, ਹਾਰ-ਸ਼ਿੰਗਾਰ ਲਗਾ ਕੇ ਪੀਆ-ਮਿਲਨ ਦੀ ਰਾਹ ਦੇਖ ਰਹੀ ਸੀ। ਤੇ ਇਸਤੋਂ ਇਹ ਵੀ ਜ਼ਾਹਿਰ ਹੁੰਦਾ ਏ ਕਿ ਇਹ ਕੋਈ ਪਹਿਲੀ ਮੀਟਿੰਗ ਨਹੀਂ, ਬਲਕਿ ਸਿਲਸਿਲੇਵਾਰ ਮੁਲਾਕਾਤਾਂ ਦੀ ਹੀ ਇੱਕ ਕੜੀ ਸੀ, ਜੋ ਲੜਕੀ ਦੇ ਕਤਲ ਸਦਕਾ ਆਖ਼ਰੀ ਹੋ ਨਿੱਬੜੀ। ਤੇ ਇਹ ਵੀ ਕਿ ਲੜਕੀ ਦੀ ਰੂਮ ਮੇਟ ਕਾਫ਼ੀ ਦੇਰ ਤੋਂ, ਤੇ ਸ਼ਾਇਦ ਪੱਕੇ ਤੌਰ ਤੇ ਹੀ ਓਸ ਕਮਰੇ ਨੂੰ ਅਲਵਿਦਾ ਕਹਿ ਚੁੱਕੀ ਸੀ। ਤਾਂ ਹੀ ਤਾਂ ਇਹ ਮੁਲਾਕਾਤਾਂ ਦਾ ਸਿਲਸਿਲਾ ਬਣ ਪਾਇਆ। ਵਾਕਈ ਯਾਰ, ਗੱਲਾਂ ਵਿਚ ਤਾਂ ਪੂਰਾ ਦਮ ਆ ਤੇਰੀਆਂ 'ਚ। ਤੇਰੇ ਕਹਿਣ ਦਾ ਮਤਲਬ ਬਈ ਕਿਸੇ ਢੰਗ-ਤਰੀਕੇ ਨਾਲ਼, ਬੰਦਾ

ਕੁੜੀ ਦੇ ਕਮਰੇ ਚ ਪਹੁੰਚਿਆ, ਦੋਨਾਂ ਨੇ ਸੈਕਸ ਵੀ ਕੀਤਾ, ਤਾਂ ਫੇਰ ਕਤਲ ਦੀ ਨੌਬਤ ਕਿਉਂ ਆਈ ? ਕੋਈ ਤਕਰਾਰ ਹੋਈ ? ਤੇ ਤਕਰਾਰ ਐਨੀ ਵਧੀ, ਬਈ ਨੌਬਤ ਕਤਲ ਤੱਕ ਆ ਪਹੁੰਚੀ ?

ਨਹੀਂ ਗਗਨ, ਦੋਹਾਂ 'ਚ ਕੋਈ ਤਕਰਾਰ ਹੋਈ ਹੋਵੇ, ਤੇ ਤਕਰਾਰ ਏਨੀ ਵਧੀ ਹੋਵੇ ਕਿ ਨੌਬਤ ਕਤਲ ਤੱਕ ਆ ਗਈ ਹੋਵੇ, ਇਹ ਗੱਲ ਹਜ਼ਮ ਨਹੀਂ ਹੁੰਦੀ। ਕਿਉਂਕਿ ਫਿਰ ਇਹ ਖ਼ੁਦਕੁਸ਼ੀ ਵਾਲ਼ਾ ਸੀਨ ਵਿੱਚ ਫਿੱਟ ਹੋਣਾ ਮੁਸ਼ਕਿਲ ਸੀ। ਤੇ ਨਾਲ਼ੇ ਐਨੀ ਤਕਰਾਰਬਾਜ਼ੀ, ਜਿਸਦਾ ਸਿੱਟਾ ਕਤਲ ਤੱਕ ਜਾ ਪਹੁੰਚੇ, ਮੱਧਮ ਆਵਾਜ਼ 'ਚ ਨਹੀਂ ਹੋ ਸਕਦੀ। ਇਹੋ ਜਿਹੀ ਤਕਰਾਰਬਾਜ਼ੀ ਦੇ ਸਿੱਟੇ ਵਜੋਂ ਸ਼ੋਰ ਹੁੰਦਾ ਏ ਗਗਨ, ਜਿਸਨੂੰ ਆਸ-ਪਾਸ ਦੇ ਕਮਰਿਆਂ ਵਿੱਚ ਸੁਣਿਆ ਜਾ ਸਕਦਾ ਸੀ। ਝਗੜੇ ਦੀਆਂ ਆਵਾਜ਼ਾਂ ਦਾ ਆਸ-ਪਾਸ ਦੇ ਕਮਰਿਆਂ ਤੱਕ ਪਹੁੰਚਣਾ ਲਾਜ਼ਮੀ ਸੀ। ਤੇ ਉੱਤੋਂ ਦੀ ਇੱਕ ਬੰਦੇ ਦੀ ਆਵਾਜ਼ ਨੇ ਤਾਂ ਸਾਰੇ ਹੋਸਟਲ 'ਚ ਤਰਥੱਲੀ ਮਚਾ ਦੇਣੀ ਸੀ। ਭੁੱਲ ਗਿਆਂ ਗਗਨ ? ਕੁੜੀਆਂ ਦਾ ਹੋਸਟਲ ਐ ਭਰਾਵਾ ! ਪਰ ਕਤਲ ਤਾਂ ਹੋਇਆ ! ਤੇ ਹੋਇਆ ਵੀ ਇਉਂ, ਬਈ ਕਿਸੇ ਨੂੰ ਭਿਣਕ ਤੱਕ ਨੀ ਲੱਗੀ। ਤੇ ਨਾਲ਼ੇ ਰੱਸੀ ਜਿਹੀ ਆਈਟਮ, ਜਿਸਦਾ ਉਸ ਕਮਰੇ ਵਿਚ ਹੋਰ ਕੋਈ ਰੋਲ ਮੇਰੀ ਸਮਝ 'ਚ ਨਹੀਂ ਆਉਂਦਾ ਤੇ ਉਹ ਵੀ ਐਨ ਨਪੀ-ਤੁਲੀ, ਓਨੀ ਹੀ ਲੰਬੀ ਰੱਸੀ, ਜਿੰਨੀ ਦੀ ਜ਼ਰੂਰਤ ਸੀ ?

ਇਸੇ ਲਈ ਮੇਰਾ ਮੰਨਣਾ ਗਗਨ ਕਿ ਇਹ ਕਤਲ ਪ੍ਰੀ-ਪਲੈਨਡ ਸੀ। ਪਰ ਕਤਲ ਹੋਇਆ ਕਿਵੇਂ ? ਬੰਦੇ ਨੇ ਕਿਹਾ ਕਿ ਬੇਬੀ ਚੱਲ ਹੁਣ ਤੈਨੂੰ ਕਤਲ ਕਰਨ ਦਾ ਮੂਡ ਬਣ ਗਿਆ ਮੇਰਾ, ਤੇ ਬੇਬੀ ਨੇ ਕਿਹਾ ਓ ਕੇ ਡੀਅਰ, ਗੋ ਆੱਨ ? ਕੋਈ ਲੜਾਈ-ਝਗੜਾ ਨੀਂ, ਕੋਈ ਸੱਟ-ਫੇਟ ਨੀਂ। ਆਈ ਮੀਨ, ਜ਼ਾਹਰਾ ਤੌਰ 'ਤੇ ਤਾਂ ਕੋਈ ਸੱਟ-ਫੇਟ ਦਾ ਨਿਸ਼ਾਨ ਨੀ ਨਜ਼ਰ ਆਇਆ ਡੈੱਡ-ਬਾੱਡੀ ਤੇ। ਕੋਈ ਚੀਕ-ਚਿੱਲਾਹਟ ਨੀਂ, ਕੋਈ ਸ਼ੋਰ-ਸ਼ਰਾਬਾ ਨੀਂ ? ਐਨੀ ਆਸਾਨੀ ਨਾਲ਼ ਤਾਂ ਨਹੀਂ ਕਤਲ ਹੋ ਜਾਂਦਾ ਕੋਈ ਯਾਰ ?

ਇਸਦਾ ਜਵਾਬ ਤੇਰੇ ਕੈਮਰੇ 'ਚ, ਮੇਰੇ ਦੁਆਰਾ ਖਿੱਚੀਆਂ ਮੌਕਾਏ-ਵਾਰਦਾਤ ਦੀਆਂ ਤਸਵੀਰਾਂ 'ਚੋਂ ਤੈਨੂੰ ਮਿਲ਼ ਜਾਣਾ। ਟਰਾਈ... ?

ਗਗਨ ਨੇ ਆਪਣਾ ਡਿਜੀਟਲ ਕੈਮਰਾ ਕੱਢਿਆ ਅਤੇ ਕੈਮਰੇ ਦੇ ਪਿੱਛੇ ਲੱਗੀ ਸਕਰੀਨ ਤੇ ਮੌਕਾਏ-ਵਾਰਦਾਤ ਦੀਆਂ ਤਸਵੀਰਾਂ ਨੂੰ ਇੱਕ-ਇੱਕ ਕਰਕੇ ਦੇਖਣ ਲੱਗ ਪਿਆ। ਹਰੇਕ ਤਸਵੀਰ ਤੇਜਵੀਰ ਦੇ ਤਰਕਾਂ ਦੀ ਗਵਾਹੀ ਦਿੰਦੀ ਹੋਈ ਪ੍ਰਤੀਤ ਹੋ ਰਹੀ ਸੀ। ਤੇ ਫਿਰ ਮ੍ਰਿਤਕਾ ਦੀਆਂ ਬਾਹਾਂ ਵਾਲ਼ੀ ਤਸਵੀਰ ਤੇ ਗਗਨ ਦੀ ਨਿਗ੍ਹਾ ਜਾ ਠਹਿਰੀ।

ਓਹ ਮਾਈ ਗਾੱਡ, ਯੂ ਮੀਨ ?

ਬਿਲਕੁਲ ਸਹੀ ਪਹਿਚਾਣਿਆ ਗਗਨ। ਲੜਕੀ ਦੀਆਂ ਬਾਹਾਂ ਤੇ ਇਹ ਜੋ ਨਿਸ਼ਾਨ ਨਜ਼ਰ ਆ ਰਹੇ ਨੇ, ਇਹ ਜ਼ਰੂਰ ਇੰਜੈਕਸ਼ਨ ਦੀ ਸੂਈ ਦੇ ਨਿਸ਼ਾਨ ਨੇ।

**(ਚਲਦਾ)**



## ਸ਼ਰਧਾ ਰਾਮ ਫਿਲੌਰੀ

ਕਹਾਣੀ



# ਗਲ਼ੀ ਵਿੱਚ

ਅਹਿ ਸੁਣ ਕੇ ਪੰਜ ਸਤ ਕੁੜੀਆਂ, ਤ੍ਰੀਮਤਾਂ ਉਸ ਗਲ਼ੀ ਵਿੱਚੋਂ ਨਿਕਲ ਕੇ ਉਸ ਦੀ ਛਾਬੜੀ ਆਣ ਘੇਰੀ। ਕਿਸੇ ਆਖਿਆ ਭਾਈ ਮੈਨੂੰ ਛੁਕੜ ਦੇ, ਸਲੂਣੇ ਦੇਹ, ਤੇ ਕੋਈ ਬੋਲੀ ਮੇਰੇ ਲਈ ਦਮੜੀ ਦੀਆਂ ਸੇਮੀਆਂ ਚਾ ਤੋਲ, ਕਿਸੇ ਚਹੁੰ ਕੌਡਾਂ ਦਾ ਪਾਪੜ ਚਾ ਲੀਤਾ, ਤੇ ਕਿਸੇ ਅੱਧੀ ਦੀ ਦਾਲ ਪੱਤਰ ਪੁਰ ਚਾ ਪਵਾਈ। ਫੇਰ ਆਪੋ ਆਪਣੀਆਂ ਸਹੇਲੀਆਂ ਨੂੰ ਵਾਜਾਂ ਮਾਰਕੇ ਬੋਲੀਆਂ, ਨੀ ਬਸੰਤੇ ਦੀ ਮਾਂ, ਆ ਸਲੂਣੇ ਲੈ ਲੈ। ਕਿਸੇ ਆਖਿਆ, ਨੀ ਬੇਬੇ, ਮਣਸਾ ਦੇਈ ਆ ਪਾਪੜ ਵਿਕਦੇ ਹੈਨੇ। ਏਹਿ ਸੁਣਕੇ ਕੋਈ ਅੱਧੜਵੰਜੇ ਤੇ ਕੋਈ ਘੱਗਰੀ ਸੁੱਥਣ ਪਹਿਨਕੇ ਆਣ 'ਕਠੀਆਂ ਹੋਈਆਂ। ਜਾ ਛਾਬੜੀ ਵਾਲੇ ਵੇਖਿਆ ਕਿ ਕਿਧਰੇ ਮੂਲੋ ਮਣਸੀ ਅਤੇ ਉੱਡੀ ਵਹੁਕੜ ਬੈਠੀਆਂ ਹੈਨ ਅਤੇ ਕਿਧਰੇ ਗੁਜਰੀ ਮਾਲਣ ਤੇ ਨੰਦੋ ਰੂੜੀ ਖਲੋਤੀਆਂ ਹੈਨ ਤਾਂ ਆਖਿਆ ਹੁਣ ਤਾਂ ਮੇਰੀ ਛਾਬੜੀ ਵਿੱਚ ਥੁਹੜਾ ਹੀ ਸੌਦਾ ਰਹਿ ਗਿਆ ਏ ਏਹ ਬੀ ਤੁਸਾਂ ਨੂੰ ਖਰੀਦ ਲੈਣਾ ਚਾਹੀਯੇ। ਤੁਹਾਡੇ ਭਾਗਵਾਨਾਂ ਵਿਚੋਂ ਚੁੱਕਕੇ ਹੁਣ ਹੋਰ ਗਲ਼ੀ ਜਾਣਾ ਹੱਛਾ ਨਹੀਂ। ਸੋ ਕਿਸੇ ਹੋਰ ਗੁਆਂਢਣ ਨੂੰ ਵਾਜ ਮਾਰੋ ਖਾਂ ਜੋ ਏਹਿ ਸੌਦਾ ਬੀ ਇੱਥੇ ਹੀ ਵੇਚ ਜਾਵਾਂ ਤਾਂ ਆਪਸ ਵਿਚੀ ਆਖਣ ਲੱਗੀਆਂ ਭੈਣੋ ਸੱਚ ਆਖਦਾ ਜੇ ਦਮੜੀ ਦਮੜੀ ਹੋਰ ਖਰਚੋ। ਇੱਕ ਬੋਲੀ ਖਲੋ ਬੇ ਭਾਈ ਮੈਂ ਉਧਰ ਜਾ ਕੇ ਹੋਰਨਾਂ ਤ੍ਰੀਮਤਾਂ ਨੂੰ ਬੀ ਖਬਰ ਕਰਨੀ ਹਾਂ। ਜਾਂ ਉਸ ਉੱਪਰ ਜਾ ਕੇ ਛਾਬੜੀ ਵਾਲੇ ਦੀ ਗੱਲ ਕੀਤੀ ਤਾਂ ਕਈਆਂ ਵਹੁਟੀਆਂ ਬੀ ਕੁਝ ਖਰੀਦਣਾ ਚਾਹਿਆ। ਕਿਸੇ ਤਾਂ ਛਿੱਕੂ ਵਿਚ ਪੈਸਾ ਪਾ ਕੇ ਹੇਠਾਂ ਛਾਬੜੀ ਵਾਲੇ ਵਲ ਲਮਕਾ ਦਿੱਤਾ ਅਤੇ ਕਿਸੇ ਅਧੇਲੇ ਦਮੜੀ ਦੀਆਂ ਕੌਡੀਆਂ ਪਾ ਕੇ ਛਿੱਕੂ ਲਮਕਾਇਆ। ਛਾਬੜੀ ਵਾਲੇ ਪੈਸਾ ਕੌਡਾਂ ਕੱਢਕੇ ਜਾਂ ਛਿੱਕੂ ਵਿੱਚ ਸਲੂਣੇ ਪਕੌੜੇ ਚਾ ਪਾਏ ਤਾਂ ਉਨ੍ਹਾਂ ਮੋਘੇ ਵਿਚਦੋ ਉੱਤੇ ਖਿਚ ਲਿਆ ਅਤੇ ਆਖਿਆ ਭਾਈ ਭਲਕੇ ਘੁੰਙਣੀਆਂ ਲੈ ਕੇ ਅਸਾਡੀ ਗਲ਼ੀ ਜਰੂਰ ਆਮੀ।

ਵਡੇ ਵੇਲੇ ਮੂਲੋ ਅਤੇ ਪੰਜ ਸੱਤ ਹੋਰ ਕੁੜੀਆਂ ਅਤੇ ਤ੍ਰੀਮਤਾਂ ਜਾਂ ਘਰੋਂ ਨਿਕਲਕੇ ਦਰਬਾਰ ਸਾਹਬ ਵਲ ਟੁਰੀਆਂ ਤਾਂ ਅਗੋਂ ਹਿੱਕ ਖੋਤਾ ਹਿਣਕਿਆ ਉਸ ਦੀ ਵਾਜ ਸੁਣਕੇ ਸਭਨਾਂ ਤ੍ਰੀਮਤਾਂ ਥੁਕਿਆ ਅਤੇ ਆਖਿਆ ਮਰ ਔਤਿੜਿਆਂ ਦਾ ਸਵੇਰੇ ਪਰਮੇਸ਼ੁਰ ਦੇ ਵੇਲੇ ਕਿੱਥੋਂ ਆਣ ਮਰਿਆ ਏ।

ਜਾਂ ਦਰਬਾਰ ਸਾਹਿਬ ਦੇ ਪੌਣੇ ਇਸ਼ਨਾਨ ਕਰ ਚੁਕੀਆਂ ਤਾਂ ਬੋਲੀਆਂ ਭੈਣੇ ਦਿਨ ਵੱਡਾ ਆ ਗਿਆ ਸੀ ਤੇ ਅਸੀਂ ਅਜੇ ਅੱਜ ਐਤਵਾਰ ਦੀ ਕਥਾ ਬੀ ਨਹੀਂ ਸੁਣੀ ਕਦ ਬੇਹਲੀਆਂ ਹੋਮਾਂਗੀਆਂ ਤੇ ਕਦ ਚਲ ਕੇ ਰੋਟੀ ਚੜਾਵਾਂਗੀਆਂ ? ਵਿਚੋਂ ਹੀ ਇੱਕ ਮਿਸਰਾਣੀ ਕਥਾ ਸੁਣਾਉਣ ਲਗੀ ਤੇ ਥੁਹੜੇ ਚਿਰ ਪਿੱਛੋਂ ਇੱਕ ਤ੍ਰੀਮਤ ਬੋਲੀ ਮਿਸਰਾਣੀ ਅਸਾਂ ਪਿਛਲੇ ਐਤਵਾਰ ਆਪਣੀ ਪੁਰਤਾਣੀ ਤੇ ਕਥਾ ਸੁਣੀ ਸਾਈ ਉਸ ਤੇ ਛੇਤੀ ਹੀ ਨਿਵੇਰ ਦਿੱਤੀ ਸੀ ਤੂੰ ਵਡੀ ਜਿਲਮਿਲ ਕਰਨੀ ਏਂ। ਬੇਬੇ ਸੁਖਾਲੀ ਏ ਨਾ ਜਜਮਾਨਾ ਦੇ ਘਰ ਰਾਮ ਰੱਖੇ ਬਥੇਰੇ ਹੈਨ ਹੰਤਕਾਰੀ ਆ ਜਾਣਗੀਆਂ ਜਾਂਦੀ ਹੀ ਖਾ ਲਮੇਂਗੀ ਔਖੀ ਤੇ ਅਸਾਂ ਨੂੰ ਬਣੇਗੀ ਨਾ ਕਿ ਜਿਨਾਂ ਆਪਣੇ ਹੱਥੀਂ ਜਾ ਕੇ ਪਕਾਉਣੀਆਂ ਹੈਨ। ਜਾਂ ਮਿਸਰਾਣੀ ਛੇਤੀ ਛੇਤੀ ਦੋ ਤ੍ਰੈ, ਟੱਪੇ ਸੁਣਾ ਦਿੱਤੇ ਤਾਂ ਸਭੇ ਘਰ ਆਈਆਂ ਰਸੋਈ ਕਰ ਖਾ ਕੇ ਵੇਹਲੀਆ ਹੋਈਆਂ ਤੇ ਹਿੱਕ ਵਣਜਾਰਾ ਗਲ਼ੀ ਵਿੱਚ ਆਣ ਬੈਠਾ। ਕਿਸੇ ਪੁੱਛਿਆ ਭਾਈ ਤੇਰੇ ਕੋਲ ਦਦਾਸਾ ਹਈ ਵਿਖਾ ਖਾਂ ਕੇਹਾ ਕੁ ਰੰਗਲਾ ਜੇ। ਕਿਸੇ ਆਖਿਆ ਭਾਈ ਮੁਲੰਮੇ ਦੇ ਵਾਲਿਆਂ ਦਾ ਕੀ ਮੁੱਲ ਜੇ। ਕੋਈ ਬੋਲੀ ਵਿਖਾ ਖਾਂ ਤੇਰੇ ਪਾਸ ਬਿੰਦੀਆਂ ਕੇਹੀਆਂ ਕੁ ਹੁੰਦੀਆਂ ਨੇ।ਕਿਸੇ ਛੱਲੇ ਤੇ ਕਿਸੇ ਛਾਪਾਂ ਦਾ ਭਾਉ ਪੁੱਛਿਆ। ਜਾਂ ਵਣਜਾਰਾ ਕਿਸੇ ਵਲ ਵੇਖ ਕੇ ਹੱਸ ਪੈਂਦਾ ਅਤੇ ਕਿਸੇ ਵਲ ਅੱਖਾਂ ਮਟਕਾਉਂਦਾ ਜਾਪਿਆ ਤਾਂ ਹਿੱਕ ਬੋਲੀ ਵੇਖ ਕੁੜੇ ਗੰਗੀ ਮੋਇਆ ਵਣਜਾਰਾ ਕੇਹਾ ਖਚਰਾ ਹਈ। ਔਤੜਿਆਂ ਦਾ ਕੁੜੀਆਂ ਛੱਡਿਆ ਈ ਚੱਕ ਕਿਸੀ ਹੋਰਸੀ ਗਲ਼ੀ ਹੁਣ ਸੌਦਾ ਜਾ ਵੇਚ ਅਜਿਹਾ ਤਾਂ ਕਦੀ ਕੋਈ ਨਹੀਂ ਵੇਖਿਆ ਕਿ ਜੋ ਸਾਰਾ ਦਿਨ ਤ੍ਰੀਮਤਾਂ ਕੋਲ ਬੈਠਾ ਰਹੇ। ਅਰ ਜਿਹੀਆਂ ਹੀ ਏਹ ਮੋਈਆਂ ਹੈਨ ਕਿ ਆਪਣਾ ਬਿਗਾਨਾ ਕੁਝ ਨਹੀਂ ਵੇਖਦੀਆਂ ਦੁੰਹ ਪਹਿਰਾਂ ਤੇ ਤੇਰੇ ਅੱਗੇ ਪਿੱਛੇ ਖਲੋਤੀਆਂ ਗੁਆਰਾਂ ਵਾਂਙੂ ਖਿੜ ਖਿੜ ਲਾ ਛੱਡੀ ਨੇ। ਵੱਲ ਅੱਖ ਮਟੱਕੇ ਮਾਰਦਾ ਜੇ।

ਗੰਗੀ ਆਖਿਆ ਹਊਂ ਭੈਣ ਬੁਰਿਆਂ ਨੂੰ ਡਰ ਅਸਾਂ ਨੂੰ ਕੀ ਵਿਖਾਲਨੀ ਏਂ ਆਪਣਾ ਮਨ ਚੰਗਾ ਹੋਊ ਤੇ ਕੋਈ ਕਿਸੇ ਨੂੰ ਮੂੰਹ ਨਹੀਂ ਪਾਉਂਦਾ। ਮਨ ਚੰਗਾ ਤੇ ਕਠੋਤੀ ਗੰਗਾ।

ਫੇਰ ਹਿੱਕ ਬੁੱਢੀ ਆ ਕੇ ਆਖਿਆ ਭਾਈ ਵਣਜਾਰਿਆ ਅਹਿ ਕੇਹਾ ਚੁਟਾਹਲਾ ਪਾ

ਵਣਜਾਰੇ ਆਖਿਆ ਭਲਾ ਮਾਈ ਚਲੇ ਜਾਨੇ ਹਾਂ ਹੱਥ ਧੋ ਕੇ ਮਗਰ ਕਿਉਂ ਪੈ ਗਈ ਏ ਅਸਾਂ ਕਿਸੇ ਦਾ ਕੁਝ ਚੁੱਕ ਖੜਿਆ ਜੇ ? ਬੁੱਢੀ ਆਖਿਆ ਚੁਕ ਖੜਿਆ ਦਾ ਬੱਚਾ ਅਸਾਂ ਮੱਤ ਦੀ ਗੱਲ ਆਖੀ ਔਤੜਿਆਂ ਦਾ ਅਗੋਂ ਗੱਲਾਂ ਮੜਾਕਦਾ ਏ ਚਲ ਦੂਰ ਹੋ ਨਹੀਂ ਤਾਂ ਹੁਣੇ ਆਪਣੇ ਪੁੱਤਰ ਨੂੰ ਸੱਦਕੇ ਮਝੀਟੀਆਂ ਪੁਟਾ ਦੇਵਾਂਗੀ। ਫੇਰ ਬੋਲੀ ਚਲੋ ਨੀ ਕੁੜੀਓ ਬਹੁਤ ਆਪਹੁਦਰੀਆਂ ਨਾ ਬਣੋ ਇਸ ਦਾ ਕੀ ਜਾਣਾ ਏ ਪੱਤ ਤੁਹਾਡੇ ਪੇਮਾਂ ਭਿਰਾਮਾਂ ਦੀ ਵਿਗੜੇਗੀ।

ਵਣਜਾਰਾ ਤੇ ਚਲਾ ਗਿਆ ਪਰ ਹਿੱਕ ਪਾਂਡਾ ਹੱਥ ਵਿੱਚ ਪੁਰਾਣੀ ਪੱਤਰੀ ਜੇਹੀ ਫੜਕੇ ਹਿੱਕ ਦੇ ਬੂਹੇ ਆ ਖਲੋਤਾ ਅਤੇ ਬੋਲਿਆ ਏਹ ਘਰ ਤੇ ਵਡਾ ਭਾਗਵਾਨ ਜਾਪਦਾ ਈ ਅਤੇ ਏਹ ਜੋ ਪੌੜੀ ਪਰ ਬੈਠਾ ਚੜਦੀ ਵਖਾਂ ਮੂੰਹ ਕਰੀ ਕਾਗ ਬੋਲਦਾ ਜੇ ਇਹ ਇਸ ਘਰ ਦੀ ਸੁਖ ਮਨਾਉਂਦਾ ਰਹਿੰਦਾ ਨੇ।ਉਸ ਘਰ ਵਾਲੀ ਝੱਟ ਉੱਤਰ ਕੇ ਆਪਣਾ ਹੱਥ ਉਸ ਦੇ ਅੱਗੇ ਕੀਤਾ ਅਤੇ ਪੁਛਿਆਸੁ ਪਾਂਡਾ ਵੇਖ ਖਾਂ ਮੇਰਾ ਲੇਖ ਕੇਹਾਕੁ ਜੇ।

ਪਾਂਡੇ ਤਾਂ ਬਾਹਰਲੇ ਬੂਹੇ ਬੈਠ ਕੇ ਇਸ ਘਰ ਦੇ ਮੁੰਡੇ ਕੁੜੀਆਂ ਅਤੇ ਉਹਨਾਂ ਦੇ ਨਾਮ ਪੁਛ ਹੀ ਲੀਤੇ ਸਾਨ। ਹੱਥ ਫੜਦਾ ਹੀ ਬੋਲਿਆ ਮੂਲੇ ਦੀ ਮਾਂ ਲੇਖ ਤੇ ਤੇਰਾ ਬਹੁਤ ਹੱਛਾ ਅਤੇ ਦਿਲ ਬੀ ਭੈੜਾ ਨਹੀਂ ਪਰ ਆਹਿ ਜੋ ਬਸੰਤੀ ਨਾਮੇਂ ਤੇਰੀ ਦਰਾਨੀ ਤੇਰੇ ਵਿੱਚ ਵਸਦੀ ਜੇ ਇਸ ਤੈਨੂੰ ਦਗਾ ਦੇਣਾਈ। ਅਰ ਹਿੱਕ ਗੁਆਂਢਣ ਤੇਰੇ ਭਲੇ ਵਿਚ ਜਾਪਦੀ ਏ ਹੁਣ ਤੇਰੇ ਮੂਲੇ ਛੇਤੀ ਹੀ ਵਿਆਹੇ ਜਾਣਾ ਏ। ਤੁਧ ਜਿਸ ਨਾਲ ਨੇਕੀ ਕੀਤੀ ਤੈਨੂੰ ਉਸ ਥੀਂ ਕੁਝ ਨਫਾ ਨਹੀਂ ਹੋਇਆ। ਮੇਰੀ ਪੱਤਰੀ ਆਖਦੀ ਜੇ ਕਿ ਥੁਹੜਾ ਜੇਹਾ ਤੇਲ ਤੇ ਤਨ ਦਾ ਕਪੜਾ ਅਤੇ ਕੁਝ ਚਾਂਦੀ ਆਪਣੇ ਸਿਰ ਛੁਆਕੇ ਐਸ ਵੇਲੇ ਪਾਂਡੇ ਨੂੰ ਦਿਹ ਤਾਂ ਸਭੋ ਦਲਿਦਰ ਦੂਰ ਹੋ ਜਾਣਗੇ। ਉਸ ਤ੍ਰੀਮਤ ਝੱਟ ਸਭ ਕੁਝ ਦੇ ਦਿੱਤਾ ਅਤੇ ਹੋਰਨਾਂ ਗੁਆਂਢਣਾਂ ਨੂੰ ਸੱਦ ਕੇ ਆਖਿਆ ਅੜੀਓ ਪਾਂਡਾ ਵਡਾ ਸੱਚਾ ਤੇ ਇਸ ਦੀ ਪੱਤਰੀ ਬਹੁਤ ਸੱਚੀਆਂ ਖਬਰਾਂ ਦੇਂਦੀ ਜੇ ਮੇਰੇ ਸਭ ਪਤੇ ਇਸ ਤੁਰਤ ਫੁਰਤ ਲਾ ਦਿੱਤੇ ਤੁਸਾਂ ਬੀ ਕੁਝ ਪੁੱਛ ਲਉ।

ਕਿਸੇ ਆਖਿਆ ਭਾਈ ਵੇਖ ਖਾਂ ਮੇਰੀ ਸੱਸ ਮੇਰੇ ਨਾਲ ਰਾਜੀ ਕਦੋਂ ਹੁੰਦੀ ਏ ? ਕਿਸੇ ਪੁੱਛਿਆ ਮੇਰੇ ਭਿਰਾਉ ਦੀ ਕੁੜਮਾਈ ਕਦੋਂ ਹੋਵੇਗੀ ? ਕਿਸੇ ਆਖਿਆ ਪਾਂਡਾ ਮੇਰੇ ਲੇਖ ਵਿਚ ਕੁਝ ਧੰਨ ਵੀ ਹੈ ਕੇ ਨਹੀਂ ? ਕੋਈ ਬੋਲੀ ਭਲਾ ਵੇਖ ਖਾਂ ਮੇਰੇ ਛੱਛੂ ਦੇ ਨਾਲ ਕਦੀ ਹੋਰ ਭਿਰਾਉ ਬੀ ਰਲੂਗੂ ਕੇ ਨਹੀਂ ?ਪਾਂਡੇ ਐਧਰ ਉਧਰ ਦੀਆਂ ਗੱਲਾਂ ਬਣਾਕੇ ਕਿਸੇ ਦਾ ਛੱਲਾ ਅਤੇ ਕਿਸੇ ਦੀ ਛਾਪ ਅਤੇ ਕਿਸੇ ਦੇ ਕੰਨ ਦੀ ਵਾਲੀ ਤੇ ਕਿਸੇ ਦੀ ਚਾਦਰ ਉਤਾਰ ਕੇ ਆਪਣਾ ਰਸਤਾ ਫੜਿਆ।

## ਮਿੰਨੀ ਕਹਾਣੀ

# ਚੇਤਨਾ

ਗੁਰਮੇਲ ਮਡਾਹੜ

ਸੰਨੀ ਇਕ ਲਾਇਕ ਮਾਸਟਰ ਦਾ ਮੁੰਡਾ, ਪੜ੍ਹਾਈ ਵਿਚ ਬਹੁਤ ਹੀ ਹੁਸ਼ਿਆਰ, ਤੀਸਰੀ ਜਮਾਤ ਤੱਕ ਉਹ ਸਕੂਲ ਵਿਚੋਂ ਅੱਵਲ ਆਉਂਦਾ ਰਿਹਾ। ਫਿਰ ਉਸ ਬਾਰੇ ਮੁਹੱਲੇ ਵਿਚ ਚਰਚਾ ਚਲੀ ਸੰਨੀ ਗੁਰ ਭਗਤ ਹੋ ਗਿਆ ਹੈ। ਸਵੇਰੇ ਸ਼ਾਮ ਆਪਣੇ ਪਿਉ ਨਾਲ ਧਾਰਮਿਕ ਸਥਾਨ ਤੇ ਜਾਣਾ, ਪਾਠ ਕਰਨਾ ਉਸੇ ਕਦੇ ਨਹੀਂ ਸੀ ਖੁੰਝਾਇਆ। ਖੇਡਣਾ ਕੁਦਣਾ ਬੰਦ। ਭਜਨ ਹੀ ਭਜਨ। ਪਾਠ ਹੀ ਪਾਠ।

ਫੇਰ ਸਾਲ ਬਾਅਦ ਸਾਰੇ ਮੁਹੱਲੇ ਵਿਚ ਚਰਚਾ ਛਿੜੀ। ਸੰਨੀ ਨਾਸਤਕ ਹੋ ਗਿਆ ਹੈ। ਪੂਜਾ ਪਾਠ ਭਜਨ ਬੰਦਗੀ ਪ੍ਰਸਿੱਧ ਧਾਰਮਿਕ ਸਥਾਨਾਂ ਦੀ ਸੇਵਾ, ਸਭ ਬੰਦ ਕਰ ਦਿੱਤੀਆਂ ਨੇ ਆਪਣੇ ਪਿਉ ਨੂੰ ਵੀ ਇਸ ਰਸਤੇ ਤੋਂ ਰੋਕਣ ਲੱਗ ਪਿਆ ਹੈ। ਸਿਰਫ ਪੜ੍ਹਾਈ ਜਾਂ ਖੇਡਣ ਤੋਂ ਬਿਨਾਂ ਹੋਰ ਕੁਝ ਨਹੀਂ ਕਰਦਾ।

'ਸੰਨੀ ਕੀ ਗੱਲ ਬੇਟੇ ਅੱਜ ਕੱਲ੍ਹ ਬੜੀ ਪੜ੍ਹਾਈ ਕਰ ਰਿਹੈਂ ? ਭਜਨ ਬੰਦਗੀ ਛੱਡ ਦਿੱਤੀ। ਇਕ ਦਿਨ ਉਸਨੂੰ ਆਪਣੇ ਬੂਹੇ ਅੱਗਿਓਂ ਲੰਘਦੇ ਨੂੰ ਮੈਂ ਪੁੱਛਿਆ।

'ਅੰਕਲ ਮੇਰੇ ਡੈਡੀ ਨੇ ਕਿਹਾ ਸੀ ਕਿ ਜੇ ਪ੍ਰਮਾਤਮਾ ਦੀ ਸੱਚੇ ਦਿਲੋਂ ਭਜਨ ਬੰਦਗੀ ਕਰੋ, ਗੁਰੂਘਰ ਦੀ ਸੇਵਾ ਕਰੋ ਤਾਂ ਗੁਰੂਘਰ 'ਚੋਂ ਮੂੰਹ ਮੰਗੀਆਂ ਮੁਰਾਦਾਂ ਮਿਲਦੀਆਂ ਹਨ ।

ਮੈਂ ਸਾਰਾ ਸਾਲ ਰੱਜ ਕੇ ਭਜਨ ਬੰਦਗੀ ਕੀਤੀ। ਗੁਰੂ ਘਰ ਦੀ ਸੇਵਾ ਕਰਕੇ ਪ੍ਰਮਾਤਮਾ ਤੋਂ ਮੰਗ ਕੀਤੀ ਕਿ ਮੈਂ ਪੰਜਵੀਂ ਵਿੱਚੋਂ ਫਸਟ ਆ ਜਾਵਾਂ ਪਰ ਹੋ ਗਿਆ ਫੇਲ੍ਹ ।'

'ਅੱਛਾ ਫੇਰ ਹੁਣ ਕੀ ਸਲਾਹ ਹੈ ?'

'ਸਲਾਹ ਕੀ ਐ ਜਿਹੜਾ ਸਮਾਂ ਮੈਂ ਇਧਰ ਬਰਬਾਦ ਕੀਤਾ ਉਨਾਂ ਸਮਾਂ ਲਾ ਕੇ ਤਾਂ ਮੈਂ ਸਾਰੇ ਪੰਜਾਬ ਵਿੱਚੋਂ ਫਸਟ ਆ ਜਾਵਾਂਗਾ।'

## ਕਹਾਣੀ

## ਕੁਲਬੀਰ ਸਿੰਘ ਸੂਰੀ

# ਜ਼ਿੰਦਗੀ ਦਾ ਤਜਰਬਾ

ਗਰਮੀ ਕੁਝ ਪਹਿਲਾਂ ਹੀ ਸ਼ੁਰੂ ਹੋ ਗਈ ਸੀ। ਅਜੇ ਮਈ ਦਾ ਅੱਧ ਹੀ ਹੋਇਆ ਸੀ ਕਿ ਦੁਪਹਿਰ ਵੇਲੇ ਕਾਂ-ਅੱਖ ਨਿਕਲਦੀ। ਅੱਡੇ 'ਤੇ ਬਸ ਰੁਕੀ ਤਾਂ ਉੱਤਰ ਰਹੀਆਂ ਸਵਾਰੀਆਂ ਵਿੱਚ ਇੱਕ ਬਜ਼ੁਰਗ ਮਾਤਾ ਜੀ ਸਨ। ਉਨ੍ਹਾਂ ਨੇ ਆਪਣੀ ਵੱਡੀ ਸਾਰੀ ਗੱਠੜੀ ਸਿਰ 'ਤੇ ਚੁੱਕੀ ਤੇ ਆਪਣੇ ਪਿੰਡ ਵੱਲ ਜਾਣ ਲਈ ਕੋਈ ਟਾਂਗਾ ਜਾਂ ਰਿਕਸ਼ਾ ਵੇਖਣ ਲੱਗੇ। ਸਖ਼ਤ ਗਰਮੀਆਂ ਦੀ ਦੁਪਹਿਰ ਹੋਣ ਕਰਕੇ ਉੱਥੇ ਕੋਈ ਸਵਾਰੀ ਵੀ ਨਹੀਂ ਸੀ, ਜਿਸ ਕਰਕੇ ਉਹ ਪੈਦਲ ਹੀ ਆਪਣੇ ਪਿੰਡ ਵੱਲ ਤੁਰ ਪਏ। ਉਨ੍ਹਾਂ ਦਾ ਪਿੰਡ ਅੱਡੇ ਤੋਂ ਤਕਰੀਬਨ ਚਾਰ ਕੁ ਕਿਲੋਮੀਟਰ ਦੂਰ ਸੀ।

ਇੱਕ ਗਰਮੀ ਅਤੇ ਦੂਜਾ ਗੱਠੜੀ ਦਾ ਭਾਰ। ਮਾਤਾ ਜੀ ਅਜੇ ਇੱਕ ਕਿਲੋਮੀਟਰ ਹੀ ਤੁਰੇ ਹੋਣੇ ਹਨ ਕਿ ਉਹ ਥੱਕ ਗਏ ਅਤੇ ਇੱਕ ਦਰੱਖਤ ਦੀ ਥੋੜ੍ਹੀ ਜਿਹੀ ਛਾਂ ਥੱਲੇ ਬੈਠ ਗਏ। ਉਨ੍ਹਾਂ ਨੂੰ ਬੈਠਿਆਂ ਅਜੇ ਥੋੜ੍ਹੀ ਦੇਰ ਹੀ ਹੋਈ ਸੀ ਕਿ ਉੱਥੋਂ ਇੱਕ ਅੱਧਖੜ ਉਮਰ ਦਾ ਆਦਮੀ ਘੋੜੇ 'ਤੇ ਲੰਘ ਰਿਹਾ ਸੀ। ਮਾਤਾ ਜੀ ਨੇ ਉਸ ਨੂੰ ਪੁੱਛਿਆ, 'ਭਰਾਵਾ, ਕਿਹੜੇ ਪਿੰਡ ਜਾ ਰਿਹਾ ਹੈਂ ?'

'ਬੀਬੀ ਮੈਂ ਚੁਚਕਵਾਲ ਜਾ ਰਿਹਾ ਹਾਂ,' ਘੋੜਸਵਾਰ ਨੇ ਤੁਰਦੇ-ਤੁਰਦੇ ਹੀ ਜਵਾਬ ਦਿੱਤਾ।

'ਜਿਉਂਦਾ ਰਹੇਂ ਵੀਰਾ, ਮੇਰਾ ਇੱਕ ਛੋਟਾ ਜਿਹਾ ਕੰਮ ਕਰ। ਐਹ ਮੇਰੀ ਗੱਠੜੀ ਲੈਂਦਾ ਜਾਹ ਅਤੇ ਤੇਰੇ ਰਸਤੇ ਵਿੱਚ ਹੀ ਭੀਲੋਵਾਲ ਕੱਚਾ ਪਿੰਡ ਆਉਣਾ ਹੈ, ਉੱਥੇ ਅੱਡੇ ਉਤੇ ਹੀ ਇੱਕ ਚਾਹ ਵਾਲੇ ਦੀ ਦੁਕਾਨ ਹੈ, ਤੂੰ ਗੱਠੜੀ ਉੱਥੇ ਰੱਖ ਦੇਈਂ ਅਤੇ ਉਸ ਨੂੰ ਕਹਿ ਦੇਈਂ ਕਿ ਤੇਰੀ ਭੂਆ ਵੀਰੋ ਦੀ ਗੱਠੜੀ ਹੈ ਅਤੇ ਉਹ ਮਗਰ ਤੁਰੀ ਆ ਰਹੀ ਹੈ,' ਮਾਤਾ ਜੀ ਨੇ ਉਸ ਨੂੰ ਅਸੀਸਾਂ ਦਿੰਦਿਆਂ ਕਿਹਾ।



ਘੋੜਸਵਾਰ ਨੇ ਹੋਰ ਆਕੜ ਕੇ ਬੈਠਦਿਆਂ ਕਿਹਾ, 'ਨਾ ਬੀਬੀ ਨਾ, ਅਸੀਂ ਇਹੋ ਜਿਹਾ ਕੰਮ ਨਹੀਂ ਕਰਦੇ।'

ਘੋੜਸਵਾਰ ਅੱਗੇ ਨਿਕਲ ਗਿਆ। ਮਾਤਾ ਜੀ ਥੋੜ੍ਹਾ ਸਾਹ ਲੈ ਕੇ ਉੱਠੇ ਅਤੇ ਗੱਠੜੀ ਸਿਰ 'ਤੇ ਚੁੱਕ ਕੇ ਫੇਰ ਹੌਲੀ-ਹੌਲੀ ਤੁਰ ਪਏ। ਘੋੜਸਵਾਰ ਜਦੋਂ ਥੋੜ੍ਹਾ ਅੱਗੇ ਗਿਆ ਤਾਂ ਉਸ ਨੂੰ ਖਿਆਲ ਆਇਆ ਕਿ 'ਮਾਤਾ ਦੀ ਗੱਠੜੀ ਜੇ ਮੈਂ ਲੈ ਆਉਂਦਾ ਤਾਂ ਮੌਜਾਂ ਹੋ ਜਾਣੀਆਂ ਸਨ। ਹੋ ਸਕਦਾ ਹੈ ਗੱਠੜੀ ਵਿੱਚ ਕੋਈ ਕੀਮਤੀ ਸਾਮਾਨ ਹੋਵੇ। ਮੈਂ ਉਸ ਚਾਹ ਵਾਲੇ ਨੂੰ ਗੱਠੜੀ ਦੇਣ ਦੀ ਬਜਾਏ ਸਿੱਧਾ ਆਪਣੇ ਨਾਲ ਲੈ ਜਾਂਦਾ। ਉਸ ਬੁੱਢੀ ਜ਼ਨਾਨੀ ਨੇ ਮੈਨੂੰ ਕਿੱਥੋਂ ਲੱਭਣਾ ਸੀ ਕਿਉਂਕਿ ਮੈਂ ਉਸ ਨੂੰ ਪਿੰਡ ਦਾ ਨਾਂ ਵੀ ਗਲਤ ਦੱਸਿਆ ਹੈ, ਮੈਂ ਤਾਂ ਚੁਚਕਵਾਲ ਤੋਂ ਕਾਫ਼ੀ ਅੱਗੇ ਜਾਣਾ ਹੈ।' ਇਹ ਸੋਚ ਕੇ ਉਸ ਘੋੜਾ ਵਾਪਸ ਮੋੜ ਲਿਆ। ਉਸ ਨੇ ਵੇਖਿਆ ਕਿ ਬਜ਼ੁਰਗ ਮਾਤਾ ਸਿਰ 'ਤੇ ਗੱਠੜੀ ਚੁੱਕੀ ਤੁਰੀ ਆ ਰਹੀ ਹੈ। ਉਹ ਮਾਤਾ ਜੀ ਕੋਲ ਪਹੁੰਚ ਕੇ ਘੋੜੇ ਤੋਂ ਉਤਰਿਆ ਅਤੇ ਬੜੀ ਨਿਮਰਤਾ ਨਾਲ ਕਹਿਣ ਲੱਗਾ, 'ਲਿਆ ਮਾਤਾ ਇਹ ਗੱਠੜੀ ਮੈਨੂੰ ਦੇ ਦੇ ਮੈਂ ਰਸਤੇ ਵਿੱਚ ਚਾਹ ਵਾਲੇ ਨੂੰ ਦਿੰਦਾ ਜਾਵਾਂਗਾ। ਮੈਨੂੰ ਇਸ ਨਾਲ ਕੀ ਫ਼ਰਕ ਪੈਣਾ ਹੈ, ਤੂੰ ਐਵੇਂ ਗਰਮੀ ਵਿੱਚ ਥੱਕ ਜਾਏਂਗੀ।'

ਬਜ਼ੁਰਗ ਮਾਤਾ ਜੀ ਨੇ ਵੀ ਦੁਨੀਆਂ ਵੇਖੀ ਹੋਈ ਸੀ। ਉਨ੍ਹਾਂ ਨੂੰ ਘੋੜਸਵਾਰ ਦੀ ਨੀਅਤ ਉਪਰ ਸ਼ੱਕ ਹੋਇਆ ਅਤੇ ਕਹਿਣ ਲੱਗੇ, 'ਨਹੀਂ ਭਰਾਵਾ, ਉਹ ਵੇਲਾ ਲੰਘ ਗਿਆ ਅਤੇ ਲੰਘਿਆ ਸਮਾਂ ਮੁੜ ਕੇ ਹੱਥ ਨਹੀਂ ਆਉਂਦਾ।'

ਮੈਂ ਆਪੇ ਔਖੀ-ਸੌਖੀ ਹੋ ਕੇ ਹੌਲੀ-ਹੌਲੀ ਲੈ ਜਾਵਾਂਗੀ। ਨਾਲੇ ਇਸ ਵਿੱਚ ਕੀਮਤੀ ਚੀਜ਼ ਤਾਂ ਕੋਈ ਹੈ ਨਹੀਂ, ਬਸ ਬੱਚਿਆਂ ਦੀਆਂ ਮੈਲੀਆਂ-ਕੁਚੈਲੀਆਂ ਚਾਰ ਲੀਰਾਂ ਹੀ ਹਨ। ਜਾ ਤੂੰ ਆਪਣਾ ਸਮਾਂ ਖੋਟਾ ਨਾ ਕਰ।' ਬਜ਼ੁਰਗ ਮਾਤਾ ਜੀ ਦੀ ਗੱਲ ਸੁਣ ਕੇ ਘੋੜਸਵਾਰ ਬੜਾ ਸ਼ਰਮਿੰਦਾ ਹੋਇਆ। ਉਹ ਫਟਾਫਟ ਪਲਾਕੀ ਮਾਰ ਕੇ ਘੋੜੇ ਉਤੇ ਬੈਠਾ ਅਤੇ ਘੋੜੇ ਨੂੰ ਤੇਜ਼ ਦੁੜਾ ਕੇ ਅੱਖੋਂ ਓਹਲੇ ਹੋ ਗਿਆ।

# ਕਾਵਿ ਸੰਸਾਰ

## ਸੋਚਿਆ ਹੈ

ਰਮਨਦੀਪ ਕੌਰ ਵਿਰਕ ਲੇਖਕ

ਸੋਚਿਆ ਹੈ
ਕਵਿਤਾ ਲਿਖਣੀ ਛੱਡ ਦੇਣੀ ਹੈ
ਕੌਣ ਪੜ੍ਹਦਾ ਹੈ ?
ਕੀ ਸੰਵਰਦਾ ਹੈ ਇਸ ਨਾਲ਼ ਕਿਸੇ ਦਾ ?
ਅਜੇ ਖ਼ਿਆਲ ਆਇਆ ਹੀ ਹੈ
ਕਿ ਮੇਰੇ ਜ਼ਿਹਨ 'ਚ
ਉਹ ਪਹਿਲੀ ਕਵਿਤਾ ਆਉਣ ਲੱਗੀ ਹੈ
ਜੋ ਪਤਾ ਨਹੀਂ
ਕਿਹੜੀ ਉਮਰੇ ਪੜ੍ਹੀ ਸੀ ?
ਜਿਸਨੂੰ ਪੜ੍ਹਕੇ
ਪਹਿਲੀ ਵਾਰ ਕੁਝ
ਮਹਿਸੂਸ ਹੋਇਆ ਸੀ
ਉਹ ਕਵਿਤਾ ਸੀ
'ਆਹ ਲੈ ਮਾਏ ਸਾਂਭ ਕੁੰਜੀਆਂ'
ਕਿਸੇ ਕੈਲੰਡਰ 'ਤੇ ਛਪੀਆਂ
ਇਹਨਾਂ ਸਤਰਾਂ ਦੇ ਨਾਲ਼
ਇੱਕ ਤਸਵੀਰ ਦੇਖ
ਮੈਂ ਮਾਂ ਨੂੰ ਸਵਾਲ ਕੀਤਾ ਸੀ
ਇਹ ਕਿਹੜੀਆਂ ਕੁੰਜੀਆਂ ਦੀ ਗੱਲ ਹੈ ?
ਤੇ ਇਸ ਸਵਾਲ ਦੇ ਉੱਤਰ ਨਾਲ
ਕਿੰਨੇ ਹੀ ਹੋਰ ਸਵਾਲ
ਪੈਦਾ ਹੋ ਗਏ ਸਨ ?
ਫਿਰ ਵਕਤ ਨਾਲ
ਜਿੱਥੋਂ ਜਿੱਥੋਂ ਵੀ ਕੋਈ ਨਜ਼ਮ ਪੜ੍ਹੀ
ਹਰ ਵਾਰ
ਖ਼ੁਦ ਨਾਲ ਸੰਵਾਦ
ਹੋਰ ਡੂੰਘਾ ਹੋਇਆ।
ਕਵਿਤਾ ਸੰਗ ਰਹਿਣ ਦੇ ਬਹਾਨੇ
ਹਯਾਤੀ ਦੇ ਨੋਕੀਲੇ ਰਾਹਾਂ 'ਤੇ
ਤੁਰਨਾ ਆਇਆ।

## ਗ਼ਜ਼ਲ

ਸੋਚਾਂ ਵਿੱਚ ਗਲਤਾਨ ਕਦੇ ਨਾ ਹੋਇਆ ਮੈਂ।
ਦੁੱਖ ਕਿਸੇ ਦੇ ਅੱਗੇ ਕਦੇ ਨਾ ਰੋਇਆ ਮੈਂ।
ਭਾਣੇ ਅੰਦਰ ਰਹਾਂ ਸਦਾ ਉਹ ਮਾਲਕ ਦੇ,
ਲੇਕਿਨ ਸੱਜਣਾਂ ਤੋਂ ਨਾ ਸੱਚ ਲਕੋਇਆ ਮੈਂ।
ਲੈਂਦਾ ਝੱਲ ਦਰਦ ਤਨ ਉੱਤੇ ਹੱਸਦਾ ਹਾਂ,
ਨੀਂਦ ਸਵੱਲੀ ਜਦ ਉਸ ਬੁੱਕਲ ਸੋਇਆ ਮੈਂ।
ਚਾਰ ਚੁਫੇਰੇ ਖੁਸ਼ੀਆਂ ਖੇੜੇ ਦਿੱਸਦੇ ਨੇ,
ਮਨੂੰਆ ਪਾਪੀ ਬਾਣੀ ਸਿਉਂ ਜਦ ਧੋਇਆ ਮੈਂ।
ਲੋਕੀਂ ਪੁੱਛਣ ਚਿਹਰਾ ਕਿੱਦਾਂ ਖਿੜਿਆ ਏ,
ਸੱਚਮੁਚ ਹੁਣ ਬੀਜ ਮੁਹੱਬਤੀ ਬੋਇਆ ਮੈਂ।
ਉਦੋਂ 'ਸਲੇਮਪੁਰੀ' ਸੁੱਖ ਸਾਰੇ ਪਾਏ ਨੇ,
ਉਸਦੇ ਨਾਮ ਚ ਆਪਾ ਜਦੋਂ ਪਿਰੋਇਆ ਮੈਂ।



ਲਖਵਿੰਦਰ ਸਿੰਘ ਲੱਖਾ
ਸਲੇਮਪੁਰੀ
+447438398345

## ਕਿਸੇ ਖ਼ਾਬ ਜਾਂ ਖ਼ਿਆਲੋਂ

ਸੁਰਜੀਤ ਪਾਤਰ

ਕਿਸੇ ਸ਼ਖ਼ਸ਼ ਦੇ ਜਮਾਲੋਂ
ਕਿਸੇ ਖਾਬ ਜਾਂ ਖਿਆਲੋਂ, ਕਿਸੇ ਸ਼ਖ਼ਸ਼ ਦੇ ਜਮਾਲੋਂ
ਬਲਿਹਾਰ ਹੋ ਕੇ ਮਰਨਾ, ਕੁਰਬਾਨ ਹੋ ਕੇ ਜਿਉਣਾ
ਸੀਨੇ ਦੇ ਨਾਲ ਲਾ ਕੇ, ਧੜਕਣ ਦੇ ਵਿਚ ਰਲਾ ਕੇ
ਕਵਿਤਾ ਦੇ ਨਾਲ ਕਵੀਓ, ਇਕ ਜਾਨ ਹੋ ਕੇ ਜਿਉਣਾ
ਜਗਣਾ ਮਸ਼ਾਲ ਬਣ ਕੇ, ਜਿਊਣਾ ਮਿਸਾਲ ਬਣ ਕੇ
ਛੁੱਪਣਾ ਨਾ ਓਹਲਿਆਂ ਵਿਚ ਧੜਿਆਂ ਜਾਂ ਟੋਲਿਆਂ ਵਿਚ
ਜੀਵਨ ਦੇ ਪਲ ਨ ਡਰਨਾ, ਸਾਡੀ ਤਰਾਂ ਨ ਕਰਨਾ
ਘੁਟ ਘੁਟ ਨ ਐਵੇਂ ਮਰਨਾ, ਐਲਾਨ ਹੋ ਕੇ ਜਿਉਣਾ
ਹਾਂ ਮੈਂ ਵੀ ਜਾਣਦਾ ਹਾਂ ਇਖਲਾਕ ਦੇ ਤਕਾਜ਼ੇ
ਸਭ ਰਿਸ਼ਤਿਆਂ ਦੀ ਸੀਮਾ ਹਰ ਸਾਕ ਦੇ ਤਕਾਜ਼ੇ
ਰੁਕਦਾ ਨ ਖ਼ੂਨ ਇਹ ਨੇ ਦਿਲ ਚਾਕ ਦੇ ਤਕਾਜ਼ੇ
ਕੀ ਰੱਤ ਦੇ ਪੁਤਲਿਆਂ ਨੇ ਚੱਟਾਨ ਹੋ ਕੇ ਜਿਉਣਾ
ਬੇਦਾਗ ਨੇ ਉਹ ਸਾਰੇ ਬੱਸ ਦਾਗਦਾਰ ਮੈਂ ਹੀ
ਉਹ ਲਿਸ਼ਕਦੇ ਨੇ ਸ਼ੀਸ਼ੇ ਮੈਲੀ ਨੁਹਾਰ ਮੈਂ ਹੀ
ਤੁਸੀਂ ਖੁਦ ਹੀ ਧਿਆਨ ਮਾਰੋ, ਕਿੰਨਾ ਕਠਿਨ ਹੈ ਯਾਰੋਂ,
ਏਨੇ ਖ਼ੁਦਾਵਾਂ ਅੰਦਰ ਇਨਸਾਨ ਹੋ ਕੇ ਜਿਉਣਾ
ਇਕ ਦੂਸਰੇ ਦੇ ਦੁੱਖ ਦਾ ਹੀ ਸਾਨੂੰ ਆਸਰਾ ਹੈ
ਸਾਰੇ ਉੱਜੜ ਗਏ ਹਾਂ ਬੱਸ ਇਹੀ ਹੌਂਸਲਾ ਹੈ
ਕਿਆ ਬਾਤ ਹੈ ਇਹ ਵੱਸਣਾ ਇਸ ਉੱਜੜਿਆਂ ਦੀ ਬਸਤੀ
ਕਿਆ ਬਾਤ ਹੈ ਇਹ ਏਨੇ ਬੇਜਾਨ ਹੋ ਕੇ ਜਿਉਣਾ
ਇਸ ਕਹਿਰ ਪਹਿਰ ਅੰਦਰ ਅੱਵਲ ਲੁਕੇ ਹੀ ਰਹਿਣਾ
ਦਰਵਾਜ਼ਿਆਂ ਦੇ ਪਿੱਛੇ ਯਾਰੋ ਰੁਕੇ ਹੀ ਰਹਿਣਾ
ਆਉਣਾ ਪਿਆ ਜੇ ਬਾਹਰ ਤਾਂ ਤੀਰ ਹੋ ਕੇ ਆਉਣਾ
ਜਿਉਣਾ ਪਿਆ ਨਗਨ ਤਾਂ ਕਿਰਪਾਨ ਹੋ ਕੇ ਜਿਉਣਾ
ਇਹ ਸ਼ਹਿਰ ਸ਼ਹਿਰ ਉਹ ਹੈ ਇਹ ਪਹਿਰ ਪਹਿਰ ਉਹ ਹੈ।
ਪੱਥਰ ਦੇ ਬੁੱਤ ਨੇ ਸਾਰੇ ਛਵੀਆਂ ਦੀ ਰੁੱਤ ਨੇ ਸਾਰੇ
ਪੈਸੇ ਦੇ ਪੁੱਤ ਨੇ ਸਾਰੇ ਏਥੇ ਬੋਲ ਕਹਿਣਾ ਸੱਚ ਦਾ
ਹੈ ਇਉਂ ਜਿਵੇਂ ਕਿ ਕੱਚ ਦਾ ਸਾਮਾਨ ਹੋ ਕੇ ਜਿਉਣਾ
ਕੀ ਮੋੜ ਮੁੜ ਗਏ ਹਾਂ ਗੈਰਾਂ ਨਾ ਜੁੜ ਗਏ ਹਾਂ
ਜਿਹਦੇ ਗਲ ਸੀ ਹਾਰ ਹੋਣਾ ਉਹਦੀ ਹਿਕ 'ਚ ਪੁੜ ਗਏ ਹਾਂ।
ਕੀ ਜਿਉਣ ਹੈ ਇਹ ਏਦਾਂ ਵੀਰਾਨ ਹੋ ਕੇ ਜਿਉਣਾ
ਆਪਣੀ ਨਜ਼ਰ 'ਚ ਆਪਣਾ ਅਪਮਾਨ ਹੋ ਕੇ ਜਿਉਣਾ।

## ਚਿੜੀ ਵਿਚਾਰੀ ਕੀ ਕਰੇ ?



ਗੁਰਮੀਤ ਸਿੰਘ ਪਲਾਹੀ
ਮੋ. 9815802070

ਚਿੜੀ ਵਿਚਾਰੀ ਕੀ ਕਰੇ,
ਕਿਹੜੇ ਖੂਹ 'ਚ ਡੁੱਬ ਮਰੇ ?
ਹਨੇਰੀਆਂ ਨੁੱਕਰਾਂ 'ਚ ਬਹਿ,
ਅੱਖੀਆਂ ਤੋਂ ਮੱਖੀਆਂ, ਝੱਲਦੀ,
ਬੁੱਢ ਵਰੇਸੇ, ਬੋਲਣ ਦੀ ਥਾਂ ਚੁੱਪ ਧਾਰੀ,
ਪੀਣ ਦੀ ਥਾਂ ਪਿਆਸੀ ਮਰਦੀ ਚਿੜੀ,
ਆਖ਼ਰ ਕੀ ਕਰੇ,
ਕਿਹੜੇ ਖੂਹ 'ਚ ਡੁੱਬ ਮਰੇ ?
ਗਧੇ ਦੀ ਜੂਨ ਭੋਗਦੀ,
ਸ਼ਕਤੀ ਆਪਣੇ ਸਰੀਰ ਦੀ,
ਕੰਮ ਦੇ ਸੰਦਾਂ 'ਚ ਬਦਲ,
ਦੂਜਿਆਂ ਲਈ ਮਰਦੀ ਰਹੀ
ਕਦੇ ਧੀ, ਕਦੇ ਭੈਣ, ਕਦੇ ਮਾਂ, ਫਿਰ ਦਾਦੀ,
ਪਤਾ ਨਹੀਂ ਕਿਹੜੇ, ਕਿਹੜੇ ਰਿਸ਼ਤੇ,
ਮਨ 'ਤੇ, ਪਿੱਠ 'ਤੇ ਢੋਂਹਦੀ,
ਕਦੇ ਕੁੜੀ ਕਦੇ ਔਰਤ, ਕਦੇ ਬੁੱਢੀ ਬਣ,
ਜ਼ਿੰਦਗੀ ਦਾ ਸਫ਼ਰ ਕੱਟਦੀ,
ਕਦੇ ਰੋਂਦੀ ਕੁਰਲਾਉਂਦੀ,
ਕਦੇ ਹੱਸਦੀ ਰਸਮਾਂ 'ਚ ਖਿਲਰ,
ਇਧਰ ਉਧਰ ਉਲਰ।
ਉਣਦੀ ਰਹੀ ਸੁਫ਼ਨੇ,
ਉਡਦੀ ਰਹੀ ਅੰਬਰੀ,
ਜ਼ਮੀਨ 'ਚ ਰਹੀ ਧੱਸਦੀ,
ਹੱਸਦੀ ਰਹੀ ਓਪਰਾ ਹਾਸਾ,
ਚੁੰਨੀ ਮੂੰਹ 'ਚ ਦੇਹ,
ਅੱਖਾਂ 'ਚ ਭਰ ਕੇ ਅੱਥਰੂ,
ਚੜ੍ਹਦੇ ਦਿਨ ਵੀ ਰਾਤਾਂ ਹੰਢਾਉਂਦੀ ਰਹੀ।
ਮੈਂ ਚਿੜੀ, ਮੈਂ ਕੁੜੀ, ਮੈਂ ਤੀਵੀਂ,
ਕੀ ਕਰਾਂ ? ਕਿਥੇ ਡੁੱਬ ਮਰਾਂ ?
ਕਿਹੜਾ ਖੂਹ ਗੰਦਾ ਕਰਾਂ ?
ਟੁੱਟੇ ਹੋਏ ਸੁਫ਼ਨਿਆਂ ਨੂੰ,
ਕੀਹਦੇ ਬੂਹੇ ਧਰਾਂ ?
ਔਰਤ, ਮਰਦ ਲਈ ਰੌਲਾ ਰੱਪਾ,
ਜਿਵੇਂ ਬੋਟ ਚਿੜੀ ਦਾ
ਬਾਲਾਂ ਦੇ ਹੱਥ ਆ ਜਾਵੇ।
ਖਿੱਦੋ ਵਾਗੂੰ ਕੁੱਟੇ,
ਦਰ ਦੀ ਬਾਂਦੀ ਸਮਝੇ ਮੰਗਤੀ ਸਮਝੇ,
ਮਹਿਲੀਂ ਡੱਕੇ, ਮਨੀਂ ਡੱਕੇ,
ਸ਼ਕਲਾਂ ਉਤੇ ਚਾੜ੍ਹਦੇ ਸ਼ਕਲਾਂ,
ਨਕਸ਼ੇ ਅਤੇ ਲਕੀਰਾਂ ਢਾਵੇ,



ਮਰਦ, ਔਰਤ ਨੂੰ ਸਮਝ ਨਾ ਪਾਵੇ।
ਮਰਨ ਸਮੇਂ ਦੀਆਂ ਰਸਮਾਂ ਵੇਲੇ,
ਮਾਂਗੀ ਸੰਧੂਰ ਲਗਾਵੇ, ਟਿੱਕੇ ਲਾਵੇ,
ਪਰ ਜੀਊਂਦੇ ਜੀਅ,
ਉਹਦੀਆਂ ਆਸਾਂ ਨੂੰ ਲਾਬੂੰ ਲਾਵੇ,
ਕਦੇ ਨਾ ਪਛਤਾਵੇ।
ਕੋਠੇ ਬੈਠੀ ਬਣਕੇ ਵੇਸਵਾ,
ਰੰਡੀ, ਵਿਧਵਾ, ਗਸ਼ਤੀ ਕਹਿਲਾਵੇ,
ਗਊਆਂ ਪੂਜਣ ਵਾਲੇ ਦੇਸ਼ 'ਚ,
ਔਰਤ 'ਦੋ ਨੰਬਰੀ' ਨਾਰੀ ਕਹਿਲਾਵੇ।
ਮਰਦਾਂ ਨੂੰ ਉਹ ਰਾਸ ਨਾ ਆਵੇ।
ਤਦ ਫਿਰ ਚਿੜੀ ਵਿਚਾਰੀ ਕੀ ਕਰੇ।
ਕਿਹੜੇ ਖੂਹ 'ਚ ਡੁੱਬ ਮਰੇ ?
ਚਿੜੀਆਂ ਦਾ ਮਰਨਾ, ਗਵਾਰਾ ਦਾ ਹਾਸਾ,
ਜ਼ਹਾਲਤ ਦੀ ਭਾਸ਼ਾ, ਨਹੀਂ, ਸੂਰਜ ਦੀ ਭਾਸ਼ਾ,
ਮਜ਼ਹਬ ਦੀ ਭਾਸ਼ਾ, ਨਹੀਂ ਹਵਾ ਦੀ ਭਾਸ਼ਾ,
ਵਖਰੇਵੇਂ ਦੀ ਭਾਸ਼ਾ, ਨਹੀਂ ਸਾਗਰ ਦੀ ਭਾਸ਼ਾ,
ਨਾ ਬਰਾਬਰੀ ਦੀ ਭਾਸ਼ਾ, ਨਹੀਂ, ਖੁਲ੍ਹੇ ਅਕਾਸ਼ ਦੀ ਭਾਸ਼ਾ
ਹੈ ਬਿਹਰੜੇ ਦੀ ਭਾਸ਼ਾ, ਨਹੀਂ ਲੋਰੀ, ਸੁਹਾਗ ਦੀ ਭਾਸ਼ਾ
ਇਹ ਲੁਕਣ ਮੀਟੀ ਦੀ ਭਾਸ਼ਾ, ਨਹੀਂ ਤਾਰਿਆਂ ਦੀ ਮੰਜੀ
ਦੀ ਭਾਸ਼ਾ
ਇਹ ਗੜਕਦੀ ਹੈ ਬਿਜਲੀ, ਨਹੀਂ ਬਦਲਾਂ ਦੀ ਭਾਸ਼ਾ
ਇਹ ਸੱਤਾ ਦੀ ਭਾਸ਼ਾ, ਨਹੀਂ ਲੋਕਾਂ ਦੀ ਭਾਸ਼ਾ
ਇਹ ਉਦਾਸੀ ਦੀ ਭਾਸ਼ਾ, ਨਹੀਂ ਸੂਹੇ, ਅਸਮਾਨੀ,
ਸਾਵੇਂ ਬਸੰਤੀ ਰੰਗਾਂ ਦੀ ਭਾਸ਼ਾ
ਉਦਾਸੀ, ਇਕਲਾਪੇ, ਪੀੜਾ ਕਿਵੇਂ ਹੰਡਾਵੇ ?
ਚਿੜੀ ਕਿਧਰ ਜਾਵੇ ? ਚਿੜੀ ਕਿਧਰ ਜਾਵੇ ?
ਕਿਹੜੇ ਖੂਹ ਡੁੱਬ ਮਰੇ ?
ਚਿੜੀ ਵਿਚਾਰੀ ਕੀ ਕਰੇ ?

## ਗ਼ਜ਼ਲ

ਜੀਵਨ ਪਾਇਲ ਜ਼ਿਲ੍ਹਾ ਲੁਧਿਆਣਾ



ਹੁਣ ਰੰਗ ਮਾਣਾ ਬੇ ਰੰਗੇ ਦੇ, ਜੀਵਨ ਸੋਖਾ ਸਾਰ ਹੋ ਗਿਆ,
ਮੰਜਲ ਮੇਰੀ ਮੈਨੂੰ ਮਿਲ ਗਈ, ਭਰਮਾਂ ਦਾ ਵੀ ਨਾਸ਼ ਹੋ ਗਿਆ,
ਸਤਿਗੁਰ ਮੇਰਾ ਜੱਗ ਦਾ ਬਾਲੀ, ਇਹ ਜੱਗ ਨੂੰ ਹੈ ਤਾਰਨ ਆਇਆ,,
ਤਾਰੀ ਜਾਵੇ ਵਾਰੀ ਵਾਰੀ, ਜੋ ਜਨ ਇਸ ਦੀ ਸ਼ਰਨ ਚ ਆਇਆ,
ਮੂਲ ਮਿਲਾਇਆ ਰਾਹ ਵਿਖਾਈ, ਸੱਜਣਾ ਦੇ ਨਾਲ ਪਿਆਰ ਹੋ ਗਿਆ,
ਹੁਣ ਰੰਗ ਮਾਣਾ ਬੇ ਰੰਗੇ ਦੇ....।
ਸਤਿਸੰਗ ਸ਼ੀਸ਼ਾ ਸਤਿਗੁਰ ਦਿੱਤਾ, ਮਨ ਨੂੰ ਸਾਫ ਬਣਾਈ ਜਾਵੇ,
ਅੰਦਰੋਂ ਸੁੰਦਰ, ਬਾਹਰੋਂ ਸੁੰਦਰ, ਆਪਣੀ ਕਲਾ ਵਰਤਾਈ ਜਾਵੇ,
ਮੱਤ ਗੁਰੂ ਦੀ ਜੋ ਅਪਣਾਵੇ, ਰਸਤਾ ਸਮਝੋ ਸਾਫ ਹੋ ਗਿਆ,
ਹੁਣ ਰੰਗ ਮਾਣਾ ਬੇ ਰੰਗੇ ਦੇ.....।
ਨਿਰੰਕਾਰ ਦੀ ਸਮਝ ਨਾ ਆਵੇ, ਜਦ ਤੱਕ ਸਤਿਗੁਰ ਨਾ ਸਮਝਾਵੇ,
ਸ਼ਾਹ ਰੱਗ ਤੋਂ ਨਜ਼ਦੀਕ ਵਿਖਾ ਕੇ, ਭਗਤੀ ਮਾਰਗ ਪਾਈ ਜਾਵੇ,
ਮੁੱਲ ਪਿਆ ਹੈ ਉਸ ਹੀ ਭਗਤ ਦਾ, ਚਰਨਾਂ ਦੀ ਜੋ ਰਾਖ ਹੋ ਗਿਆ,
ਹੁਣ ਰੰਗ ਮਾਣਾ ਬੇ ਰੰਗੇ ਦੇ....।
(ਜੀਵਨ ਪੈਲ ਵਾਲੇ) ਤੋਂ ਆਪੇ, ਤੂੰ ਜੋ ਚਾਹੇ ਲਿਖਵਾਈ ਜਾਵੇ,
ਕਾਦਰ ਤੇਰੀ ਜੱਗ ਰਚਨਾ ਹੈ, ਆਪਣੇ ਆਪ ਚਲਾਈ ਜਾਵੇ,
ਬਚਨਾਂ ਨੂੰ ਜਿਸ ਨੇ ਵੀ ਮੰਨਿਆ, ਭਵਸਾਗਰ ਤੋਂ ਪਾਰ ਹੋ ਗਿਆ,
ਹੁਣ ਰੰਗ ਮਾਣਾ ਬੇ ਰੰਗੇ ਦੇ......।

## ਹਥੀਂ ਛੱਲੇ ਬਾਹੀਂ ਚੂੜੀਆਂ

ਕਾਫ਼ੀਆਂ ਸ਼ਾਹ ਸ਼ਰਫ਼

ਹਥੀਂ ਛੱਲੇ ਬਾਹੀਂ ਚੂੜੀਆਂ,
ਗਲਿ ਹਾਰ ਹਮੇਲਾਂ ਜੂੜੀਆਂ,
ਸਹੁ ਮਿਲੇ ਤਾਂ ਪਾਉਂਦੀਆਂ ਪੂਰੀਆਂ ।੧।
ਨੈਨ ਭਿੰਨੜੇ ਕਜਲ ਸਾਂਵਰੇ,
ਸਹੁ ਮਿਲਣ ਨੂੰ ਖਰੇ ਉਤਾਵਰੇ ।੧।ਰਹਾਉ।
ਰਾਤੀਂ ਹੋਈਆਂ ਨੀ ਅੰਧੇਰੀਆਂ,
ਚਉਕੀਦਾਰਾਂ ਨੇ ਗਲੀਆਂ ਘੇਰੀਆਂ,
ਮੈਂ ਬਾਝ ਦੰਮਾਂ ਬੰਦੀ ਤੇਰੀਆਂ ।੨।
ਮੈਂ ਬਾਬਲ ਦੇ ਘਰਿ ਭੋਲੜੀ,
ਗਲ ਸੋਹੇ ਊਦੀ ਚੋਲਰੀ,
ਸਹੁ ਮਿਲੇ ਤਾਂ ਵੰਞਾ ਮੈਂ ਘੋਲਰੀ ।੩।
ਮੈਂ ਬਾਬਲਿ ਦੇ ਘਰਿ ਨੰਢੜੀ,
ਗਲਿ ਸੋਹੇ ਸੋਇਨੇ ਕੰਢੜੀ,
ਸਹੁ ਮਿਲੇ ਤਾਂ ਥੀਵਾਂ ਠੰਡੜੀ ।੪।
ਜੇ ਤੂੰ ਚਲਿਓਂ ਚਾਕਰੀ,
ਮੈਂ ਹੋਈਆਂ ਜੋਬਨਿ ਮਾਤੜੀ,
ਸਹੁ ਮਿਲੇ ਤਾਂ ਥੀਵਾਂ ਮੈਂ ਸਾਕਰੀ ।੫।
ਮੇਰੇ ਗਲਿ ਵਿਚਿ ਅਲਕਾਂ ਖੁਲ੍ਹੀਆਂ,
ਮਾਨੋ ਪ੍ਰੇਮ ਸੁਰਾਹੀਆਂ ਡੁਲ੍ਹੀਆਂ,
ਦੁਇ ਨਾਗਨੀਆਂ ਘਰਿ ਭੁਲੀਆਂ ।੬।
ਆਵਹੁ ਜੇ ਕਹੀ ਆਵਣਾ,
ਅਸਾਂ ਦਹੀ ਕਟੋਰੇ ਨਾਵਨਾ,
ਸ਼ੇਖ਼ ਸ਼ਰਫ਼ ਅਸਾਂ ਸਹੁ ਰੀਝਾਵਣਾ ।੭।
(ਰਾਗ ਧਨਾਸਰੀ)
੪. ਇਕ ਪੁਛਦੀਆਂ ਪੰਡਤਿ ਜੋਇਸੀ
ਇਕ ਪੁਛਦੀਆਂ ਪੰਡਤਿ ਜੋਇਸੀ,
ਕਦਿ ਪੀਆ ਮਿਲਾਵਾ ਹੋਇਸੀ,
ਮਿਲਿ ਦਰਦ ਵਿਛੋੜਾ ਖੋਇਸੀ ।੧।
ਤਪ ਰਹੀਸੁ ਮਾਏ ਮੇਰਾ ਜੀਅ ਬਲੇ,
ਮੈ ਪੀਉ ਨ ਦੇਖਿਆ ਦੁਇ ਨੈਨ ਭਰੇ ।੧।ਰਹਾਉ।
ਨਿਤ ਕਾਗ ਉਡਾਰਾਂ ਬਨਿ ਰਹਾਂ,
ਨਿਸ ਤਾਰੇ ਗਿਣਦੀ ਨ ਸਵਾਂ,
ਜਿਉਂ ਲਵੇ ਪਪੀਹਾ ਤਿਉਂ ਲਵਾਂ ।੨।
ਸਹੁ ਬਿਨ ਕਦ ਸੁਖ ਪਾਵਈ,
ਜਿਉਂ ਜਲ ਬਿਨ ਮੀਨ ਤੜਫਾਵਈ,
ਜਿਉਂ ਬਿਛੜੀ ਕੂੰਜ ਕੁਰਲਾਵਈ ।੩।
ਸ਼ੇਖ਼ ਸ਼ਰਫ਼ ਨ ਥੀਉ ਉਤਾਵਲਾ,
ਇਕਸੇ ਚੋਟ ਨ ਥੀਂਦੇ ਚਾਵਲਾ,
ਮਤ ਭੂਲੇਂ ਬਾਬੂ ਰਾਵਲਾ ।੪।
(ਰਾਗ ਧਨਾਸਰੀ)




# ਹਰਮਨਪ੍ਰੀਤ ਕੌਰ

## ਜਿਸ ਨੇ ਇਸਤਰੀ ਕ੍ਰਿਕਟ ਦਾ ਬਿਰਤਾਂਤ ਹੀ ਬਦਲ ਦਿੱਤਾ




**ਸਾਜਿਦ ਖੰਨਾ**

'ਮੈਂ ਬਹੁਤ ਛੋਟੇ ਜਿਹੇ ਪਿੰਡ ਤੋਂ ਆਉਂਦੀ ਹਾਂ, ਪਰ ਆਪਣੇ ਦੇਸ਼ ਦੀ ਅਗਵਾਈ ਕਰਨ ਦੀ ਇੱਛਾ ਮੇਰੀ ਹਮੇਸ਼ਾ ਤੋਂ ਸੀ।' ਅਜਿਹਾ ਹਰਮਨਪ੍ਰੀਤ ਕੌਰ ਦਾ ਕਹਿਣਾ ਹੈ, ਜੋ 2019 ਤੋਂ ਭਾਰਤ ਦੀ ਟੀ-20 ਕਪਤਾਨ ਹੈ, ਇਸ ਸਾਲ ਜੂਨ 'ਚ ਉਹ ਇਕ ਦਿਨਾ ਟੀਮ ਦੀ ਵੀ ਕਪਤਾਨ ਬਣੀ ਅਤੇ ਇਹ ਵੀ ਲਗਭਗ ਨਿਸਚਿਤ ਹੈ ਕਿ ਜਦੋਂ ਕਦੇ ਭਾਰਤੀ ਔਰਤਾਂ ਸਫ਼ੇਦ ਕੱਪੜਿਆਂ 'ਚ ਖੇਡਣਗੀਆਂ ਤਾਂ ਉਹ ਟੈਸਟ ਟੀਮ ਦੀ ਵੀ ਕਪਤਾਨ ਹੋਵੇਗੀ। ਪੰਜਾਬ ਦੇ ਜ਼ਿਲ੍ਹਾ ਮੋਗਾ 'ਚ ਮੁੰਡਿਆਂ ਨਾਲ ਕ੍ਰਿਕਟ ਖੇਡਦੇ ਹੋਇਆ ਹਰਮਨਪ੍ਰੀਤ ਕੌਰ ਉਸ ਸਮੇਂ ਵੱਡੀ ਹੋਈ ਜਦੋਂ ਔਰਤਾਂ ਲਈ ਕ੍ਰਿਕਟ 'ਚ ਕੋਈ ਸਪੱਸ਼ਟ ਰਾਹ ਨਹੀਂ ਸੀ। ਉਨ੍ਹਾਂ ਨੇ 20 ਸਾਲ ਦੀ ਉਮਰ ਵਿਚ ਆਪਣਾ ਪਹਿਲਾ ਇਕ ਦਿਨਾ ਮੈਚ ਖੇਡਿਆ ਅਤੇ ਉਸੇ ਸਾਲ ਵਿਸ਼ਵ ਕੱਪ ਵੀ ਖੇਡਿਆ। ਹੁਣ 33 ਸਾਲਾ ਹਰਮਨਪ੍ਰੀਤ ਕੌਰ ਭਾਰਤ ਲਈ ਵਿਸ਼ਵ ਕੱਪ ਜਿੱਤਣ ਦਾ ਵੱਡਾ ਸੁਪਨਾ ਦੇਖ ਰਹੀ ਹੈ। ਅਗਲਾ ਆਈ.ਸੀ.ਸੀ. ਇਕ ਦਿਨਾ ਵਿਸ਼ਵ ਕੱਪ ਭਾਰਤ ਵਿਚ 2025 'ਚ ਹੋਵੇਗਾ। ਇਸ ਤੋਂ ਪਹਿਲਾਂ ਮਾਰਚ 2023 'ਚ ਔਰਤਾਂ ਲਈ ਪਹਿਲਾ ਆਈ. ਪੀ. ਐਲ. ਹੋਵੇਗਾ, ਜੋ ਹਰਮਨਪ੍ਰੀਤ ਕੌਰ ਨੂੰ ਉਨ੍ਹਾਂ ਦੇ ਟੀਚੇ ਦੇ ਨੇੜੇ ਲੈ ਜਾਣ 'ਚ ਮਦਦ ਕਰ ਸਕਦਾ ਹੈ। ਉਹ ਕਹਿੰਦੀ ਹੈ, 'ਆਈ. ਪੀ. ਐਲ. ਸਾਡੇ ਲਈ ਇਕ ਵੱਡਾ ਮੰਚ ਹੋਵੇਗਾ। ਅਸੀਂ ਪਿਛਲੇ ਕਈ ਸਾਲਾਂ ਤੋਂ ਇਸ ਦੀ ਉਡੀਕ ਕਰ ਰਹੀਆਂ ਸਾਂ। ਘਰੇਲੂ ਖਿਡਾਰਨਾਂ ਵਿਦੇਸ਼ੀ ਖਿਡਾਰਨਾਂ ਨਾਲ ਕਮਰਾ ਸਾਂਝਾ ਕਰ ਸਕਣਗੀਆਂ। ਜੇਕਰ ਘਰੇਲੂ ਖਿਡਾਰਨਾਂ ਨੂੰ ਅੰਤਰਰਾਸ਼ਟਰੀ ਖ਼ਿਡਾਰਨਾਂ ਕੋਲੋਂ ਅੰਤਰਰਾਸ਼ਟਰੀ ਪੱਧਰ 'ਤੇ ਬੇਮਿਸਾਲ ਪ੍ਰਦਰਸ਼ਨ ਕਰਨ ਦਾ ਇਕ ਵੀ ਗੁਣ ਮਿਲ ਜਾਂਦਾ ਹੈ, ਤਾਂ ਇਸ ਨਾਲ ਭਾਰਤੀ ਟੀਮ ਨੂੰ ਹੀ ਲਾਭ ਹੋਵੇਗਾ।' ਹਰਮਨਪ੍ਰੀਤ ਕੌਰ ਨਿਡਰ ਬੱਲੇਬਾਜ਼ ਹੈ। ਇਸ ਸਾਲ ਸਤੰਬਰ 'ਚ ਇੰਗਲੈਂਡ 'ਤੇ ਇਕ ਦਿਨਾਂ ਲੜੀ ਜਿੱਤਣ ਵਿਚ ਉਨ੍ਹਾਂ ਦੀ ਜ਼ਬਰਦਸਤ ਭੂਮਿਕਾ ਸੀ। ਉਨ੍ਹਾਂ ਨੇ ਤਿੰਨ ਪਾਰੀਆਂ 'ਚ 221 ਦੌੜਾਂ ਬਣਾਈਆਂ, ਜਿਸ ਵਿਚ 111 ਗੇਂਦਾਂ 'ਚ 143 ਦੌੜਾਂ ਦੀ ਇਕ ਬਿਹਤਰੀਨ ਪਾਰੀ ਵੀ ਸ਼ਾਮਿਲ ਸੀ। ਫਿਲਹਾਲ ਭਾਰਤੀ ਕ੍ਰਿਕਟ ਇਤਿਹਾਸ ਵਿਚ ਦੋ ਬੱਲੇਬਾਜ਼ਾਂ ਨੇ ਅਜਿਹੀਆਂ ਪਾਰੀਆਂ ਖੇਡੀਆਂ ਹਨ, ਜਿਨ੍ਹਾਂ ਕਰਕੇ ਦੇਸ਼ 'ਚ ਕ੍ਰਿਕਟ ਨੇ ਇਕ ਨਿਸ਼ਚਿਤ ਸਾਕਾਰਾਤਮਕ ਮੋੜ ਲਿਆ ਅਤੇ ਅੱਜ ਜੋ ਆਪਣੇ ਇੱਥੇ ਕ੍ਰਿਕਟ ਵਰਗੀ ਖੇਡ ਹੋਰ ਖੇਡਾਂ ਦੀ ਤੁਲਨਾ ਵਿਚ ਖ਼ਾਸ ਮੁਕਾਮ ਹਾਸਲ ਕਰੀਂ ਬੈਠੀ ਹੈ, ਤਾਂ ਉਸ ਦਾ ਸਿਹਰਾ ਵੀ ਇਨ੍ਹਾਂ ਦੋ ਪਾਰੀਆਂ ਨੂੰ ਹੀ ਜਾਂਦਾ ਹੈ।

ਸਾਲ 1983 ਦੇ ਪੁਰਸ਼ ਕ੍ਰਿਕਟ ਵਿਸ਼ਵ ਕੱਪ 'ਚ ਜ਼ਿੰਬਾਬਵੇ ਦੇ ਖ਼ਿਲਾਫ਼ ਭਾਰਤ ਦੇ ਪੰਜ ਬੱਲੇਬਾਜ਼ ਸਿਰਫ਼ 17 ਦੌੜਾਂ 'ਤੇ ਪੈਵੀਲੀਅਨ ਪਰਤ ਚੁੱਕੇ ਸਨ ਅਤੇ ਭਾਰਤ 'ਤੇ ਹਾਰ ਤੇ ਟੂਰਨਾਮੈਂਟ ਵਿਚੋਂ ਬਾਹਰ ਹੋਣ ਦਾ ਖ਼ਤਰਾ ਮੰਡਰਾ ਰਿਹਾ ਸੀ, ਪਰ ਉਦੋਂ ਕਪਤਾਨ ਕਪਿਲ ਦੇਵ ਨੇ 175 ਦੌੜਾਂ ਦੀ ਬੇਮਿਸਾਲ ਪਾਰੀ ਖੇਡੀ, ਜਿਸ ਨੇ ਨਾ ਸਿਰਫ਼ ਉਹ ਮੈਚ ਜਿੱਤਿਆ, ਸਗੋਂ ਉਸ ਦੇ ਵਿਸ਼ਵ ਚੈਂਪੀਅਨ ਬਣਨ ਦਾ ਰਾਹ ਵੀ ਪੱਧਰਾ ਕੀਤਾ। ਇਸੇ ਤਰ੍ਹਾਂ 2017 ਦੇ ਮਹਿਲਾ ਕ੍ਰਿਕਟ ਵਿਸ਼ਵ ਕੱਪ ਦੇ ਸੈਮੀ ਫਾਈਨਲ ਵਿਚ ਆਸਟ੍ਰੇਲੀਆ ਖ਼ਿਲਾਫ਼ ਹਰਮਨਪ੍ਰੀਤ ਕੌਰ ਨੇ 171 ਦੌੜਾਂ ਦੀ ਸ਼ਾਨਦਾਰ ਤੇ ਯਾਦਗਾਰ ਪਾਰੀ ਖੇਡ ਕੇ ਦੇਸ਼ ਵਿਚ ਇਸਤਰੀ ਕ੍ਰਿਕਟ ਨੂੰ ਸੰਜੀਵਨੀ ਬੂਟੀ ਪ੍ਰਦਾਨ ਕੀਤੀ। ਇਹ ਦੋਵੇਂ ਹੀ ਵਿਸ਼ਵ ਕੱਪ ਇੰਗਲੈਂਡ 'ਚ ਖੇਡੇ ਗਏ ਸਨ।

1983 ਦੀ ਵਿਸ਼ਵ ਕੱਪ ਜਿੱਤ ਅਤੇ ਕਪਿਲ ਦੇਵ ਦੀ ਪਾਰੀ ਨੇ ਕ੍ਰਿਕਟ ਨੂੰ ਭਾਰਤ ਵਿਚ ਧਰਮ ਦਾ ਦਰਜਾ ਦਿਵਾ ਦਿੱਤਾ। ਬਾਅਦ 'ਚ ਸਚਿਨ ਤੇਂਦੁਲਕਰ ਇਸ ਨਵੇਂ ਧਰਮ ਦੇ ਭਗਵਾਨ ਵੀ ਬਣ ਗਏ। ਇਸੇ ਤਰ੍ਹਾਂ ਇਸਤਰੀ ਕ੍ਰਿਕਟ ਦਾ ਕਾਇਆਕਲਪ 2017 ਵਿਚ ਸ਼ੁਰੂ ਹੋਇਆ ਹਰਮਨਪ੍ਰੀਤ ਕੌਰ ਦੀ ਪਾਰੀ ਨਾਲ। ਦਰਅਸਲ 2017 ਤੋਂ ਪਹਿਲਾਂ ਮਹਿਲਾ ਕ੍ਰਿਕਟ ਨੂੰ ਦੇਖਣਾ ਇਕ ਤਰ੍ਹਾਂ ਦਾ ਨਵਾਂਪਣ ਸੀ, ਜਿਸ ਨੂੰ ਸਿਰਫ਼ ਉਸੇ ਸਮੇਂ ਦੇਖਿਆ ਜਾਂਦਾ ਸੀ, ਜਦੋਂ ਤੁਹਾਡੇ ਕੋਲ ਥੋੜ੍ਹਾ ਖਾਲੀ ਸਮਾਂ ਹੁੰਦਾ ਸੀ, ਉਦੋਂ ਤਾਂ ਇਹ ਵੀ ਪਤਾ ਨਹੀਂ ਹੁੰਦਾ ਸੀ ਕਿ ਟੀਮ 'ਚ ਕਿਹੜੀਆਂ ਕੁੜੀਆਂ ਖੇਡ ਰਹੀਆਂ ਹਨ। ਪਰ ਹਰਮਨਪ੍ਰੀਤ ਕੌਰ ਦੀ ਪਾਰੀ ਨੇ ਮਹਿਲਾ ਕ੍ਰਿਕਟ ਦੇ ਪ੍ਰਤੀ ਦੇਸ਼ 'ਵਿਚ ਨਜ਼ਰੀਆ ਹੀ ਬਦਲ ਦਿੱਤਾ। ਅੱਜ ਅਸੀਂ ਹਰਮਨਪ੍ਰੀਤ ਕੌਰ, ਮਿਥਾਲੀ ਰਾਜ ਜਾਂ ਝੂਲਨ ਗੋਸਵਾਮੀ ਨੂੰ ਅਤੇ ਉਨ੍ਹਾਂ ਦੇ ਰਿਕਾਰਡਜ਼ ਨੂੰ ਉਵੇਂ ਹੀ ਜਾਣਦੇ ਹਾਂ ਜਿਵੇਂ ਵਿਰਾਟ ਕੋਹਲੀ ਜਾਂ ਜਸਪ੍ਰੀਤ ਬੁਮਰਾਹ ਨੂੰ।

ਹਰਮਨਪ੍ਰੀਤ ਦਾ ਕਹਿਣਾ ਹੈ ਕਿ ਸਮੇਂ ਦੇ ਨਾਲ ਉਨ੍ਹਾਂ ਮਹਿਲਾ ਕ੍ਰਿਕਟ ਦਾ ਵਿਕਾਸ ਦੇਖਿਆ ਹੈ ਅਤੇ ਬੋਰਡ, ਦਰਸ਼ਕਾਂ, ਪ੍ਰਸੰਸਕਾਂ ਤੇ ਮੀਡੀਆ ਦੀ ਦਿਲਚਸਪੀ ਵੀ ਵਧੀ ਹੈ। ਅੱਜ ਕਿਸੇ ਔਰਤ ਲਈ ਪੇਸ਼ੇਵਰ ਕ੍ਰਿਕਟ ਖੇਡਣਾ ਜ਼ਿਆਦਾ ਮੁਸ਼ਕਲ ਨਹੀਂ ਹੈ। ਜੇਕਰ ਤੁਹਾਡੇ 'ਚ ਖੇਡ ਪ੍ਰਤੀ ਲਗਨ ਹੈ ਅਤੇ ਤੁਸੀਂ ਸਖ਼ਤ ਮਿਹਨਤ ਕਰਨ ਲਈ ਤਿਆਰ ਹੋ ਤਾਂ ਤੁਹਾਨੂੰ ਪਛਾਣ ਲਿਆ ਜਾਵੇਗਾ।

# ਇੰਗਲੈਂਡ ਨੇ ਜਿੱਤਿਆ ਟੀ-20 ਕ੍ਰਿਕਟ ਵਿਸ਼ਵ ਕੱਪ

ਮੈਲਬਰਨ/ਏ.ਟੀ.ਨਿਊਜ਼ :- ਸੈਮ ਕਰਨ ਦੀ ਅਗਵਾਈ ਵਿੱਚ ਸ਼ਾਨਦਾਰ ਗੇਂਦਬਾਜ਼ੀ ਤੋਂ ਬਾਅਦ ਬੈਨ ਸਟਾਕਸ (ਨਾਬਾਦ 52 ਦੌੜਾਂ) ਦੇ ਨੀਮ ਸੈਂਕੜੇ ਦੀ ਬਦੌਲਤ ਇੰਗਲੈਂਡ ਇੱਥੇ ਟੀ-20 ਵਿਸ਼ਵ ਕੱਪ 2022 ਦੇ ਰੋਮਾਂਚਕ ਫਾਈਨਲ ਵਿੱਚ ਪਾਕਿਸਤਾਨ ਨੂੰ ਪੰਜ ਵਿਕਟਾਂ ਨਾਲ ਹਰਾ ਕੇ ਦੂਜੀ ਵਾਰ ਚੈਂਪੀਅਨ ਬਣ ਗਿਆ। ਇੰਗਲੈਂਡ ਨੇ 2010 ਵਿੱਚ ਵੈਸਟਇੰਡੀਜ਼ ਵਿਚ ਪੌਲ ਕੋਲਿੰਗਵੁੱਡ ਦੀ ਕਪਤਾਨੀ ਹੇਠ ਪਹਿਲਾ ਟੀ-20 ਵਿਸ਼ਵ ਕੱਪ ਦਾ ਖਿਤਾਬ ਜਿੱਤਿਆ ਸੀ। ਪਹਿਲਾਂ ਬੱਲੇਬਾਜ਼ੀ ਕਰਦਿਆਂ ਪਾਕਿਸਤਾਨ ਨਿਰਧਾਰਤ 20 ਓਵਰਾਂ ਵਿੱਚ ਅੱਠ ਵਿਕਟਾਂ ਦੇ ਨੁਕਸਾਨ 'ਤੇ ਸਿਰਫ 137 ਦੌੜਾਂ ਹੀ ਬਣਾ ਸਕੀ। ਇਸ ਵਿੱਚ ਸ਼ਾਨ ਮਸੂਦ ਨੇ 38, ਕਪਤਾਨ ਬਾਬਰ ਆਜ਼ਮ ਨੇ 32, ਸ਼ਦਾਬ ਖਾਨ ਨੇ 20 ਅਤੇ ਸਲਾਮੀ ਬੱਲੇਬਾਜ਼ ਮੁਹੰਮਦ ਰਿਜ਼ਵਾਨ ਨੇ 15 ਦਾ ਯੋਗਦਾਨ ਪਾਇਆ। ਇੰਗਲੈਂਡ ਵੱਲੋਂ ਸੈਮ ਕਰਨ ਨੇ ਤਿੰਨ, ਆਦਿਲ ਰਾਸ਼ਿਦ ਅਤੇ ਕ੍ਰਿਸ ਜੌਰਡਨ ਨੇ ਦੋ-ਦੋ ਅਤੇ ਬੈਨ ਸਟਾਕਸ ਨੇ ਇੱਕ ਵਿਕਟ ਲਈ।




ਮੈਲਬਰਨ ਵਿੱਚ ਐਤਵਾਰ ਨੂੰ ਟੀ-20 ਵਿਸ਼ਵ ਕੱਪ ਦਾ ਖਿਤਾਬ ਜਿੱਤਣ ਮਗਰੋਂ ਖ਼ੁਸ਼ੀ ਮਨਾਉਂਦੀ ਹੋਈ ਇੰਗਲੈਂਡ ਦੀ ਟੀਮ। ਖਿਤਾਬੀ ਮੁਕਾਬਲੇ ਵਿੱਚ ਇੰਗਲੈਂਡ ਨੇ ਪਾਕਿਸਤਾਨ ਨੂੰ ਪੰਜ ਵਿਕਟਾਂ ਨਾਲ ਹਰਾਇਆ।

ਟੀਚੇ ਦਾ ਪਿੱਛਾ ਕਰਦਿਆਂ ਇੰਗਲੈਂਡ ਦੀ ਟੀਮ ਪਾਕਿਸਤਾਨ ਦੀ ਕਮਾਲ ਦੀ ਗੇਂਦਬਾਜ਼ੀ ਸਾਹਮਣੇ ਇੱਕ ਵਾਰ ਦਬਾਅ ਵਿੱਚ ਆ ਗਈ ਸੀ ਪਰ ਸ਼ਾਹੀਨ ਸ਼ਾਹ ਅਫਰੀਦੀ ਦੇ ਸੱਟ ਲੱਗਣ ਕਾਰਨ ਮੈਦਾਨ 'ਚੋਂ ਬਹਾਰ ਜਾਣ ਮਗਰੋਂ ਮੈਚ ਦਾ ਰੁਖ ਹੀ ਬਦਲ ਗਿਆ। ਅਫਰੀਦੀ ਨੇ 2.1 ਓਵਰਾਂ ਵਿਚ 13 ਦੌੜਾਂ ਦੇ ਕੇ ਇੱਕ ਵਿਕਟ ਲਈ। ਸਟਾਕਸ ਦੀ 49 ਗੇਂਦਾਂ ਵਿੱਚ ਨਾਬਾਦ 52 ਦੌੜਾਂ ਦੀ ਪਾਰੀ ਨਾਲ ਇੰਗਲੈਂਡ 19 ਓਵਰਾਂ ਵਿੱਚ ਪੰਜ ਵਿਕਟਾਂ ਦੇ ਨੁਕਸਾਨ 'ਤੇ 138 ਦੌੜਾਂ ਬਣਾ ਕੇ ਚੈਂਪੀਅਨ ਬਣਿਆ। ਪਾਕਿਸਤਾਨ ਵੱਲੋਂ ਹੈਰਿਸ ਰਾਊਫ ਨੇ ਦੋ ਅਤੇ ਸ਼ਾਹੀਨ ਅਫਰੀਦੀ, ਸ਼ਾਦਾਬ ਖਾਨ ਤੇ ਮੁਹੰਮਦ ਵਸੀਮ ਜੂਨੀਅਰ ਨੇ ਇੱਕ-ਇੱਕ ਵਿਕਟ ਲਈ।

**ਸੈਮ ਕਰਨ 'ਪਲੇਅਰ ਆਫ ਦਿ ਸੀਰੀਜ਼' ਬਣਿਆ**

ਫਾਈਨਲ ਵਿੱਚ ਇੰਗਲੈਂਡ ਦੀ ਜਿੱਤ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਤੇਜ਼ ਗੇਂਦਬਾਜ਼ ਸੈਮ ਕਰਨ ਨੂੰ 'ਪਲੇਅਰ ਆਫ ਦਿ ਸੀਰੀਜ਼' ਚੁਣਿਆ ਗਿਆ। ਸੱਟ ਤੋਂ ਉਭਰਨ ਮਗਰੋਂ ਵਾਪਸੀ ਕਰਨ ਵਾਲੇ ਕਰਨ ਨੂੰ ਫਾਈਨਲ ਵਿੱਚ 'ਪਲੇਅਰ ਆਫ ਦਿ ਮੈਚ' ਵੀ ਚੁਣਿਆ ਗਿਆ। ਫਾਈਨਲ ਵਿੱਚ ਉਸ ਨੇ ਚਾਰ ਓਵਰਾਂ ਵਿੱਚ 12 ਦੌੜਾਂ ਦੇ ਕੇ ਤਿੰਨ ਵਿਕਟਾਂ ਲਈਆਂ। ਟੂਰਨਾਮੈਂਟ ਵਿੱਚ ਉਸ ਨੇ 13 ਵਿਕਟਾਂ ਲਈਆਂ।



# ਪੰਜਾਬਣਾਂ ਵੀ ਅਸਲਾ ਰੱਖਣ ਦੀਆਂ ਸ਼ੌਕੀਨ

## ਸੂਬੇ ਵਿਚ 32 ਹਜ਼ਾਰ ਤੋਂ ਵੱਧ ਔਰਤਾਂ ਕੋਲ ਲਾਇਸੰਸੀ ਹਥਿਆਰ





ਰਾਮਪੁਰਾ ਫੂਲ/ਏ.ਟੀ.ਨਿਊਜ਼ :- ਪੰਜਾਬ ਵਿਚ ਬੀਬੀਆਂ ਵੀ ਅਸਲਾ ਰੱਖਣ ਦੀਆਂ ਸ਼ੌਕੀਨ ਹਨ। ਸੂਬੇ ਵਿਚ 32 ਹਜਾਰ ਤੋਂ ਵੱਧ ਔਰਤਾਂ ਕੋਲ ਲਾਇਸੈਂਸੀ ਹਥਿਆਰ ਹਨ। ਇਹ ਹਥਿਆਰ ਔਰਤਾਂ ਨੇ ਕਿਸੇ ਮਜਬੂਰੀਵਸ ਰੱਖੇ ਹੋਏ ਹਨ ਜਾਂ ਸ਼ੌਕ ਦੀ ਪੂਰਤੀ ਲਈ ਇਹ ਵੱਖਰੇ ਤੌਰ 'ਤੇ ਜਾਂਚ ਦਾ ਵਿਸ਼ਾ ਹੈ। ਲੋਕ ਸਭਾ ਮੈਂਬਰ ਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਕੋਲ 3 ਹਥਿਆਰਾਂ ਦੀ ਮਨਜ਼ੂਰੀ ਹੈ ਤੇ ਉਹ ਆਪਣਾ ਅਸਲਾ ਸਾਰੇ ਭਾਰਤ ਵਿਚ ਲਿਜਾ ਸਕਦੇ ਹਨ। ਜ਼ਿਲ੍ਹਾ ਬਠਿੰਡਾ 'ਚ 29120 ਅਸਲਾ ਲਾਇਸੰਸ ਧਾਰਕਾਂ ਵਿਚੋਂ 460 ਔਰਤਾਂ ਕੋਲ 494 ਹਥਿਆਰ ਰੱਖੇ ਹੋਏ ਹਨ। ਪਟਿਆਲਾ 'ਚ ਲਗਭਗ 1368, ਜਲੰਧਰ 'ਚ 1032, ਅੰਮ੍ਰਿਤਸਰ ਵਿਚ 962, ਮੁਕਤਸਰ ਵਿਚ 768, ਮੋਗਾ ਵਿਚ 669, ਮੋਹਾਲੀ ਵਿਚ 690 ਆਦਿ ਜ਼ਿਲ੍ਹਿਆਂ 'ਚ ਸੈਂਕੜੇ ਔਰਤਾਂ ਕੋਲ ਲਾਇਸੰਸੀ ਅਸਲਾ ਹੈ। ਸੂਬੇ ਅੰਦਰ 4 ਲੱਖ ਲੋਕਾਂ ਕੋਲ 11 ਲੱਖ ਤੋਂ ਵੱਧ ਹਥਿਆਰਾਂ ਦਾ ਜ਼ਖ਼ੀਰਾ ਪਿਆ ਹੈ ਪਰ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਅਨੁਸਾਰ 80 ਫ਼ੀਸਦੀ ਵਿਅਕਤੀਆਂ ਨੂੰ ਹਥਿਆਰ ਸੰਭਾਲਣ ਦੇ ਗਿਆਨ ਦੀ ਘਾਟ ਹੈ ਤੇ ਇਸ ਦੇ ਚਲਦਿਆਂ ਹੀ ਦੁਰਘਟਨਾ ਵਿਚ ਹਥਿਆਰਾਂ ਦੀ ਸੱਟ ਕਾਰਨ ਮੌਤਾਂ ਦੇ ਮਾਮਲੇ ਵਿਚ ਪੰਜਾਬ ਚੌਥੇ ਸਥਾਨ 'ਤੇ ਹੈ।ਇਹ ਵੀ ਕਿ ਬਠਿੰਡਾ ਨੂੰ ਛੱਡ ਕੇ ਪੰਜਾਬ ਦਾ ਕੋਈ ਵੀ ਜ਼ਿਲ੍ਹਾ ਪ੍ਰਸ਼ਾਸਨ ਅਸਲਾ ਲਾਇਸੰਸ ਜਾਰੀ ਕਰਨ ਤੋਂ ਪਹਿਲਾਂ ਹਥਿਆਰਾਂ ਨੂੰ ਸੰਭਾਲਣ ਦੇ ਸਿਧਾਂਤਕ ਤੇ ਵਿਹਾਰਕ ਪਹਿਲੂਆਂ ਦੀ ਜਾਣਕਾਰੀ ਨਹੀਂ ਦਿੰਦਾ। ਬਠਿੰਡਾ ਦੀ ਸ਼ੂਟਿੰਗ ਰੇਂਜ 'ਚ ਅਸਲਾ ਧਾਰਕਾਂ ਨੂੰ ਹਥਿਆਰ ਚਲਾਉਣ ਦੀਆਂ ਤਕਨੀਕਾਂ ਤੇ ਹਥਿਆਰ ਦੀ ਵਰਤੋਂ ਕਰਦੇ ਸਮੇਂ ਸੁਰੱਖਿਆ ਉਪਾਵਾਂ ਦੀ ਪਾਲਣਾ ਕਰਨ ਸੰਬੰਧੀ ਸਿਖਲਾਈ ਦਿੱਤੀ ਜਾਂਦੀ ਹੈ।ਔਰਤਾਂ ਦੇ ਮਾਮਲੇ 'ਚ ਇਹ ਹੋਰ ਵੀ ਗੰਭੀਰ ਹੈ ਕਿ ਐਮਰਜੈਂਸੀ ਦੀ ਜ਼ਰੂਰਤ ਵਿਚ ਆਪਣੇ ਹਥਿਆਰਾਂ ਦੀ ਵਰਤੋਂ ਕਿਵੇਂ ਕਰਨੀ ਹੈ, ਜਿਸ ਨਾਲ ਇਹ ਦੁਰਘਟਨਾਤਮਕ ਗੋਲੀਬਾਰੀ ਦਾ ਖ਼ਤਰਾ ਨਾ ਬਣ ਜਾਵੇ। ਐਨ.ਸੀ.ਆਰ.ਬੀ. ਦੇ ਅੰਕੜੇ ਦੱਸਦੇ ਹਨ ਕਿ ਸਾਲ 2021 ਵਿਚ ਪੰਜਾਬ 'ਚ ਦੁਰਘਟਨਾਤਮਕ ਗੋਲੀਬਾਰੀ ਦੀਆਂ ਘਟਨਾਵਾਂ ਵਿਚ 31 ਲੋਕਾਂ ਦੀ ਜਾਨ ਗਈ। ਅਜਿਹੀਆਂ ਘਟਨਾਵਾਂ ਵਿਚ ਉੱਤਰ ਪ੍ਰਦੇਸ਼ 'ਚ 71, ਛੱਤੀਸਗੜ੍ਹ 'ਚ 64 ਤੇ ਮੱਧ ਪ੍ਰਦੇਸ਼ 'ਚ 55 ਮੌਤਾਂ ਹੋਈਆਂ। ਪੁਲਿਸ ਸੂਤਰਾਂ ਅਨੁਸਾਰ ਇਨ੍ਹਾਂ ਘਟਨਾਵਾਂ ਦੀ ਗਿਣਤੀ ਵੱਧ ਹੋ ਸਕਦੀ ਹੈ ਕਿਉਂਕਿ ਗੈਰ-ਘਾਤਕ ਸੱਟਾਂ ਵਾਲੇ ਲੋਕਾਂ ਦੀ ਰਿਪੋਰਟ ਸਾਹਮਣੇ ਹੀ ਨਹੀਂ ਆਉਂਦੀ।



## ਹੈਲਥ ਨਿਊਜ਼

# ਪੂਰੀ ਨੀਂਦ ਨਾ ਲੈਣਾ ਅੱਖਾਂ ਲਈ ਨਹੀਂ ਠੀਕ, ਹੋ ਸਕਦੈ ਗੰਭੀਰ ਬਿਮਾਰੀ ਦਾ ਖਤਰਾ



ਲੰਡਨ :- ਜੇਕਰ ਤੁਸੀਂ ਵੀ ਨੀਂਦ ਦੀ ਕਮੀ ਤੋਂ ਪ੍ਰੇਸ਼ਾਨ ਹੋ ਤਾਂ ਇਹ ਖਬਰ ਤੁਹਾਡੇ ਕੰਮ ਦੀ ਹੈ। ਨੀਂਦ ਦੀ ਕਮੀ ਨਾਲ ਸਿਹਤ 'ਤੇ ਬੁਰਾ ਪ੍ਰਭਾਵ ਪੈਂਦਾ ਹੈ। ਮਾਹਿਰਾਂ ਨੇ ਇੱਕ ਨਵੀਂ ਖੋਜ ਵਿੱਚ ਚੇਤਾਵਨੀ ਦਿੱਤੀ ਹੈ ਕਿ ਅਜਿਹੀ ਸਥਿਤੀ ਵਿੱਚ ਗੰਭੀਰ ਬਿਮਾਰੀਆਂ ਦਾ ਖ਼ਤਰਾ ਵੱਧ ਸਕਦਾ ਹੈ। ਬੀ ਐਮ ਜੇ ਓਪਨ ਜਰਨਲ ਵਿੱਚ ਪ੍ਰਕਾਸ਼ਿਤ ਇੱਕ ਨਵੇਂ ਅਧਿਐਨ ਵਿੱਚ, ਯੂ.ਕੇ. ਦੇ ਖੋਜਕਰਤਾਵਾਂ ਨੇ ਚੇਤਾਵਨੀ ਦਿੱਤੀ ਹੈ ਕਿ ਲੋੜੀਂਦੀ ਨੀਂਦ ਨਾ ਲੈਣਾ, ਦਿਨ ਵੇਲੇ ਨੀਂਦ ਆਉਣਾ ਅਤੇ ਘੁਰਾੜੇ ਆਉਣਾ, ਅੱਖਾਂ ਦੀ ਸਿਹਤ ਲਈ ਚੰਗਾ ਨਹੀਂ ਹੈ। ਇਹ ਗਲਾਕੋਮਾ ਦੇ ਲੱਛਣ ਹੋ ਸਕਦੇ ਹਨ। ਗਲਾਕੋਮਾ ਨਜ਼ਰ ਦੀ ਕਮੀ ਦਾ ਕਾਰਨ ਬਣਦਾ ਹੈ ਅਤੇ ਕਦੇ ਵਾਪਸ ਨਹੀਂ ਆਉਂਦਾ। ਖੋਜਕਰਤਾਵਾਂ ਨੇ ਦੱਸਿਆ ਹੈ ਕਿ ਬਜ਼ੁਰਗਾਂ (ਖਾਸ ਕਰਕੇ ਮਰਦਾਂ), ਸਿਗਰਟਨੋਸ਼ੀ ਕਰਨ ਵਾਲੇ, ਹਾਈ ਬਲੱਡ ਪ੍ਰੈਸ਼ਰ ਵਾਲੇ ਮਰੀਜ਼ਾਂ ਅਤੇ ਸ਼ੂਗਰ ਦੇ ਮਰੀਜ਼ਾਂ ਵਿੱਚ ਗਲਾਕੋਮਾ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ। ਅਧਿਐਨ ਦੇ ਨਤੀਜੇ ਉਨ੍ਹਾਂ ਲੋਕਾਂ ਨੂੰ ਨੀਂਦ ਦੀ ਥੈਰੇਪੀ ਦੇਣ ਦੀ ਸਿਫ਼ਾਰਸ਼ ਕਰਦੇ ਹਨ ਜੋ ਲੋੜੀਂਦੀ ਨੀਂਦ ਨਹੀਂ ਲੈ ਪਾਉਂਦੇ ਹਨ। ਖਾਸ ਕਰਕੇ ਉਹ ਲੋਕ ਜੋ ਹੋਰ ਗੰਭੀਰ ਬਿਮਾਰੀਆਂ ਤੋਂ ਵੀ ਪੀੜਤ ਹਨ।

**ਗਲਾਕੋਮਾ ਅੰਨ੍ਹੇਪਣ ਦਾ ਮੁੱਖ ਕਾਰਨ ਹੈ**

ਗਲਾਕੋਮਾ ਅੰਨ੍ਹੇਪਣ ਦਾ ਸਭ ਤੋਂ ਵੱਡਾ ਕਾਰਨ ਹੈ ਅਤੇ ਇਹ ਬਿਮਾਰੀ 2040 ਤੱਕ ਵਿਸ਼ਵ ਪੱਧਰ 'ਤੇ 112 ਮਿਲੀਅਨ ਲੋਕਾਂ ਨੂੰ ਨਿਸ਼ਾਨਾ ਬਣਾਉਣ ਦੀ ਉਮੀਦ ਹੈ। ਖੋਜਕਰਤਾਵਾਂ ਦੇ ਅਨੁਸਾਰ, 'ਜਿਵੇਂ ਕਿ ਜਾਣਿਆ ਜਾਂਦਾ ਹੈ, ਸੌਣ ਦੀਆਂ ਆਦਤਾਂ ਨੂੰ ਬਦਲਿਆ ਜਾ ਸਕਦਾ ਹੈ। ਇਹ ਅਧਿਐਨ ਉਹਨਾਂ ਲੋਕਾਂ ਲਈ ਸਲੀਪ ਥੈਰੇਪੀ ਦੀ ਸਿਫ਼ਾਰਸ਼ ਕਰਦਾ ਹੈ ਜਿਨ੍ਹਾਂ ਨੂੰ ਗਲਾਕੋਮਾ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ। ਨਾਲ ਹੀ ਉਹਨਾਂ ਸਾਰੇ ਲੋਕਾਂ ਨੂੰ ਅੱਖਾਂ ਦੀ ਜਾਂਚ ਕਰਨ ਦੀ ਸਿਫ਼ਾਰਸ਼ ਕਰਦਾ ਹੈ ਜਿਨ੍ਹਾਂ ਨੂੰ ਗੰਭੀਰ ਇਨਸੌਮਨੀਆ ਹੈ। ਉਹਨਾਂ ਨੂੰ ਗਲਾਕੋਮਾ ਤੋਂ ਬਚਾਓ।

**ਰੋਜ਼ਾਨਾ ਮਾਊਥਵਾਸ਼ ਦੀ ਵਰਤੋਂ ਮੂੰਹ ਲਈ ਹਾਨੀਕਾਰਕ**

ਨਵੀਂ ਦਿੱਲੀ :- ਅੱਜ-ਕੱਲ੍ਹ ਲੋਕ ਓਰਲ ਹਾਈਜ਼ੀਨ ਨੂੰ ਲੈ ਜਾਗਰੂਕ ਹਨ। ਇਸ ਲਈ ਹਰ ਕੋਈ ਮਾਊਥਵਾਸ਼ ਦੀ ਵਰਤੋਂ ਕਰਦਾ ਹੈ। ਦੰਦਾਂ ਦੀ ਸਫ਼ਾਈ ਦੇ ਨਾਲ-ਨਾਲ ਮੂੰਹ ਦੀ ਪੂਰੀ ਸਫ਼ਾਈ ਵੀ ਜ਼ਰੂਰੀ ਹੈ, ਨਹੀਂ ਤਾਂ ਇਹ ਬਦਬੂ ਅਤੇ ਕਈ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ। ਜੇਕਰ ਦੰਦਾਂ ਅਤੇ ਮਸੂੜਿਆਂ ਨੂੰ ਹਮੇਸ਼ਾ ਮਜ਼ਬੂਤ ਰੱਖਣਾ ਹੈ ਤਾਂ ਮਾਊਥਵਾਸ਼ ਕਰਨਾ ਫ਼ਾਇਦੇਮੰਦ ਹੈ। ਪਰ ਰੋਜ਼ਾਨਾ ਮਾਊਥਵਾਸ਼ ਦੀ ਵਰਤੋਂ ਕਰਨ ਦੀ ਆਦਤ ਸਮੱਸਿਆ ਬਣ ਸਕਦੀ ਹੈ। ਆਓ ਜਾਣਦੇ ਹਾਂ ਜ਼ਿਆਦਾ ਮਾਊਥਵਾਸ਼ ਨਾਲ ਕੀ ਨੁਕਸਾਨ ਹੋ ਸਕਦੇ ਹਨ।

**ਕਿਉਂ ਕਰਦੇ ਹਾਂ ਮਾਊਥਵਾਸ਼**

ਮਾਊਥਵਾਸ਼ ਮੂੰਹ ਵਿੱਚ ਮੌਜੂਦ ਬੈਕਟੀਰੀਆ ਨੂੰ ਸਾਫ਼ ਕਰਨ ਦਾ ਇੱਕ ਤਰੀਕਾ ਹੈ, ਜਿਸ ਰਾਹੀਂ ਅਸੀਂ ਬੀਮਾਰੀਆਂ ਤੋਂ ਬਚ ਸਕਦੇ ਹਾਂ। ਇਹ ਬੈਕਟੀਰੀਆ ਮੂੰਹ ਦੀ ਬਦਬੂ ਅਤੇ ਦੰਦਾਂ ਦੇ ਸੜਨ ਦਾ ਕਾਰਨ ਬਣਦੇ ਹਨ ਇਸ ਲਈ ਮਾਊਥਵਾਸ਼ ਦੀ ਵਰਤੋਂ ਕਰਨਾ ਜ਼ਰੂਰੀ ਹੈ। ਨਾਲ ਹੀ ਮਾਊਥਵਾਸ਼ ਨਾਲ ਤਾਜ਼ਗੀ ਆਉਂਦੀ ਹੈ।

**ਕੈਂਸਰ ਦਾ ਖਤਰਾ**

ਮਾਊਥਵਾਸ਼ ਦੀ ਜ਼ਿਆਦਾ ਵਰਤੋਂ ਕੈਂਸਰ ਦਾ ਖ਼ਤਰਾ ਪੈਦਾ ਕਰ ਸਕਦੀ ਹੈ। ਮਾਊਥਵਾਸ਼ ਵਿਚ ਸਿੰਥੈਟਿਕ ਤੱਤ ਮੌਜੂਦ ਹੁੰਦੇ ਹਨ ਜੋ ਕੈਂਸਰ ਦਾ ਕਾਰਨ ਬਣਦੇ ਹਨ। ਮੂੰਹ ਨੂੰ ਸਾਫ਼ ਕਰਨ ਵਾਲੇ ਮਾਊਥਵਾਸ਼ ਨਾਲ ਗਰਦਨ ਅਤੇ ਸਿਰ ਦਾ ਕੈਂਸਰ ਹੋ ਸਕਦਾ ਹੈ।

**ਮੂੰਹ ਦਾ ਰੁਖ਼ਾਪਣ**

ਮਾਊਥਵਾਸ਼ ਵਿਚ ਮੌਜੂਦ ਤੱਤ ਬੈਕਟੀਰੀਆ ਨੂੰ ਤਾਂ ਖਤਮ ਕਰ ਦਿੰਦੇ ਹਨ ਪਰ ਨਾਲ ਹੀ ਇਨ੍ਹਾਂ ਦਾ ਅਸਰ ਮੂੰਹ ਦੀ ਚਮੜੀ 'ਤੇ ਵੀ ਹੁੰਦਾ ਹੈ। ਮਾਊਥਵਾਸ਼ ਨਾਲ ਮੂੰਹ ਖੋਰਾ ਹੋ ਸਕਦਾ ਹੈ। ਇਸ ਲਈ ਜ਼ਿਆਦਾ ਮਾਊਥਵਾਸ਼ ਤੋਂ ਪ੍ਰਹੇਜ਼ ਕਰਨ ਤੋਂ ਬਚਣਾ ਚਾਹੀਦਾ ਹੈ।

**ਮੂੰਹ ਵਿੱਚ ਜਲਣ**

ਬਹੁਤ ਸਾਰੇ ਮਾਊਥਵਾਸ਼ ਨੂੰ ਬਣਾਉਣ ਵਿਚ ਅਲਕੋਹਲ ਦੀ ਵਰਤੋਂ ਹੁੰਦੀ ਹੈ। ਇਸ ਕਾਰਨ ਮੂੰਹ ਵਿੱਚ ਖਤਰਨਾਕ ਜਲਨ ਦੀ ਸਮੱਸਿਆ ਹੋਣ ਲੱਗਦੀ ਹੈ। ਮਾਊਥਵਾਸ਼ ਵਿਚ ਮੌਜੂਦ ਸਖ਼ਤ ਪਦਾਰਥਾਂ ਕਾਰਨ ਜਲਨ ਦੀ ਸਮੱਸਿਆ ਸ਼ੁਰੂ ਹੋਣ ਲੱਗਦੀ ਹੈ। ਇਸ ਨਾਲ ਮੂੰਹ ਵਿੱਚ ਲਾਲਪਣ ਵੀ ਹੋ ਜਾਂਦਾ ਹੈ।

**ਦੰਦਾਂ ਵਿਚ ਸਮੱਸਿਆਵਾਂ**

ਰੋਜ਼ਾਨਾ ਮਾਊਥਵਾਸ਼ ਦੀ ਵਰਤੋਂ ਕਰਨ ਨਾਲ ਦੰਦਾਂ ਦੀ ਸਮੱਸਿਆ ਹੋਣ ਲੱਗਦੀ ਹੈ। ਮਾਊਥਵਾਸ਼ ਨਾਲ ਦੰਦਾਂ 'ਤੇ ਨਿਸ਼ਾਨ ਆ ਜਾਂਦੇ ਹਨ, ਦੰਦ ਕਮਜ਼ੋਰ ਅਤੇ ਖੁਰਦਰੇ ਹੋ ਜਾਂਦੇ ਹਨ, ਜੋ ਪ੍ਰੇਸ਼ਾਨੀ ਦਾ ਕਾਰਨ ਬਣਦੇ ਹਨ।

**ਕਰ ਸਕਦੇ ਹੋ ਨੈਚੁਰਲ ਮਾਊਥਵਾਸ਼**

ਰੋਜ਼ਾਨਾ ਬਾਜ਼ਾਰ ਵਿਚ ਕੈਮੀਕਲ ਨਾਲ ਬਣੇ ਮਾਊਥਵਾਸ਼ ਦੀ ਵਰਤੋਂ ਕਰਨ ਨਾਲ ਨੁਕਸਾਨ ਹੋ ਸਕਦਾ ਹੈ। ਇਸ ਨੂੰ ਦੋ ਦਿਨਾਂ ਵਿੱਚ ਇੱਕ ਵਾਰ ਇਸਤੇਮਾਲ ਕਰਨਾ ਚਾਹੀਦਾ। ਅਸੀਂ ਘਰ ਵਿਚ ਨਿੰਮ ਜਾਂ ਪੁਦੀਨੇ ਨਾਲ ਨੈਚੁਰਲ ਮਾਊਥਵਾਸ਼ ਬਣਾ ਸਕਦੇ ਹਾਂ ਇਸ ਦਾ ਇਸਤੇਮਾਲ ਰੋਜ਼ ਕੀਤਾ ਜਾ ਸਕਦਾ ਹੈ।

## ਸਰਕਾਰ ਜੀ, ਪੰਜਾਬ ਨੂੰ ਲਾਇਸੰਸੀ ਹਥਿਆਰਾਂ

ਸੰਵਿਧਾਨਕ ਪੱਖ ਤੋਂ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਐਡਵੋਕੇਟ ਰਾਜਬੀਰ ਸਿੰਘ ਦਾ ਕਹਿਣਾ ਹੈ ਕਿ ਸਰਕਾਰ ਨੂੰ ਤੱਥ ਸਾਹਮਣੇ ਰੱਖਣੇ ਚਾਹੀਦੇ ਹਨ ਕਿ ਲਾਇਸੰਸੀ ਅਸਲੇ ਨਾਲ ਅਮਨ ਕਾਨੂੰਨ ਨਾਲ ਸਬੰਧਿਤ ਕਿੰਨੀਆਂ ਕੁ ਘਟਨਾਵਾਂ ਵਾਪਰੀਆਂ ਹਨ ਤੇ ਨਾਜਾਇਜ਼ ਹਥਿਆਰਾਂ ਨਾਲ ਕਿੰਨੀਆਂ? ਜੇ ਨਾਜਾਇਜ਼ ਹਥਿਆਰਾਂ ਨਾਲ ਪੰਜਾਬ ਵਿਚ ਮਾਹੌਲ ਖਰਾਬ ਹੋ ਰਿਹਾ ਹੈ ਤਾਂ ਸਰਕਾਰ ਗੈਂਗ ਕਲਚਰ ਤੇ ਡਰੱਗ ਮਾਫੀਆ ਨੂੰ ਨਥ ਪਾਵੇ ਜੋ ਇਸ ਦੇ ਜਿੰਮੇਵਾਰ ਹਨ।

ਡਾਕਟਰ ਨਿਰਮਲ ਸਿੰਘ ਪੰਜਾਬੀ ਸੱਥ ਨੇ ਕਿਹਾ ਹੈ ਕਿ ਹਥਿਆਰਾਂ ਦਾ ਪ੍ਰਦਰਸ਼ਨ ਜਾਂ ਹਿੰਸਾ ਨੂੰ ਉਤਸ਼ਾਹਿਤ ਕਰਨਾ ਸਮਾਜ ਦੇ ਹਿੱਤ ਵਿਚ ਨਹੀਂ ਹੈ। ਗੀਤਕਾਰਾਂ ਨੂੰ ਆਪਣੀਆਂ ਕਲਮਾਂ ਅਤੇ ਆਵਾਜ਼ ਸਮਾਜਿਕ ਉਦੇਸ਼ ਵਾਲੇ ਪਾਸੇ ਲਾਉਣ ਦੀ ਲੋੜ ਹੈ ਜਿਵੇਂ ਕਿ ਹਿੰਸਾ ਦੀ ਗਾਇਕੀ ਤਿਆਗ ਕੇ ਸਿਧੂ ਮੂਸੇਵਾਲ ਤੇ ਹੋਰ ਗਾਇਕਾਂ ਨੇ ਲੋਕ ਹਿਤਾਂ ਤੇ ਕਿਸਾਨੀ ਮਸਲਿਆਂ ਵਲ ਰੁਖ ਅਪਨਾਇਆ ਸੀ। ਸਰਕਾਰ ਨੂੰ ਇਨ੍ਹਾਂ ਹਦਾਇਤਾਂ 'ਤੇ ਗੰਭੀਰਤਾ ਨਾਲ ਅਮਲ ਕਰਵਾਉਣ ਦੀ ਜ਼ਰੂਰਤ ਹੈ।

***

## ਵਿਰੋਧੀ ਪਾਰਟੀਆਂ ਅਨੁਸਾਰ ਅਮਨ

ਪਰ ਜੇ ਲੋਕ ਆਪ ਹੀ ਇਨ੍ਹਾਂ ਗੱਲਾਂ ਨੂੰ ਸਮਝ ਲੈਣ ਤਾਂ ਸਰਕਾਰਾਂ ਨੂੰ ਅਜਿਹੇ ਸਖ਼ਤ ਫੈਸਲੇ ਲੈਣ ਦੀ ਲੋੜ ਨਹੀਂ ਪੈਂਦੀ।

ਪੰਜਾਬੀ ਗਾਇਕ ਤੇ ਭਾਜਪਾ ਆਗੂ ਹੰਸ ਰਾਜ ਹੰਸ ਨੇ ਮਾਨ ਸਰਕਾਰ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਇਹ ਬਹੁਤ ਚੰਗਾ ਫੈਸਲਾ ਲਿਆ ਗਿਆ ਹੈ ਅਤੇ ਚੰਗੇ ਫੈਸਲਿਆਂ ਦੀ ਪ੍ਰਸ਼ੰਸਾ ਕੀਤੀ ਜਾਣੀ ਚਾਹੀਦੀ ਹੈ। ਪੰਜਾਬ ਦੇ ਹਾਲਾਤ ਸਿਰਫ਼ ਲਾਇਸੈਂਸ ਰੀਵਿਊ ਕਰਨ ਨਾਲ ਠੀਕ ਨਹੀਂ ਹੋਣੇ'

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ, 'ਇਸ ਫੈਸਲੇ ਨੂੰ ਮੈਂ ਜੀ ਆਇਆਂ ਕਹਿੰਦਾ ਹਾਂ ਪਰ ਜੋ ਪੰਜਾਬ ਦੇ ਹਾਲਾਤ ਨੇ ਉਹ ਸਿਰਫ਼ ਲਾਇਸੰਸ ਰੀਵਿਊ ਕਰਨ ਨਾਲ ਠੀਕ ਨਹੀਂ ਹੋਣੇ।' ਉਨ੍ਹਾਂ ਕਿਹਾ, 'ਪੰਜਾਬ ਦੇ ਹਾਲਤ ਬਹੁਤ ਖਰਾਬ ਹਨ, ਕੁਝ ਨਹੀਂ ਮਿਲਣਾ ਸਾਨੂੰ ਗੁਜਰਾਤ ਤੋਂ, ਕੁਝ ਨਹੀਂ ਮਿਲਣਾ ਹਿਮਾਚਲ ਤੋਂ, ਕ੍ਰਿਪਾ ਕਰਕੇ ਭਗਵੰਤ ਮਾਨ ਜੀ ਪੰਜਾਬ 'ਤੇ ਧਿਆਨ ਦੇਵੋ।

***

## ਪੰਜਾਬੀਆਂ ਲਈ 'ਸਟੇਟਸ ਸਿੰਬਲ'

ਫੜਨ ਦਾ ਦਾਅਵਾ ਕੀਤਾ ਗਿਆ। ਇੱਥੋਂ ਤੱਕ ਕਿ ਗੈਂਗਸਟਰਾਂ ਕੋਲੋਂ ਮਿਲ ਰਹੇ ਅਤਿ-ਆਧੁਨਿਕ ਏ.ਐਨ. 94 ਵਰਗੇ ਹਥਿਆਰਾਂ ਨੇ ਦਹਿਸ਼ਤ ਪੈਦਾ ਕੀਤੀ ਹੈ। ਸੂਤਰਾਂ ਅਨੁਸਾਰ ਪੰਜਾਬ ਅੰਦਰ ਯੂ.ਪੀ. ਅਤੇ ਮੱਧ ਪ੍ਰਦੇਸ਼ ਤੋਂ ਨਾਜਾਇਜ਼ ਅਸਲੇ ਦੇ ਮਡਿਊਲ ਸਾਹਮਣੇ ਆਏ ਸਨ ਅਤੇ ਇਹ ਹਥਿਆਰ ਬਹੁਤ ਹੀ ਘੱਟ ਰੇਟਾਂ 'ਤੇ ਮਿਲ ਜਾਂਦੇ ਹਨ, ਜਿਸ ਦੀ ਵਰਤੋਂ ਨਸ਼ੇੜੀ ਅਤੇ ਅਪਰਾਧ ਜਗਤ ਨਾਲ ਜੁੜੇ ਲੋਕ ਵਧੇਰੇ ਕਰਦੇ ਹਨ। ਇਹ ਵੀ ਕਿ ਪੰਜਾਬ ਅੰਦਰ ਹਜ਼ਾਰਾਂ ਦੀ ਗਿਣਤੀ ਵਿਚ ਅਪਰਾਧਿਕ ਪਿਛੋਕੜ ਵਾਲੇ ਗੁੰਡਿਆਂ ਨੂੰ ਕਾਬੂ ਕਰਨ ਵਿਚ ਪੁਲਿਸ ਅਸਫਲ ਰਹੀ ਹੈ। ਆਰ.ਟੀ.ਆਈ. ਕਾਰਕੁੰਨ ਰੰਜੀਵ ਗੋਇਲ ਦਾ ਕਹਿਣਾ ਸੀ ਕਿ ਲਾਇਸੰਸੀ ਹਥਿਆਰ ਤਾਂ ਪਹਿਲਾਂ ਹੀ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਵਲੋਂ ਜਾਰੀ ਨੇਮਾਂ ਨੂੰ ਪੂਰਾ ਕਰਨ ਵਾਲੇ ਵਿਅਕਤੀਆਂ ਨੂੰ ਜਾਰੀ ਕੀਤਾ ਜਾਂਦਾ ਹੈ ਅਤੇ ਸਬੰਧਤ ਵਿਅਕਤੀ ਇਹ ਅਸਲਾ ਆਪਣੀ ਸਵੈ-ਰੱਖਿਆ ਲਈ ਲੈਂਦਾ ਹੈ।

***

## ਸ਼ਰਾਬ ਪੀਂਦਾ ਨਹੀਂ ਪਰ

ਅਨੁਕੂਲ ਕਿਰਿਆਵਾਂ ਹੁੰਦੀਆਂ ਹਨ।ਅਲਕੋਹਲ ਨੂੰ ਝੱਲਣ ਦੀ ਘੱਟ ਸਮਰੱਥਾ ਵੀ ਭੂਮਿਕਾ ਨਿਭਾ ਸਕਦੀ ਹੈ, ਕਿਉਂਕਿ ਮਨੁੱਖ 'ਤੇ ਰੋਗਾਣੂਆਂ ਵੱਲੋਂ ਪੈਦਾ ਅਲਕੋਹਲ ਦਾ ਪ੍ਰਭਾਵ ਵਧੇਰੇ ਹੁੰਦਾ ਹੈ।

ਟੈਕਸਾਸ ਵਿੱਚ ਪਨੋਲਾ ਕਾਲਜ ਵਿੱਚ ਖੋਜਾਰਥੀ ਬਰਬਰਾ ਕੋਰਡਿਲ ਕਹਿੰਦੇ ਹਨ, 'ਆਟੋ-ਬ੍ਰਿਊਰੀ ਸਿੰਡਰੋਮ' ਦੇ ਇਲਾਜ ਅਤੇ ਨਿਦਾਨ ਵਿੱਚ ਪਿਛਲੇ ਦਹਾਕੇ ਵਿੱਚ ਵਿਕਾਸ ਹੋਇਆ ਹੈ।ਗਲਤ ਤਰ੍ਹਾਂ ਦੇ ਭੋਜਨ ਜ਼ਿਆਦਾ ਖਾਣ ਦੀ ਵੀ ਭੂਮਿਕਾ ਹੋ ਸਕਦੀ ਹੈ।

ਅਲਟਰਾ-ਪ੍ਰੋਸੈਸਡ ਭੋਜਨਾਂ ਦੀ ਵਧੇਰੇ ਮਾਤਰਾ ਨੂੰ ਵੀ ਅੰਤੜੀਆਂ ਦੇ ਮਾਈਕਰੋਬਾਇਓਟਾ ਵਿੱਚ ਗੜਬੜੀਆਂ ਨਾਲ ਜੋੜਿਆ ਜਾਂਦਾ ਹੈ। ਕੋਰਡਿਲ ਨੇ ਕਿਹਾ, 'ਅਸੀਂ ਇਹ ਵੀ ਜਾਣਦੇ ਹਾਂ ਕਿ ਇਲਾਜ ਦਾ ਵੱਡਾ ਹਿੱਸਾ ਘੱਟ ਕਾਰਬੋਹਾਈਡ੍ਰੇਟ ਵਾਲੇ ਭੋਜਨ ਹੋਣੀ ਚਾਹੀਦੀ ਹੈ, ਭਾਵੇਂ ਦਵਾਈਆਂ ਲਈ ਜਾਵੇਂ ਜਾਂ ਨਾ।'

## ਸ਼੍ਰੋਮਣੀ ਕਮੇਟੀ ਚੋਣ ਕਾਰਨ

ਸ਼ਰੇਆਮ ਬੀਬੀ ਜਗੀਰ ਕੌਰ ਦੇ ਸਮਰਥਨ ਵਿਚ ਆ ਗਏ ਸਨ। ਸੂਤਰਾਂ ਤੋਂ ਮਿਲੀ ਇਸ ਗੈਰ-ਅਧਿਕਾਰਤ ਸੂਚੀ ਦੀ ਕਾਪੀ ਅਨੁਸਾਰ ਇਸ ਵਿਚ ਸ਼ਾਮਿਲ 34 ਸ਼੍ਰੋਮਣੀ ਕਮੇਟੀ ਮੈਂਬਰਾਂ ਵਿਚ ਖ਼ੁਦ ਬੀਬੀ ਜਗੀਰ ਕੌਰ ਤੋਂ ਇਲਾਵਾ ਬਾਬਾ ਗੁਰਪ੍ਰੀਤ ਸਿੰਘ ਰੰਧਾਵਾ ਵਾਲੇ ਫ਼ਤਹਿਗੜ੍ਹ ਸਾਹਿਬ, ਜਸਵੰਤ ਸਿੰਘ ਪੁੜੈਣ ਜ਼ਿਲ੍ਹਾ ਲੁਧਿਆਣਾ, ਅਮਰੀਕ ਸਿੰਘ ਸ਼ਾਹਪੁਰ ਗੁਰਦਾਸਪੁਰ, ਬਾਬਾ ਅਵਤਾਰ ਸਿੰਘ ਘਰਿਆਲਾ ਵਾਲੇ ਜ਼ਿਲ੍ਹਾ ਤਰਨਤਾਰਨ, ਹਰਦੀਪ ਸਿੰਘ ਮੋਹਾਲੀ, ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਜ਼ਿਲ੍ਹਾ ਨਵਾਂਸ਼ਹਿਰ, ਨਿਰਮਲ ਸਿੰਘ ਜੌਲਾ ਡੇਰਾਬੱਸੀ- ਮੋਹਾਲੀ, ਬੀਬੀ ਜਸਵਿੰਦਰ ਕੌਰ ਜ਼ੀਰਾ ਫ਼ਿਰੋਜ਼ਪੁਰ, ਬਲਦੇਵ ਸਿੰਘ ਚੂੰਘਾ ਬਰਨਾਲਾ, ਮੇਜਰ ਸਿੰਘ ਢਿੱਲੋਂ ਰਾਮਪੁਰਾ ਫੂਲ ਅਤੇ ਬੀਬੀ ਕੁਲਦੀਪ ਕੌਰ ਟੌਹੜਾ ਦੇ ਨਾਂ ਸ਼ਾਮਿਲ ਹਨ, ਜਦੋਂ ਕਿ ਆਮ ਆਦਮੀ ਪਾਰਟੀ ਦੇ ਸ਼੍ਰੋਮਣੀ ਕਮੇਟੀ ਮੈਂਬਰ ਸਰਬੰਸ ਸਿੰਘ ਮਾਣਕੀ ਸਮਰਾਲਾ ਜ਼ਿਲ੍ਹਾ ਲੁਧਿਆਣਾ, ਲੋਕ ਇਨਸਾਫ਼ ਪਾਰਟੀ ਦੇ ਆਗੂ ਤੇ ਸਾਬਕਾ ਵਿਧਾਇਕ ਬਲਵਿੰਦਰ ਸਿੰਘ ਬੈਂਸ ਲੁਧਿਆਣਾ, ਕਾਂਗਰਸ ਪਾਰਟੀ ਨਾਲ ਸਬੰਧਿਤ 3 ਮੈਂਬਰਾਂ ਸੁਖਜੀਤ ਸਿੰਘ ਕਾਕਾ ਸਾਬਕਾ ਵਿਧਾਇਕ ਧਰਮਕੋਟ ਜ਼ਿਲ੍ਹਾ ਮੋਗਾ, ਬੀਬੀ ਜਸਪਾਲ ਕੌਰ ਮਹਿਰਾਜ ਜ਼ਿਲ੍ਹਾ ਬਠਿੰਡਾ ਅਤੇ ਪਰਮਜੀਤ ਸਿੰਘ ਰਾਇਪੁਰ ਆਦਮਪੁਰ ਜ਼ਿਲ੍ਹਾ ਜਲੰਧਰ ਦੇ ਨਾਂ ਵੀ ਸੂਚੀ ਵਿਚ ਸ਼ਾਮਿਲ ਹਨ। ਸੂਚੀ 'ਚ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੇ ਅਕਾਲੀ ਦਲ ਦੇ 5 ਸ਼੍ਰੋਮਣੀ ਕਮੇਟੀ ਮੈਂਬਰਾਂ ਜੈਪਾਲ ਸਿੰਘ ਮੰਡੀਆਂ ਮਲੇਰਕੋਟਲਾ ਸੰਗਰੂਰ, ਮਲਕੀਤ ਸਿੰਘ ਚੰਗਾਲ ਸੰਗਰੂਰ, ਹਰਪ੍ਰੀਤ ਸਿੰਘ ਗਰਚਾ ਲੁਧਿਆਣਾ, ਜੁਗਰਾਜ ਸਿੰਘ ਦੌਧਰ ਮੋਗਾ, ਪਿਛਲੀ ਵਾਰ ਪ੍ਰਧਾਨਗੀ ਦੀ ਚੋਣ ਲੜਨ ਵਾਲੇ ਮਾਸਟਰ ਮਿੱਠੂ ਸਿੰਘ ਕਾਹਨਕੇ ਮਾਨਸਾ ਅਤੇ ਭਾਜਪਾ 'ਚ ਸ਼ਾਮਿਲ ਹੋਏ ਸ਼੍ਰੋਮਣੀ ਕਮੇਟੀ ਮੈਂਬਰਾਂ ਹਰਪਾਲ ਸਿੰਘ ਜੱਲ੍ਹਾ ਪਾਇਲ ਸਾਬਕਾ ਜੂਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ, ਸੁਰਜੀਤ ਸਿੰਘ ਗੜ੍ਹੀ ਰਾਜਪੁਰਾ, ਹਰਭਜਨ ਸਿੰਘ ਚੀਮਾ ਸਾਬਕਾ ਵਿਧਾਇਕ, ਉੱਤਰਾਖੰਡ ਤੋਂ ਇਲਾਵਾ ਹਰਿਆਣਾ ਦੇ 5 ਸ਼੍ਰੋਮਣੀ ਕਮੇਟੀ ਮੈਂਬਰਾਂ ਬਾਬਾ ਗੁਰਮੀਤ ਸਿੰਘ ਤਿਲੋਕੇਵਾਲਾ, ਭੁਪਿੰਦਰ ਸਿੰਘ ਅਸੰਧ, ਬਲਦੇਵ ਸਿੰਘ ਖ਼ਾਲਸਾ ਹਿਸਾਰ, ਹਰਪਾਲ ਸਿੰਘ ਪਾਲੀ ਅੰਬਾਲਾ, ਅਮਰੀਕ ਸਿੰਘ ਜਨੇਤਪੁਰ ਅੰਬਾਲਾ ਦੇ ਨਾਂਅ ਵੀ ਸ਼ਾਮਿਲ ਹਨ, ਪਰ ਇਨ੍ਹਾਂ ਅਤੇ ਸੰਤ ਸਮਾਜ ਦੇ 2 ਕੋ-ਆਪਟਡ ਸ਼੍ਰੋਮਣੀ ਕਮੇਟੀ ਮੈਂਬਰਾਂ ਰੋਡੇ ਦੇ ਜਗਤਾਰ ਸਿੰਘ ਰੋਡੇ ਜ਼ਿਲ੍ਹਾ ਮੋਗਾ, ਸੰਤ ਚਰਨਜੀਤ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ ਦੇ ਨਾਂ ਵੀ ਸ਼ਾਮਿਲ ਹਨ। ਪਰ ਅਕਾਲੀ ਦਲ ਦੀ ਸੂਚੀ 'ਚ ਇਨ੍ਹਾਂ ਦੇ ਨਾਂਵਾਂ ਅੱਗੇ ਭਾਜਪਾ ਦੇ ਦਬਾਅ ਅਧੀਨ ਅਕਾਲੀ ਦਲ ਵਿਰੁੱਧ ਵੋਟਾਂ ਪਾਉਣ ਦਾ ਜ਼ਿਕਰ ਹੈ। ਜਦੋਂ ਕਿ ਸੰਯੁਕਤ ਸਮਾਜ ਮੋਰਚਾ ਵਲੋਂ ਵਿਧਾਨ ਸਭਾ ਦੀ ਚੋਣ ਲੜਨ ਵਾਲੇ ਡਾ. ਜੰਗਬਹਾਦਰ ਸਿੰਘ ਰਾਏ ਗੜ੍ਹਸ਼ੰਕਰ ਅਤੇ ਅਕਾਲੀ ਦਲ ਅੰਮ੍ਰਿਤਸਰ ਦੀ ਬੀਬੀ ਸ਼ਰਨਜੀਤ ਕੌਰ ਧੂਰੀ ਦਾ ਨਾਂ ਵੀ ਹੈ।ਹਾਲਾਂਕਿ ਅਕਾਲੀ ਦਲ ਅੰਮ੍ਰਿਤਸਰ ਨੇ ਇਸ ਚੋਣ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ ਸੀ।

ਅਕਾਲੀ ਦਲ ਬਾਦਲ ਅਤੇ ਸ਼੍ਰੋਮਣੀ ਕਮੇਟੀ ਦੇ ਉੱਚ ਅਹੁਦੇਦਾਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਅਕਾਲੀ ਦਲ ਨੇ ਕਰਾਸ ਵੋਟਿੰਗ ਕਰਨ ਵਾਲੇ ਬਹੁਤੇ ਮੈਂਬਰਾਂ ਦੀ ਭਾਲ ਕਰ ਲਈ ਹੈ। ਪਤਾ ਲੱਗਾ ਹੈ ਕਿ ਇਨ੍ਹਾਂ ਵਿਚੋਂ ਕੁਝ ਪਟਿਆਲਾ ਜ਼ਿਲੇ ਨਾਲ ਸਬੰਧਿਤ ਹਨ ਅਤੇ ਕੁਝ ਦੁਆਬੇ ਦੇ ਇਲਾਕੇ ਦੇ ਹਨ। ਦੱਸਿਆ ਗਿਆ ਹੈ ਕਿ ਸਿਰਫ਼ 1-2 ਅਜਿਹੇ ਮੈਂਬਰਾਂ ਦੀ ਪਛਾਣ ਕਰਨੀ ਹੀ ਬਾਕੀ ਹੈ।ਸੁਖਬੀਰ ਬਾਦਲ ਸਾਹਮਣੇ ਵੱਡੀ ਚਿਤਾਵਨੀ ਹੈ ਕਿ ਕੀ ਉਹ ਹੁਣ ਉਨ੍ਹਾਂ 42 ਵਿਅਕਤੀਆਂ ਨੂੰ ਬਾਹਰ ਦਾ ਰਸਤਾ ਵਿਖਾਉਣਗੇ, ਜਿਨ੍ਹਾਂ ਨੇ ਪਾਰਟੀ ਦੇ ਉਮੀਦਵਾਰ ਖ਼ਿਲਾਫ਼ ਵੋਟ ਪਾਈ ਹੈ। ਜੇ ਸੁਖਬੀਰ ਅਜਿਹਾ ਕਰਦੇ ਹਨ ਤਾਂ ਅਕਾਲੀ ਦਲ ਨੂੰ ਵੱਡਾ ਨੁਕਸਾਨ ਉਠਾਉਣਾ ਪੈ ਸਕਦਾ ਹੈ। ਕਾਰਨ ਇਹ ਹੈ ਕਿ ਪਾਰਟੀ ਅੰਦਰ ਮਜ਼ਬੂਤ ਲੋਕਾਂ ਦੀ ਪਹਿਲਾਂ ਹੀ ਕਮੀ ਮਹਿਸੂਸ ਹੋ ਰਹੀ ਹੈ। ਜੇ ਕਿਤੇ ਛਾਂਟੀ ਕਰ ਦਿੱਤੀ ਜਾਂਦੀ ਹੈ ਤਾਂ ਪਾਰਟੀ ਦੇ ਹਾਲਾਤ ਹੋਰ ਖ਼ਰਾਬ ਹੋ ਸਕਦੇ ਹਨ। ਜਦੋਂ ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਇਸ ਬਾਰੇ ਸਪੱਸ਼ਟ ਤੌਰ 'ਤੇ ਕੁਝ ਕਹਿਣ ਤੋਂ ਇਨਕਾਰ ਕਰ ਦਿੱਤਾ। ਧਾਮੀ ਨੇ ਕਿਹਾ ਕਿ ਇਸ ਬਾਰੇ ਕੋਈ ਵੀ ਫ਼ੈਸਲਾ ਅਕਾਲੀ ਦਲ ਦੀ ਹਾਈਕਮਾਨ ਹੀ ਲੈ ਸਕਦੀ ਹੈ। ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਮੈਂ ਨੰਬਰਾਂ ਦੀ ਗਿਣਤੀ ਵਿਚ ਭਾਵੇਂ ਹਾਰੀ ਹਾਂ ਪਰ ਤਸੱਲੀ ਜ਼ਰੂਰ ਹੈ ਕਿ ਮੈਨੂੰ ਲੋੜ ਤੋਂ ਵੱਧ ਸਮਰਥਨ ਮਿਲਿਆ, 22 ਤੋਂ ਸਿੱਧੇ 42 ਮੈਂਬਰਾਂ 'ਵਿਚ ਪਹੁੰਚੀ ਗਿਣਤੀ ਮੇਰੇ ਨਾਲ ਖੜ੍ਹੀ ਹੈ ਜੋ ਕਿ ਅਸਲ ਜ਼ਮੀਰਾਂ ਵਾਲੇ ਸਨ। ਉਨ੍ਹਾਂ ਨੇ ਕਿਹਾ ਕਿ ਹੋਰ ਵੀ ਕਈ ਮੈਂਬਰ ਮੇਰੇ ਨਾਲ ਆਉਣਾ ਚਾਹੁੰਦੇ ਸਨ ਪਰ ਉਹ ਮਜਬੂਰ ਸਨ।ਹਰ ਇਕ ਮੈਂਬਰ 'ਤੇ ਨਜ਼ਰ ਰੱਖਣ ਲਈ ਟਾਸਕ ਫੋਰਸ ਦੇ ਮੁਲਾਜ਼ਮਾਂ ਨੂੰ ਲਗਾਇਆ ਗਿਆ ਸੀ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਮੈਂਬਰਾਂ ਨੂੰ ਕਿਸੇ ਨਾਲ ਵੀ ਫੋਨ 'ਤੇ ਗੱਲ ਕਰਨ ਜਾਂ ਮਿਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ। ਉਨ੍ਹਾਂ ਨੇ ਕਿਹਾ ਕਿ ਮੈਨੂੰ ਮਿਲੇ ਸਮਰਥਨ ਲਈ ਮੈਂ ਸਿੱਖ ਪੰਥ ਦੀ ਰਿਣੀ ਹਾਂ। ਉਨ੍ਹਾਂ ਨੇ ਕਿਹਾ ਕਿ ਔਰਤ ਵਰਗ ਨੂੰ ਨੁਮਾਇੰਦਗੀ ਤੋਂ ਪਾਸਾ ਵੱਟ ਚਲੇ ਸੀ ਮੌਜੂਦਾ ਸ਼੍ਰੋਮਣੀ ਕਮੇਟੀ ਪ੍ਰਧਾਨ ਪਰ ਮੇਰੇ ਵਲੋਂ ਤੇ ਹੋਰ ਬੀਬੀਆਂ ਵਲੋਂ ਜ਼ੋਰਦਾਰ ਆਵਾਜ਼ ਬੁਲੰਦ ਕਰਨ 'ਤੇ ਸਾਡੇ ਹੀ ਧੜੇ ਦੀ ਇਕ ਇਸਤਰੀ ਮੈਂਬਰ ਨੂੰ ਕਾਰਜਕਾਰਨੀ ਵਿਚ ਸ਼ਾਮਿਲ ਕੀਤਾ ਗਿਆ। ਸਿੱਖਾਂ ਅਤੇ ਪੰਜਾਬ ਲਈ, ਸਭ ਤੋਂ ਮਹੱਤਵਪੂਰਨ ਮੁੱਦਾ ਅਕਾਲੀ ਦਲ ਦੀ ਪੁਨਰ ਸੁਰਜੀਤੀ ਹੈ ਨਾ ਕਿ 'ਪਰਿਵਾਰ' ਦਾ ਕੰਟਰੋਲ। ਮੈਂ ਐਸਜੀਪੀਸੀ ਦੇ ਕੰਮਕਾਜ ਵਿੱਚ ਸੁਧਾਰਾਂ ਦੇ ਏਜੰਡੇ ਨੂੰ ਅੱਗੇ ਵਧਾਉਣ ਤੋਂ ਇਲਾਵਾ ਇਸ ਦਿਸ਼ਾ ਵਿੱਚ ਧਿਆਨ ਕੇਂਦਰਿਤ ਕਰਾਂਗੀ।

****

## ਕੈਲੀਫੋਰਨੀਆ ਵਿਧਾਨ ਸਭਾ ਲਈ ਚੁਣੀ ਗਈ

ਕਾਲਜ ਅਤੇ ਇਸ ਤੋਂ ਬਾਅਦ ਦੇ ਬੱਚਿਆਂ ਲਈ ਹਰ ਪੱਧਰ 'ਤੇ ਵਧੇਰੇ ਸਰੋਤਾਂ ਦਾ ਨਿਵੇਸ਼ ਕਰੇਗੀ, ਅਤੇ ਇਹ ਯਕੀਨੀ ਬਣਾਏਗੀ ਕਿ ਉਹ ਸੁਰੱਖਿਅਤ ਢੰਗ ਨਾਲ ਕਲਾਸਰੂਮਾਂ ਵਿੱਚ ਆਪਣੀ ਪੜ੍ਹਾਈ ਕਰ ਸਕਣ। ਉਸਨੇ ਪਾਣੀ ਦੇ ਬੁਨਿਆਦੀ ਢਾਂਚੇ ਦੇ ਨਾਲ-ਨਾਲ ਕੰਪਨੀਆਂ, ਰਿਹਾਇਸ਼ਾਂ ਅਤੇ ਖੇਤਾਂ ਨੂੰ ਅਪਗ੍ਰੇਡ ਕਰਨ ਲਈ ਫੰਡ ਦਾ ਪ੍ਰਬੰਧ ਕਰਨ ਲਈ ਲੜਨ ਦਾ ਵਾਅਦਾ ਵੀ ਕੀਤਾ ਹੈ।

ਇਸ ਚੋਣ ਦਾ ਜਿੱਤਣਾ ਇਸ ਲਈ ਵੀ ਜ਼ਰੂਰੀ ਸੀ ਕਿਓਂ ਕਿ ਜਦੋਂ ਵੀ ਪੰਜਾਬੀ ਪ੍ਰਤੀ ਜਾਂ ਸਿੱਖ ਧਰਮ ਪ੍ਰਤੀ ਕੋਈ ਮਤਾ ਲਿਆਉਣਾ ਹੁੰਦਾ ਸੀ ਤਾਂ ਕੋਈ ਸਿੱਖਾਂ ਦੀ ਪ੍ਰਤੀਨਿਧਤਾ ਕਰਨ ਵਾਲਾ ਕੋਈ ਹੁੰਦਾ ਨਹੀਂ ਸੀ। ਡਾ. ਜਸਮੀਤ ਕੌਰ ਬੈਂਸ ਦੇ ਪਿਤਾ ਦਵਿੰਦਰ ਸਿੰਘ ਬੈਂਸ ਦਾ ਸਿੱਖ ਭਾਈਚਾਰੇ ਵਿਚ ਕਾਫੀ ਚੰਗਾ ਅਸਰ-ਰਸੂਖ ਹੈ। ਪੰਜਾਬੀ ਸਿੱਖ ਭਾਈਚਾਰੇ ਲਈ ਇਸ ਡਾ. ਜਸਮੀਤ ਕੌਰ ਬੈਂਸ ਅਸੈਂਬਲੀ ਮੈਂਬਰ ਦੀ ਚੋਣ ਦਾ ਜਿੱਤਣਾ ਪੰਜਾਬੀਆਂ ਲਈ ਆਉਣ ਵਾਲੇ ਸਮੇਂ 'ਚ ਅਮਰੀਕੀ ਸਿਆਸਤ ਦੇ ਅਖਾੜੇ ਲਈ ਰਾਹ ਖੁੱਲ ਸਕਦਾ ਹੈ।

***

## ਹਾਸ਼ੀਏ 'ਤੇ...

ਅਦਾਰੇ ਗਿਆਨ ਦਾ ਸੋਮਾ ਹੋਣ ਜੋ ਵਿਗਿਆਨਿਕ ਦ੍ਰਿਸ਼ਟੀਕੋਣ ਨਾਲ ਸਿੱਖਿਆ ਦੇਣ। ਪਰ ਅੱਜ ਸਿੱਖਿਆ ਸੰਸਥਾਵਾਂ 'ਚ ਹੋ ਰਹੀ ਪੜ੍ਹਾਈ 'ਤੇ ਕਈ ਸਵਾਲ ਉੱਠ ਰਹੇ ਹਨ। ਸਿੱਖਿਆ ਸੰਸਥਾਵਾਂ ਅਤੇ ਸਰਕਾਰੀ ਰੋਜ਼ਗਾਰ ਵਿੱਚ ਕਈ ਤਰ੍ਹਾਂ ਦੇ ਸਮਾਜਿਕ ਅਤੇ ਸਿੱਖਿਅਕ ਰੂਪ 'ਚ ਪਛੜੇ ਵਰਗਾਂ ਲਈ ਰਿਜ਼ਰਵੇਸ਼ਨ ਹੈ। ਪਰ ਵੇਖਣ ਵਾਲੀ ਗੱਲ ਹੈ ਕਿ ਇਹਨਾ ਵਰਗਾਂ ਨਾਲ ਸਬੰਧਤ ਲੋਕ ਪਛੜੇ ਹੋਏ ਕਿਉਂ ਹਨ? ਇਨ੍ਹਾਂ ਵਿੱਚ ਅਤਿ ਗਰੀਬਾਂ ਨੂੰ ਇਸਦਾ ਕੀ ਲਾਭ ਮਿਲਿਆ?

ਗਰੀਬਾਂ ਦੇ ਬੱਚਿਆਂ ਦਾ ਪਾਲਣ ਪੋਸ਼ਣ ਸਹੀ ਨਹੀਂ ਹੁੰਦਾ। ਉਨ੍ਹਾਂ ਦੀ ਸਿੱਖਣ ਦੀ ਸਮਰੱਥਾ 'ਚ ਕਮੀ ਦਾ ਕਾਰਨ ਗਰੀਬੀ ਹੈ। ਇਹ ਕਮੀ ਸਿੱਖਿਆ ਅਤੇ ਰੋਜ਼ਗਾਰ ਤੱਕ ਉਨ੍ਹਾਂ ਦੇ ਪਹੁੰਚਣ 'ਚ ਕੋਸ਼ਿਸ਼ ਸੀਮਤ ਕਰ ਦਿੰਦੀ ਹੈ ਜਾਂ ਖ਼ਤਮ ਕਰ ਦਿੰਦੀ ਹੈ। ਅੱਜ ਵੀ 31.7 ਕਰੋੜ ਲੋਕ ਗਰੀਬੀ ਤੋਂ ਹੇਠਾਂ ਹਨ, ਉਨ੍ਹਾਂ ਦੀ ਸਿੱਖਿਆ ਦੀ ਸਥਿਤੀ ਕਿਹੋ ਜਿਹੀ ਹੋਏਗੀ, ਇਸਦਾ ਅੰਦਾਜ਼ਾ ਲਗਾਉਣਾ ਔਖਾ ਨਹੀਂ ਹੈ। ਅਜ਼ਾਦੀ ਦੇ 75 ਵਰ੍ਹਿਆਂ ਬਾਅਦ ਵੀ ਦੇਸ਼ 'ਚ ਸਮਾਨਤਾ ਨਹੀਂ ਹੈ। ਕੁਝ ਲੋਕ ਅੰਤਾਂ ਦੇ ਅਮੀਰ ਹਨ ਅਤੇ ਇਨ੍ਹਾਂ ਦੀ ਦੌਲਤ ਵਧ ਰਹੀ ਹੈ। ਪਰ ਵੱਡੀ ਗਿਣਤੀ ਲੋਕ ਅਤਿ ਗਰੀਬੀ ਦੀ ਰੇਖਾ ਤੋਂ ਹੇਠ ਹਨ।

ਉਨ੍ਹਾਂ ਲਈ ਕਾਨੂੰਨ, ਸਮਾਜਿਕ ਸਮਾਨਤਾ, ਸਮਾਜਿਕ ਨਿਯਮਾਂ ਅਤੇ ਸਿੱਖਿਆ ਦੇ ਅਰਥ ਹੀ ਵੱਖਰੇ ਹਨ। ਸਭ ਲਈ ਬਰਾਬਰ ਦੀ ਸਿੱਖਿਆ ਤਾਂ ਦੂਰ ਦੀ ਗੱਲ ਹੈ, ਲਾਜ਼ਮੀ ਸਿੱਖਿਆ ਵੀ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੈ।

ਨਵੀਂ ਸਿੱਖਿਆ ਪਾਲਿਸੀ ਦੇ ਚਾਰ ਥੰਮ ਚਿਤਵੇ ਗਏ ਹਨ। ਪਹਿਲਾ ਪਹੁੰਚ, ਦੂਜਾ ਸਭ ਲਈ ਸਿੱਖਿਆ, ਤੀਜਾ ਗੁਣਵੱਤਾ, ਚੌਥਾ ਜਵਾਬਦੇਹੀ। ਨਵੀਂ ਪਾਲਿਸੀ ਦੇ ਤਹਿਤ ਅੰਤਰਰਾਸ਼ਟਰੀ ਸਿੱਖਿਆ ਸੰਸਥਾਵਾਂ ਅਤੇ ਯੂਨੀਵਰਸਿਟੀਆਂ ਭਾਰਤ ਵਿੱਚ ਆ ਸਕਣਗੀਆਂ। ਨਵੀਂ ਪਾਲਿਸੀ ਅਨੁਸਾਰ ਇਹ ਸੰਸਥਾਵਾਂ ਭਾਰਤ ਦੇ ਵਿਦਿਆਰਥੀਆਂ ਲਈ ਵਿਸ਼ਵ ਦਰਵਾਜੇ ਖੋਲ੍ਹ ਸਕਣਗੀਆਂ। ਪਰ ਇਥੇ ਸਵਾਲ ਉੱਠਦਾ ਹੈ ਕਿ ਪਿੰਡਾਂ, ਸ਼ਹਿਰੀ ਬਸਤੀਆਂ ਅਤੇ ਭਾਰਤ ਤੇ ਨਿਮਨ ਵਰਗ ਦੇ ਕਿੰਨੇ ਕੁ ਵਿਦਿਆਰਥੀਆਂ ਦੀ ਇਨ੍ਹਾਂ ਤੱਕ ਪਹੁੰਚ ਹੋਏਗੀ ਜਾਂ ਹੋਈ ਹੈ?

ਨੈਸ਼ਨਲ ਫੈਮਿਲੀ ਹੈਲਥ ਸਰਵੇ ਨੇ ਰਾਸ਼ਟਰੀ ਪੱਧਰ 'ਤੇ ਆਪਣੀ 5ਵੀਂ ਰਿਪੋਰਟ ਛਾਪੀ ਹੈ, ਜੋ 2019-21 ਤੱਕ ਹੈ। ਇਹ ਰਿਪੋਰਟ ਦੱਸਦੀ ਹੈ ਕਿ ਸਕੂਲ ਪੱਧਰ ਤੇ 36 ਫ਼ੀਸਦੀ ਲੜਕੇ ਅਤੇ 21 ਫ਼ੀਸਦੀ ਲੜਕੀਆਂ ਸਕੂਲ ਛੱਡ ਜਾਂਦੀਆਂ ਹਨ। ਇਹ ਡਰਾਪ ਆਊਟ 6 ਸਾਲ ਤੋਂ 17 ਸਾਲ ਦੇ ਹਨ। ਇਹਨਾਂ ਵਿੱਚੋਂ ਵੱਡੀ ਗਿਣਤੀ ਵਿਦਿਆਰਥੀ ਘਰੇਲੂ ਕੰਮਾਂ ਕਾਰਨ ਜਾਂ ਅਤਿ ਗ਼ਰੀਬੀ ਕਾਰਨ ਬਾਲ ਮਜ਼ਦੂਰੀ ਕਰਨ ਲਈ ਮਜ਼ਬੂਰ ਹੋ ਕੇ ਸਕੂਲ ਛੱਡਦੇ ਹਨ। ਡਰਾਪ ਆਊਟ ਲੜਕੀਆਂ ਵਿੱਚੋਂ 7 ਫ਼ੀਸਦੀ ਬਾਲ ਵਿਆਹ ਕਾਰਨ ਅਤੇ 0.3 ਫ਼ੀਸਦੀ ਲੜਕੇ ਵਿਆਹ ਕਾਰਨ ਸਕੂਲ ਛੱਡਦੇ ਹਨ। ਕਈ ਬੱਚੇ ਫਾਰਮ ਹਾਊਸਾਂ 'ਤੇ ਕੰਮ ਕਰਨ ਦੀ ਖ਼ਾਤਰ, ਕੁਝ ਬੱਚੇ ਆਪਣੇ ਛੋਟੇ ਭੈਣ-ਭਰਾਵਾਂ ਦੀ ਘਰ 'ਚ ਦੇਖ-ਰੇਖ ਲਈ ਅਤੇ ਕੁਝ ਕਲਾਸਾਂ ਵਿੱਚ ਵਾਰ-ਵਾਰ ਫੇਲ੍ਹ ਹੋਣ ਕਾਰਨ ਸਕੂਲ ਛੱਡਦੇ ਹਨ।

ਜਿਵੇਂ ਦੇਸ਼ ਵਿੱਚ ਹਾਸ਼ੀਏ ਪਹੁੰਚੇ ਲੋਕਾਂ ਪੱਲੇ ਗਰੀਬੀ ਹੈ, ਕੋਈ ਸਿਹਤ ਸਹੂਲਤਾਂ ਨਹੀਂ, ਖਾਣ ਲਈ ਭਰ ਪੇਟ ਭੋਜਨ ਨਹੀਂ, ਉਵੇਂ ਹੀ ਸਿੱਖਿਆ ਸਹੂਲਤਾਂ, ਉਨ੍ਹਾਂ ਤੋਂ ਅਸਲ ਮਾਅਨਿਆਂ 'ਚ ਕੋਹਾਂ ਦੂਰ ਹਨ।

***

## ਪੰਜਾਬ ਦਾ ਮਾਈਨਿੰਗ ਕਿੰਗ

ਰਕੇਸ਼ ਚੌਧਰੀ ਦੀ ਗ੍ਰਿਫ਼ਤਾਰੀ ਮਾਈਨਿੰਗ ਮੰਤਰੀ ਹਰਜੋਤ ਸਿੰਘ ਬੈਂਸ ਦੀ ਨਿੱਜੀ ਦਿਲਚਸਪੀ ਨਾਲ ਹੋਈ ਜਿਨ੍ਹਾਂ ਨੇ ਇਹ ਮੈਸੇਜ ਆਪਣੇ ਟਵਿੱਟਰ ਪੇਜ 'ਤੇ ਵੀ ਨਸ਼ਰ ਕੀਤਾ ਸੀ।

ਪੁਲਿਸ ਥਾਣਾ ਨੰਗਲ ਵਿਚ 2 ਨਵੰਬਰ ਨੂੰ ਦਰਜ ਹੋਇਆ ਸੀ ਚੌਧਰੀ ਖ਼ਿਲਾਫ਼ ਮੁਕੱਦਮਾ ਨੰਗਲ ਤੋਂ ਪ੍ਰੀਤਮ ਸਿੰਘ ਬਰਾਰੀ ਅਨੁਸਾਰ-ਸੂਬੇ ਅੰਦਰ ਮਾਈਨਿੰਗ ਕਿੰਗ ਵਜੋਂ ਜਾਣੇ ਜਾਂਦੇ ਰਾਕੇਸ਼ ਚੌਧਰੀ ਖ਼ਿਲਾਫ਼ ਨੰਗਲ ਪੁਲਿਸ ਵਲੋਂ ਬੀਤੀ 2 ਨਵੰਬਰ ਨੂੰ ਵੱਖ-ਵੱਖ ਧਾਰਾਵਾਂ ਹੇਠ ਮੁਕੱਦਮਾ ਦਰਜ ਕੀਤਾ ਗਿਆ ਸੀ। ਜਿਸ ਮਗਰੋਂ ਨੰਗਲ ਪੁਲਿਸ ਵਲੋਂ ਰਾਕੇਸ਼ ਚੌਧਰੀ ਨੂੰ ਆਖ਼ਰਕਾਰ ਗ੍ਰਿਫ਼ਤਾਰ ਕਰ ਹੀ ਲਿਆ ਗਿਆ।

***

## ਕਰਤਾਰ ਸਿੰਘ ਸਰਾਭਾ

ਸਰਾਭਾ ਅਤੇ ਸਾਥੀਆਂ ਨਾਲ 12 ਫਰਵਰੀ 1915 ਨੂੰ ਹੋਈ ਇਕੱਤਰਤਾ ਫੈਸਲਾ ਕੀਤਾ ਕਿ 21 ਫਰਵਰੀ 1915 ਨੂੰ ਬਗ਼ਾਵਤ ਕੀਤੀ ਜਾਵੇ। ਜਿਸ ਵਿਚ ਫਿਰੋਜ਼ਪੁਰ ਅਤੇ ਮੀਆਂ ਮੀਰ ਛਾਉਣੀਆਂ ਤੇ ਕਬਜਾ ਕਰਨਾ ਤੋਂ ਬਾਅਦ ਦਿੱਲੀ ਅਤੇ ਅੰਬਾਲਾ ਦੀਆਂ ਛਾਉਣੀਆਂ ਵਿਚ ਬਗ਼ਾਵਤ ਕੀਤੀ ਜਾਵੇ। ਸਰਾਭਾ ਨੂੰ ਕਿਰਪਾਲ ਸਿੰਘ ਤੇ ਸ਼ੱਕ ਹੋ ਗਿਆ ਕਿ ਉਹ ਮੁਖਬਰ ਹੈ। ਸਰਾਭਾ ਨੇ ਰਾਸ ਬਿਹਾਰੀ ਬੋਸ ਨਾਲ ਸਲਾਹ ਕਰਕੇ ਗਦਰ ਦੀ ਤਾਰੀਖ਼ 19 ਫਰਵਰੀ 1915 ਕਰ ਦਿੱਤੀ।

ਪਰ ਫੇਰ ਵੀ ਕਿਰਪਾਲ ਸਿੰਘ ਨੇ ਇਹ ਭੇਦ ਵੀ ਅੰਗਰੇਜ਼ੀ ਸਰਕਾਰ ਨੂੰ ਦੇ ਦਿੱਤਾ। ਸਰਾਭਾ ਮਿਥੇ ਸਮੇਂ ਤੇ 50-60 ਸਾਥੀਆਂ ਸਮੇਤ ਫਿਰੋਜ਼ਪੁਰ ਛਾਉਣੀ ਪਹੁੰਚ ਗਿਆ। ਪਰ 19 ਫਰਵਰੀ, 1915 ਤੋਂ ਪਹਿਲਾਂ ਹੀ ਅਨੇਕਾਂ ਗਦਰੀ ਗ੍ਰਿਫ਼ਤਾਰ ਹੋ ਗਏ ਸਨ। ਫ਼ੌਜੀਆਂ ਕੋਲੋਂ ਹਥਿਆਰ ਵੀ ਸੁਟਵਾ ਲਏ ਸਨ। ਇਸ ਲਈ ਫ਼ੌਜ ਬਗ਼ਾਵਤ ਨਾ ਕਰ ਸਕੀ। ਜਿਹੜੇ ਗ਼ਦਰੀ ਬਚ ਗਏ ਸਨ, ਉਨ੍ਹਾਂ ਨੂੰ ਹਿੰਦੁਸਤਾਨ ਛੱਡ ਜਾਣ ਦਾ ਗ਼ਦਰ ਪਾਰਟੀ ਨੇ ਹੁਕਮ ਦੇ ਦਿੱਤਾ। ਸਰਾਭਾ, ਜਗਤ ਸਿੰਘ ਅਤੇ ਹਰਨਾਮ ਸਿੰਘ ਟੁੰਡੀਲਾਟ ਅਫ਼ਗਾਨਿਸਤਾਨ ਵੱਲ ਚਲੇ ਗਏ। ਪਰ ਤਿੰਨੇ ਹੀ ਮੁਹਿਮ ਨੂੰ ਜਾਰੀ ਰੱਖਣ ਲਈ ਪੰਜਾਬ ਪਰਤ ਰਹੇ ਸਨ ਕਿ ਪੁਲਿਸ ਨੇ 2 ਮਾਰਚ 1915 ਨੂੰ ਸ਼ਾਹਪੁਰ ਜ਼ਿਲ੍ਹੇ ਵਿਚ ਵਿਲਮਨਪੁਰ ਵਿਖੇ ਘੋੜ ਸਵਾਰ ਫ਼ੌਜ-22 ਨੂੰ ਵਗਲਾਉਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਲਿਆ ਸੀ।

13 ਸਤੰਬਰ 1915 ਨੂੰ ਮੁੱਕਦਮਾ ਚੱਲਿਆ ਤਾਂ ਸਰਾਭਾ ਨੇ ਸਾਰੇ ਦੋਸ਼ਾਂ ਦੀ ਜਿੰਮੇਵਾਰੀ ਆਪਣੇ ਸਿਰ ਲੈ ਲਈ। ਜੱਜ ਵੀ ਉਸ ਦੀ ਦ੍ਰਿੜਤਾ ਤੋਂ ਪ੍ਰਭਾਵਿਤ ਹੋਇਆ ਕਿ ਉਮਰ ਵਿਚ ਸਭ ਤੋਂ ਛੋਟਾ ਗ਼ਦਰੀ ਇੰਨੀ ਨਿਡਰਤਾ ਨਾਲ ਬਿਆਨ ਦੇਂਦਾ ਹੈ। ਸਰਾਪਾ ਨੇ ਕਿਹਾ ਕਿ ਮੈਨੂੰ ਆਪਣੇ ਦੇਸ਼ ਲਈ ਕੀਤੀ ਸੇਵਾ ਤੇ ਮਾਣ ਹੈ।

ਸੈਂਟਰਲ ਜੇਲ੍ਹ ਲਾਹੌਰ ਵਿਚ ਬੈਠੀ ਵਿਸ਼ੇਸ਼ ਅਦਾਲਤ ਨੇ 63 ਗ਼ਦਰੀਆਂ ਵਿਰੁਧ ਫੈਸਲਾ ਸੁਣਾਇਆ। ਸਰਾਭਾ ਸਾਢੇ ਉੱਨੀ ਸਾਲ ਦਾ ਸਭ ਤੋਂ ਛੋਟਾ ਸੀ। ਸਰਾਭਾ ਸਮੇਤ 24 ਗ਼ਦਰੀਆਂ ਨੂੰ ਫਾਂਸੀ ਦੀ ਸਜਾ ਸੁਣਾਈ। ਗ਼ਦਰੀਆਂ ਵਲੋਂ ਕੇਸ ਦੀ ਪੈਰਵੀ ਕਰ ਰਹੇ ਵਕੀਲ ਰਘੂਵਰ ਸਹਾਏ ਨੇ ਉਨ੍ਹਾਂ ਦੀ ਫਾਂਸੀ ਦਾ ਮੁੱਦਾ ਵਾਇਸਰਾਏ ਕੌਂਸਲ ਕੋਲ ਰੱਖਿਆ। ਕੌਂਸਲ ਦੇ ਮੈਂਬਰ ਸਰ ਅਲੀ ਇਮਾਨ ਨੇ 24 ਗ਼ਦਰੀਆਂ ਵਿਚੋਂ 17 ਦੀ ਫਾਂਸੀ ਦੀ ਸਜਾ ਤੋਂ ਸਜਾ ਏ ਕਾਲੇ ਪਾਣੀ ਕਰਾ ਦਿੱਤੀ। ਸਰਾਭਾ ਦੀ ਫਾਂਸੀ ਵੀ ਤੁੜਵਾਉਣ ਦੀ ਕੋਸ਼ਿਸ਼ ਕੀਤੀ। ਪਰ ਵਾਇਸਰਾਏ ਨੇ ਅਪੀਲ ਖਾਰਜ ਕਰ ਦਿੱਤੀ।

ਸਰਾਭਾ ਬਾਰੇ ਫੈਸਲਾ ਲਿਖਿਆ ਕਿ ਸਾਰੇ ਗ਼ਦਰੀਆਂ ਵਿਚੋਂ ਸਰਾਭਾ ਸਭ ਤੋਂ ਜ਼ਿਆਦਾ ਖਤਰਨਾਕ ਹੈ ਕਿ ਅਮਰੀਕਾ ਤੋਂ ਭਾਰਤ ਤੱਕ ਕੋਈ ਵੀ ਅਜਿਹੀ ਘਟਨਾ ਨਹੀਂ ਜਿਸ ਵਿਚ ਸਰਾਭਾ ਸ਼ਾਮਲ ਨਾ ਹੋਵੇ। ਇਹ ਰਹਿਮ ਦੇ ਕਾਬਿਲ ਨਹੀਂ। ਸਰਾਭਾ ਨੇ ਕਿਹਾ ਕਿ ਤੁਸੀਂ ਮੈਨੂੰ ਵੱਧ ਤੋਂ ਵੱਧ ਫਾਂਸੀ ਲਗਾ ਸਕਦੇ ਹੋ। ਜਿੰਨੀ ਜਲਦੀ ਮੈਨੂੰ ਫਾਂਸੀ ਲੱਗੇ, ਉਨੀ ਜਲਦੀ ਹੀ ਮੈਂ ਦੁਬਾਰਾ ਜਨਮ ਲੈ ਕੇ ਦੇਸ਼ ਦੀ ਸੇਵਾ ਲਈ ਵਾਪਸ ਆਵਾਂਗਾ। ਇਹੀ ਜਜ਼ਬਾ ਅੱਗੇ ਜਾ ਕੇ ਕ੍ਰਾਂਤੀਕਾਰਾਂ ਭਗਤ ਸਿੰਘ ਅਤੇ ਊਧਮ ਸਿੰਘ ਦੇ ਸੰਘਰਸ਼ਾਂ ਦਾ ਮਾਰਗ ਦਰਸ਼ਨ ਬਣਿਆ। ਮੁੱਕਦਮੇ ਤੋਂ ਬਾਅਦ ਸਰਾਭਾ ਚੜ੍ਹਦੀ ਕਲਾ ਵਿਚ ਰਿਹਾ। ਉਸ ਦੀ ਕਵਿਤਾ ਦੇ ਬੋਲ ਸਨ :-

ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ।
ਸਾਨੂੰ ਦੇਖ ਕੇ ਨਹੀਂ ਘਬਰਾ ਜਾਣਾ।
ਸਾਡੀ ਮੌਤ ਨੇ ਵਤਨ ਦੇ ਵਾਸੀਆਂ ਦੇ
ਦਿਲੀਂ ਵਤਨ ਦਾ ਇਸ਼ਕ ਜਗਾ ਜਾਣਾ।

ਅਖ਼ੀਰ 16 ਨਵੰਬਰ, 1915 ਨੂੰ ਸਾਢੇ ਉੱਨੀ ਸਾਲ ਦੀ ਉਮਰ ਵਿਚ ਕਰਤਾਰ ਸਿੰਘ ਸਰਾਭਾ ਨੂੰ ਉਸ ਦੇ ਛੇ ਸਾਥੀਆਂ ਬਖਸ਼ੀਸ਼ ਸਿੰਘ ਜ਼ਿਲ੍ਹਾ ਅੰਮ੍ਰਿਤਸਰ, ਜਗਤ ਸਿੰਘ ਜ਼ਿਲ੍ਹਾ ਲਾਹੌਰ, ਸੁਰੈਣ ਸਿੰਘ-1 ਅਤੇ ਸੁਰੈਣ ਸਿੰਘ-2 ਦੋਵੇਂ ਅੰਮ੍ਰਿਤਸਰ ਜ਼ਿਲ੍ਹੇ ਦੇ, ਵਿਸ਼ਣੂ ਗਣੇਸ਼ ਪਿੰਗਲੇ ਜ਼ਿਲ੍ਹਾ ਪੂਨਾ (ਮਹਾਰਾਸ਼ਟਰ) ਦੇ ਨਾਲ ਸੈਂਟਰਲ ਜੇਲ੍ਹ ਲਾਹੌਰ ਵਿਚ ਫਾਂਸੀ ਦੇ ਦਿੱਤੀ ਗਈ। ਸਰਾਭਾ ਦੀ ਆਖਰੀ ਖਾਹਿਸ਼ ਸੀ ਕਿ ਮੇਰੇ ਨਾਮ ਨਾਲ 'ਬਾਗੀ' ਲਗਾਇਆ ਜਾਵੇ। ਬਾਗੀ ਸਰਾਭਾ ਨੇ ਜੇਲ੍ਹਰ ਨੂੰ ਆਖਿਆ ਕਿ ਜੇਲ੍ਹਰ ਸਾਬ੍ਹ ਯੇ ਮਤ ਸੋਚਣਾ ਕਿ ਬਾਗੀ ਕਰਤਾਰ ਸਿੰਘ ਮਰ ਜਾਏਗਾ, ਮੇਰੇ ਖੂਨ ਕੇ ਜਿਤਨੇ ਕਤਰੇ ਹੈ, ਉਤਨੇ ਕਰਤਾਰ ਸਿੰਘ ਔਰ ਪੈਦਾ ਹੋਂਗੇ। ਔਰ ਦੇਸ਼ ਕੀ ਅਜ਼ਾਦੀ ਕੇ ਲੀਏ ਕਾਮ ਕਰੇਂਗੇ। ਸਰਾਭਾ ਦੀ ਯਾਦ ਵਿਚ ਉਸ ਦੇ ਪਿੰਡ ਦੇ ਏਕੜ ਵਿਚ ਉਸ ਦਾ ਬੁੱਤ, ਲਾਇਬ੍ਰੇਰੀ ਅਤੇ ਪਾਰਕ ਹੈ।

ਅੰਤਿਕਾ

ਸੇਵਾ ਦੇਸ਼ ਦੀ ਜ਼ਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖਾਲੀਆਂ ਨੇ।
ਜਿਨ੍ਹਾਂ ਦੇਸ਼ ਦੀ ਸੇਵਾ ਵਿਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ..।

—ਕਰਤਾਰ ਸਿੰਘ ਸਰਾਭਾ

***

## ਅਜਾਮਲ ਪਾਪੀ ਦੀ ਸੰਪੂਰਨ ਸਾਖੀ

ਉਸਨੇ ਆਖਿਆ ਹੇ ਪਤੀ ਦੇਵ ਅੱਗੇ ਹੀ ਪਤਾ ਨਹੀਂ ਕਿਸ ਕੁਕਰਮ ਬਦਲੇ ਇਹ ਦਸ਼ਾ ਹੋਈ ਹੈ ਅਸਾਂ ਨੂੰ ਅੱਜ ਮਾਸ ਨਹੀਂ ਭੁੰਨਣਾ ਚਾਹੀਦਾ। ਸਾਧੂ ਵੈਸ਼ਨੋ ਹਨ। ਹੋ ਸਕਦਾ ਹੈ ਕਿ ਕੋਈ ਚੰਗਾ ਬਚਨ ਕਰ ਜਾਣ ਤਾਂ ਅਸਾਡੇ ਜੀਵਨ ਵਿਚ ਕੋਈ ਸੁਖ ਦੀ ਘੜੀ ਆ ਜਾਏ। ਸੁਣਿਆ ਹੈ ਸਾਧੂ ਭਗਵਾਨ ਦੇ ਭਗਤ ਹੁੰਦੇ ਹਨ।

ਅਜਾਮਲ- ਹੈ ਪਿਆਰੀ ਬਾਤ ਤਾਂ ਤੇਰੀ ਠੀਕ ਹੈ ਪਰ ਅਸੀਂ ਕੀ ਖਾਈਏ ਤੇ ਇਨ੍ਹਾਂ ਨੂੰ ਕੀ ਦੇਵੀਏ। ਮਹਿਮਾਨ ਹਨ। ਘਰ ਆਏ ਅਤਿਥੀ ਨੂੰ ਭੋਜਨ ਨਾ ਦੇਣਾ ਵੀ ਤਾਂ ਘੋਰ ਪਾਪ ਹੈ।

ਕਲਾਵੰਤੀ- ਇਹ ਗੱਲ ਵੀ ਠੀਕ ਹੈ। ਇਨ੍ਹਾਂ ਨੂੰ ਕੀ ਖਾਣ ਨੂੰ ਦੇਈਏ ਹਾਂ ਕੁਝ ਦਾਣੇ ਹਨ ਭੁਜੇ ਹੋਏ ਤੇ ਗੁੜ ਹੈ। ਉਹ ਵੰਡ ਦੇਈਏ। ਆਪ ਵੀ ਮੁਠੀ ਮੁਠੀ ਚਬ ਕੇ ਸਬਰ ਸੰਤੋਖ ਨਾਲ ਰਾਤ ਕੱਟ ਲਈਏ। ਸਵੇਰੇ ਜੋ ਹੋਏਗੀ ਦੇਖੀ ਜਾਏਗੀ।

ਅਜਾਮਲ- ਗੱਲ ਠੀਕ ਹੈ। ਐਸਾ ਕਰੋ।

ਪਤੀ ਪਤਨੀ ਨੇ ਭੁਜੇ ਹੋਏ ਦਾਣੇ ਤੇ ਗੁੜ ਸਾਧੂਆਂ ਨੂੰ ਦਿੱਤਾ। ਬੇਨਤੀ ਕੀਤੀ ਮਹਾਰਾਜ ਅਸਾਂ ਕੋਲ ਇਹੋ ਕੁਝ ਹੈ। ਅਸੀਂ ਗਰੀਬ ਤੇ ਪਾਪੀ ਹਾਂ। ਕ੍ਰਿਪਾ ਕਰੋ ਦਇਆ ਕਰੋ ਹੇ ਮਹਾਰਾਜ ਸਾਡੇ ਬਦਲੇ ਭਗਵਾਨ ਅੱਗੇ ਅਰਦਾਸ ਕਰੋ

ਭਗਵਾਨ ਰੂਪ ਸਾਧੂ ਨੇ ਬਚਨ ਕੀਤ ਹੈ ਅਜਾਮਨ ਤ੍ਰੈਕਾਲ ਦ੍ਰਿਸ਼ਟੀ ਨਾਲ ਅਸੀਂ ਸਭ ਜਾਣ ਗਏ। ਆਪ ਬ੍ਰਾਹਮਣ ਦੇ ਪੁੱਤਰ ਸੀ ਵਾਸ਼ਨਾਂ ਦੀ ਆਗਨੀ ਨੇ ਆਪ ਦੀ ਅਕਲ ਸਭ ਭਸਮ ਕਰ ਦਿੱਤੀ ਠੀਕ ਹੈ ਪਰ ਛੇਤੀ ਹੀ ਤੁਸਾਂ ਦੀ ਕਲਿਆਨ ਹੋਏਗੀ। ਜੋ ਆਪਣੇ ਪੁੱਤਰ ਦਾ ਨਾਮ ਨਾਰਾਇਣ ਰਖਿਆ ਹੈ ਇਹ ਭਗਵਾਨ ਦੀ ਪ੍ਰੇਰਨਾ ਹੈ। ਇਸ ਨਾਲ ਪਿਆਰ ਕਰੋ। ਨਾਰਾਇਣ ਨਾਰਾਇਣ ਨਾਰਾਇਣ ਪੁਕਾਰੋ ਇਕ ਦਿਨ ਜ਼ਰੂਰ ਨਾਰਾਇਣ ਤੁਸਾਂ ਦੀ ਪੁਕਾਰ ਸੁਣ ਲਵੇਗਾ।

ਸਾਧੂ ਬਚਨ ਕਰਕੇ ਸਵੇਰੇ ਚਲਦੇ ਬਣੇ। ਅਜਾਮਲ ਨੇ ਆਪਣੇ ਪੁੱਤਰ ਨੂੰ ਚੁਕ ਲਿਆ ਤੇ ਉਸ ਨਾਲ ਪਿਆਰ ਕਰਦਾ ਹੋਇਆ ਆਖਣ ਲੱਗਾ ਪੁੱਤਰ ਨਾਰਾਇਣ ਆ ਬੇਟਾ ਨਾਰਾਇਣ ਰੋਟੀ ਖਾਓ, ਨਾਰਾਇਣ ਦੁੱਧ ਪੀਉ, ਐਸੀਆਂ ਬਾਤਾਂ ਕਰਨ ਲੱਗਾ। ਉਸਦੀਆਂ ਬਾਤਾਂ ਉਸਦੇ ਮਨ ਨੂੰ ਸ਼ਾਂਤੀ ਦੇਣ ਲੱਗੀਆਂ।

ਕੁਝ ਐਸੀ ਪ੍ਰਭੂ ਦੀ ਲੀਲਾ ਹੋਈ। ਉਹ ਜਿਹੜਾ ਵੀ ਸ਼ਿਕਾਰ ਮਾਰ ਕੇ ਲਿਆਉਂਦੇ ਉਹੋ ਹੀ ਵਿਕ ਜਾਂਦਾ। ਉਸਨੂੰ ਪੈਸੇ ਮਿਲਣ ਲੱਗੇ ਤੇ ਅੰਨ੍ਹ ਖਾਣ ਨੂੰ ਮਿਲਣ ਲੱਗਾ। ਉਸਦੇ ਦਿਨ ਚੰਗੇ ਬੀਤਣ ਲੱਗੇ। ਉਹ ਝੁੱਗੀ ਵਿਚ ਰਹਿੰਦਾ ਹੋਇਆ ਵੀ ਕੁਝ ਸੁਖ ਅਨੁਭਵ ਕਰਨ ਲੱਗਾ।

ਕਾਲ ਮਹਾਂ ਬਲੀ ਹੈ। ਕਾਲ ਦੀ ਮਾਰ ਤੋਂ ਕੋਈ ਨਹੀਂ ਬੱਚਦਾ। ਜੋ ਦਿਸਦਾ ਹੈ ਸਭ ਚਲਣਹਾਰ ਹੈ। ਸਭ ਦੇ ਕਾਰਜ ਅਧੂਰੇ ਹੀ ਰਹਿ ਜਾਂਦੇ ਹਨ ਜਦੋਂ ਕਾਲ ਆਉਂਦਾ ਹੈ। ਕਾਲ ਦਾ ਭਾਰੀ ਹੱਥ ਹਰ ਇਕ ਦੇ ਸਿਰ ਉੱਪਰ ਰਖਿਆ ਜਾਂਦਾ ਹੈ। ਅਜਾਮਲ ਦਾ ਅੰਤ ਕਾਲ ਆ ਗਿਆ ਉਹ ਬੀਮਾਰ ਪੈ ਗਿਆ ਤੇ ਬੀਮਾਰੀ ਵੀ ਉਸਨੂੰ ਕਸ਼ਟ ਦੇਣ ਵਾਲੀ ਸੀ। ਇਕ ਦਿਨ ਅਜਿਹਾ ਆਇਆ ਜਦੋਂ ਅੱਖਾਂ ਮੀਟੀਆਂ ਜਾਣੀਆਂ ਸਨ। ਜਮਦੂਤ ਖਲੋਤੇ ਨਜ਼ਰ ਆਉਣ ਲੱਗੇ। ਨਰਕਾਂ ਦੀ ਅੱਗ ਬਲਦੀ ਦਿਸਣ ਲੱਗੀ। ਉਹ ਭਿਆਨਕ ਰੂਪ ਵਿਚ ਸੀ। ਉਸਦੀ ਦਸ਼ਾ ਡਰਾਉਣੀ ਸੀ।

ਨਰਕਾਂ ਦੀ ਝਾਕੀ ਦੇਖ ਕੇ ਅੰਤ ਕਾਲ ਨੇੜੇ ਆਇਆ ਜਾਣਕੇ ਉਸਨੇ ਉੱਚੀ ਉੱਚੀ ਪੁਕਾਰਿਆ ਨਾਰਾਇਣ ਆ ਨਾਰਾਇਣ ਆ ਅਜਾਮਲ ਪਾਪੀ ਨੇ ਆਵਾਜ਼ ਤਾਂ ਆਪਣੇ ਪੁੱਤਰ ਨੂੰ ਦਿੱਤੀ ਪਰ ਪੁੱਤਰ ਸ਼ਬਦ ਨਾ ਵਰਤਿਆ। ਸੱਚ ਹੀ ਉਸਦੀ ਕਲਿਆਨ ਹੋ ਗਈ। ਜਿਉਂ ਹੀ ਉਸਨੇ ਨਾਰਾਇਣ ਕਿਹਾ ਤਿਉਂ ਹੀ ਧਰਮ ਰਾਜ ਦੇ ਜਮਦੂਤ ਪਾਸੇ ਹਟ ਗਏ। ਰੋਸ਼ਨੀ ਹੋਈ ਨਰਸਿੰਘੇ ਸੰਖ ਵਜੇ। ਓਧਰੋਂ ਅਜਾਮਲ ਦੀ ਰੂਹ ਸਵਰਗਾਂ ਨੂੰ ਚਲੀ ਗਈ। ਨਾਰਾਇਣ ਕਹਿਣ ਨਾਲ ਪਾਪੀ ਤਰ ਗਿਆ। ਇਸ ਪ੍ਰਥਾਇ ਚੌਥੀ ਪਾਤਸ਼ਾਹੀ ਦਾ ਬਚਨ ਹੈ।

ਅਜਾਮਲ ਪ੍ਰੀਤਿ ਪੁਤ੍ਰ ਕੀਨੀ ਕਰਿ ਨਾਰਾਇਣ ਬੋਲਾਰੇ।।

ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ ।।

***

## ਪੰਜਾਬ ਨੂੰ ਸਹਿਕਾਰੀ ਅਤੇ ਔਰਗੈਨਿਕ ਖੇਤੀ

ਇੱਥੇ ਹਾਲਾਤ ਬਦਲਣ ਦੀ ਲੋੜ ਹੈ। ਇਸ ਲਈ ਸਾਨੂੰ ਸਾਰਾ ਕੁਝ ਆਪਣੇ ਹੱਥ ਵਿਚ ਲੈ ਕੇ ਪਹਿਲਕਦਮੀ ਕਰਨੀ ਪਵੇਗੀ। ਸਾਡਾ ਦੇਸ਼ ਖੇਤੀ ਪ੍ਰਧਾਨ ਦੇਸ਼ ਹੈ। ਪੰਜਾਬ ਵਿਚ ਸਾਰੀ ਜ਼ਮੀਨ ਆਬਾਦ ਅਤੇ ਵਾਹੀ-ਯੋਗ ਹੈ। ਪੰਜਾਬ ਵਿਚ ਸਹਿਕਾਰੀ ਅਤੇ ਜ਼ਹਿਰ ਮੁਕਤ ਖੇਤੀ ਮਾਡਲ ਲਾਗੂ ਕੀਤਾ ਜਾਵੇ। ਪਿੰਡਾਂ ਵਿਚ ਫ਼ਸਲਾਂ 'ਤੇ ਆਧਾਰਿਤ ਸਹਿਕਾਰੀ ਸਭਾਵਾਂ ਬਣਾਈਆਂ ਜਾਣ। ਸਭ ਤੋਂ ਪਹਿਲਾਂ ਪੰਜਾਬ ਦੀ ਸਾਰੀ ਜ਼ਮੀਨ ਨੂੰ ਫ਼ਸਲੀ ਵਿਭਿੰਨਤਾ ਲਈ ਜ਼ੋਨਾਂ ਵਿਚ ਵੰਡਿਆ ਜਾਵੇ। ਕਣਕ, ਝੋਨਾ ਪੰਜਾਬ ਦੀ ਜ਼ਮੀਨ ਦੀ ਤਾਸੀਰ ਅਤੇ ਹਾਸਲ ਪਾਣੀ ਦੀ ਮਾਤਰਾ ਮੁਤਾਬਕ ਸਾਰੇ ਪੰਜਾਬ ਦੀ ਫਸਲ ਨਹੀਂ ਹੈ। ਜਿਹੜੀ ਜ਼ਮੀਨ ਜਿਹੜੀ ਫਸਲ ਨੂੰ ਮੰਨਦੀ ਹੈ ਉੱਥੇ ਸਿਰਫ਼ ਉਹੀ ਫ਼ਸਲ ਬੀਜੀ ਜਾਵੇ। ਉਦਾਹਰਨ ਦੇ ਤੌਰ 'ਤੇ ਦਰਿਆਵਾਂ ਦੇ ਕੰਢਿਆਂ ਵਾਲੀ ਜ਼ਮੀਨ ਜਿਸ ਨੂੰ ਅਸੀਂ ਮੰਡ ਦਾ ਇਲਾਕਾ ਕਹਿੰਦੇ ਹਾਂ, ਉਸ ਵਿਚ ਗੰਨਾ ਬਹੁਤ ਹੋ ਸਕਦਾ ਹੈ। ਇਸ ਵਿਚ ਕਈ ਸਹਿਕਾਰੀ ਖੰਡ ਮਿੱਲਾਂ ਨਵੀਆਂ ਚੱਲ ਸਕਦੀਆਂ ਹਨ। ਜਿੱਥੇ ਲੋਕਾਂ ਨੂੰ ਖੰਡ ਮਿੱਲਾਂ ਵਿਚ ਰੁਜ਼ਗਾਰ ਮਿਲੇਗਾ। ਉੱਥੇ ਗੰਨੇ ਵਾਲੇ ਖੇਤਾਂ ਵਿਚ ਕਿਸਾਨਾਂ, ਮਜ਼ਦੂਰਾਂ ਅਤੇ ਢੋਆ-ਢੁਆਈ ਵਾਲਿਆਂ ਨੂੰ ਵੀ ਰੁਜ਼ਗਾਰ ਮਿਲੇਗਾ ਗੰਨੇ ਵਾਲੇ ਕਿਸਾਨਾਂ ਦੀ ਪਿੰਡ ਪੱਧਰੀ ਕੋਆਪ੍ਰੇਟਿਵ ਸੁਸਾਇਟੀ ਆਪਣੇ ਗੰਨੇ ਤੋਂ ਗੁੜ ਬਣਾ ਕੇ ਇਸ ਨੂੰ ਬਾਜ਼ਾਰ ਵਿਚ ਵੇਚ ਕੇ ਚੋਖਾ ਮੁਨਾਫ਼ਾ ਕਮਾ ਸਕਦੀ ਹੈ। ਆਮ ਲੋਕਾਂ ਨੂੰ ਸ਼ੁੱਧ ਕੁਦਰਤੀ ਗੁੜ ਵਰਤੋਂ ਲਈ ਮਿਲ ਸਕਦਾ ਹੈ। ਇਸੇ ਤਰ੍ਹਾਂ ਦਾਲਾਂ, ਤੇਲ ਬੀਜ, ਮੱਕੀ, ਦੁੱਧ, ਫਲ, ਸਬਜ਼ੀਆਂ, ਨਰਮਾ, ਬਾਸਮਤੀ ਆਦਿ ਦੇ ਜ਼ੋਨ ਬਣਾ ਕੇ ਕਿਸਾਨ ਆਪਣੀਆਂ ਸਹਿਕਾਰੀ ਸਭਾਵਾਂ ਰਾਹੀਂ ਆਪ ਇਨ੍ਹਾਂ ਵਸਤਾਂ ਨੂੰ ਸਿੱਧਾ ਬਾਜ਼ਾਰ ਵਿਚ ਵੇਚ ਕੇ ਸਿੱਧਾ ਮੁਨਾਫ਼ਾ ਆਪਣੀਆਂ ਜੇਬਾਂ ਵਿਚ ਪਾ ਸਕਦੇ ਹਨ। ਇਹ ਕੰਮ ਕਰਨ ਨਾਲ ਸਿਹਤਮੰਦ ਸਮਾਜ ਦੀ ਉਸਾਰੀ ਦਾ ਮੁੱਢ ਬੱਝੇਗਾ। ਸਮਾਜ ਦੇ ਹਰ ਵਰਗ ਨੂੰ ਸ਼ੁੱਧ ਵਸਤੂਆਂ ਮਿਲਣਗੀਆਂ। ਪਿੰਡਾਂ ਵਿਚ ਲੋਕਾਂ ਲਈ ਰੁਜ਼ਗਾਰ ਦੇ ਵਸੀਲੇ ਵਧਣਗੇ। ਫਿਰ ਸਾਡੀ ਜਵਾਨੀ ਦਾ ਪ੍ਰਵਾਸ ਵਿਦੇਸ਼ਾਂ ਵੱਲ ਨਹੀਂ ਹੋਵੇਗਾ। ਸਗੋਂ ਵਿਦੇਸ਼ਾਂ ਵਿਚ ਵਸਦੇ ਸਾਡੇ ਧੀਆਂ-ਪੁੱਤ ਮੁੜ ਆਪਣੇ ਮਾਂ ਬਾਪ ਦੀ ਬੁੱਕਲ ਦਾ ਨਿੱਘ ਮਾਨਣਗੇ। ਗੁਰੂ ਨਾਨਕ ਦੇਵ ਜੀ ਦਾ ਸੁਨੇਹਾ ਮੁੜ ਤੋਂ ਸਾਕਾਰ ਹੋ ਉੱਠੇਗਾ। ਇਕ ਮਜ਼ਬੂਤ ਭਾਈਚਾਰਕ ਸਾਂਝ ਅਤੇ ਸਕੂਨ ਵਾਲੀ ਜ਼ਿੰਦਗੀ ਵਾਪਸ ਆਵੇਗੀ। ਹਵਾ, ਪਾਣੀ, ਜ਼ਮੀਨ ਨੂੰ ਸ਼ੁੱਧ ਕਰਨ ਵਾਲਾ ਸਿਰਫ਼ ਇਹੋ ਹੀ ਇਕੋ-ਇਕ ਰਾਹ ਹੈ। ਅਸੀਂ ਕਿਸਾਨਾਂ ਦੀ ਸਰਦਾਰੀ ਵਾਲਾ, ਕਿਸਾਨਾਂ ਦੀ ਅਗਵਾਈ ਵਾਲਾ ਸਹਿਕਾਰੀ ਅਤੇ ਔਰਗੈਨਿਕ ਖੇਤੀ ਮਾਡਲ ਅਪਣਾਈਏ ਅਤੇ ਇਕ ਸਿਹਤ ਮੰਦ ਸਮਾਜ ਦੀ ਨੀਂਹ ਰੱਖੀਏ।

***

## ਮਨੁੱਖੀ ਜਾਨਾਂ ਦਾ ਖੌ

ਲੋਕਾਈ ਨੂੰ ਜਾਗਰਤ ਕਰਨ ਹਿੱਤ ਜਿੱਥੇ ਦੇਸ਼ ਦੇ ਕਈ ਉੱਚ -ਕੋਟੀ ਦੇ ਵਿਦਵਾਨਾਂ ਨੇ ਵਾਤਾਵਰਣ ਦੀ ਸੰਭਾਲ ਬਾਰੇ ਭਰਪੂਰ ਕੋਸ਼ਿਸ਼ਾਂ ਕੀਤੀਆਂ ਹਨ ਉੱਥੇ ਲਾਵਾਰਸ ਪਾਗਲਾਂ, ਬੀਮਾਰਾਂ ਤੇ ਅਪਾਹਿਜਾਂ ਦੀ ਸੇਵਾ-ਸੰਭਾਲ ਕਰਨ ਵਾਲੀ ਪਿੰਗਲਵਾੜਾ ਸੰਸਥਾ ਦੇ ਸੰਸਥਾਪਕ ਭਗਤ ਪੂਰਨ ਸਿੰਘ ਨੇ ਵੀ ਕੋਈ ਘੱਟ ਕੰਮ ਨਹੀਂ ਕੀਤਾ। ਉਨ੍ਹਾਂ ਇਸ ਪ੍ਰਥਾਇ ਲਗਭਗ 70 ਸਾਲ ਨਿਰੰਤਰ ਲੋਕਾਂ ਨੂੰ ਜਾਗ੍ਰਿਤ ਕਰਨ ਹਿੱਤ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਮੇਲਿਆਂ, ਗੁਰਦੁਆਰਿਆਂ ਦੇ ਬੂਹਿਆਂ ਅੱਗੇ ਰੁੱਖਾਂ ਨੂੰ ਵੱਧ ਤੋਂ ਵੱਧ ਲਗਾਉਣ ਹਿੱਤ ਪ੍ਰਚਾਰ ਕੀਤਾ ਤੇ ਆਪ ਵੀ ਅਨੇਕਾਂ ਰੁੱਖ ਲਗਵਾਏ। ਉਨ੍ਹਾਂ ਦਾ ਸੁਨੇਹਾ ਸੀ ਕਿ ਜਿੰਨਾ ਸਵੈ-ਸੇਵੀ ਜੱਥੇਬੰਦੀਆਂ ਤੇ ਮਾਨਵਤਾ ਨਾਲ ਪਿਆਰ ਰੱਖਣ ਵਾਲੇ ਲੋਕ ਇਸ ਕੰਮ ਨੂੰ ਬਾਖੂਬੀ ਨਿਭਾਅ ਸਕਦੇ ਹਨ ਓਨਾ ਸਰਕਾਰਾਂ ਨਹੀਂ ਕਰ ਸਕਦੀਆਂ। ਭਗਤ ਜੀ ਵੱਲੋਂ ਪ੍ਰਦੂਸ਼ਣ ਸੰਬੰਧੀ ਲੱਖਾਂ ਹੀ ਇਸ਼ਤਿਹਾਰ ਤੇ ਕਿਤਾਬਚੇ ਛਾਪ ਕੇ ਵੰਡੇ ਗਏ ਹਨ ਜਿਹੜੇ ਹੁਣ ਵੀ ਉਨ੍ਹਾਂ ਦੇ ਉਤਰਾਧਿਕਾਰੀ ਡਾ. ਇੰਦਰਜੀਤ ਕੌਰ ਵੱਲੋਂ ਉਨ੍ਹਾਂ ਦੇ ਪਦ ਚਿੰਨ੍ਹਾਂ 'ਤੇ ਚੱਲਦਿਆਂ ਛਾਪੇ ਜਾ ਰਹੇ ਹਨ । ਇਸ ਟਰੈਕਟ ਵਿੱਚ ਪ੍ਰਦੂਸ਼ਣ ਸੰਬੰਧੀ ਕੁਝ ਲੇਖ ਦਿੱਤੇ ਜਾ ਰਹੇ ਹਨ, ਸੰਗਤਾਂ ਪੜ੍ਹ ਕੇ ਲਾਭ ਉਠਾਉਣ।

***

## ਅਣਚਾਹੀ ਅਵਾਜ਼ ਦਾ

ਗਲੀ ਵੱਲ ਖੁੱਲ੍ਹਣ ਵਾਲੀਆਂ ਖਿੜਕੀਆਂ ਦਰਵਾਜ਼ਿਆਂ ਦੀ ਗਿਣਤੀ ਘੱਟ ਹੋਵੇ ਅਤੇ ਜੇ ਹੋ ਸਕੇ ਤਾਂ ਜ਼ਿਆਦਾ ਸ਼ੋਰ-ਸ਼ਰਾਬੇ ਸਮੇਂ ਇਨ੍ਹਾਂ ਨੂੰ ਬੰਦ ਰੱਖਿਆ ਜਾਵੇ। ਫ਼ਰਸ਼ ਉੱਤੇ ਦਰੀਆਂ ਜਾਂ ਜੂਟ ਦੀਆਂ ਮੈਟਸ ਵਿਛਾਉਣ ਨਾਲ ਪੈਰਾਂ ਦੀ ਅਵਾਜ ਘਟਾਈ ਜਾ ਸਕਦੀ ਹੈ। ਰੇਡੀਓ, ਟੈਲੀਵਿਜ਼ਨ ਆਦਿ ਹਮੇਸ਼ਾ ਹੌਲੀ ਚਲਾਉਣਾ ਚਾਹੀਦਾ ਹੈ । ਘਰ ਦੇ ਕਿਸੇ ਹਿੱਸੇ ਵਿੱਚ ਸ਼ਾਂਤੀ ਜ਼ਰੂਰ ਰੱਖਣੀ ਚਾਹੀਦੀ ਹੈ ਤਾਂ ਜੋ ਸ਼ਾਂਤਮਈ ਕੰਮ ਆਦਿ ਉਸ ਕੋਨੇ ਵਿੱਚ ਬੈਠ ਕੇ ਕੀਤਾ ਜਾ ਸਕੇ । ਵੱਡੇ ਛੋਟੇ ਸਾਰਿਆਂ ਨੂੰ ਹੀ ਹੌਲੀ ਬੋਲਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਸਰਕਾਰ ਵੱਲੋਂ ਸਪੀਕਰ ਦੀ ਵਰਤੋਂ ਜਾਂ ਬੈਂਡ ਵਾਜਿਆਂ ਦੀ ਵਰਤੋਂ ਬੰਦ ਕਰ ਦੇਣੀ ਚਾਹੀਦੀ ਹੈ। ਗੱਡੀਆਂ ਉੱਪਰ ਲਗਾਉਣ ਵਾਲੇ ਤਿੱਖੇ ਉੱਚੇ ਹਾਰਨ ਵੀ ਸਰਕਾਰ ਨੂੰ ਬੰਦ ਕਰ ਦੇਣੇ ਚਾਹੀਦੇ ਹਨ। ਖਾਸ ਜਗ੍ਹਾ ਜਿਵੇਂ ਹਸਪਤਾਲਾਂ, ਸਕੂਲਾਂ ਕਾਲਜਾਂ ਦੇ ਆਸ-ਪਾਸ ਹਾਰਨਾਂ ਦਾ ਇਸਤੇਮਾਲ ਸਰਕਾਰ ਨੂੰ ਬੰਦ ਕਰ ਦੇਣਾ ਚਾਹੀਦਾ ਹੈ

***

## ਮਹਾਰਾਜਾ ਰਣਜੀਤ ਸਿੰਘ ਦਾ ਖਾਲਸਾ ਰਾਜ...

ਜਿੰਨੀਆਂ ਪੁਰਾਣੀਆਂ ਗਰਾਂਟਾਂ ਹਨ ਉਨ੍ਹਾਂ ਨੂੰ ਬਹਾਲ ਕੀਤਾ ਗਿਆ ਅਤੇ ਉਸ ਤੋਂ ਇਲਾਵਾ ਰਣਜੀਤ ਸਿੰਘ ਨੇ ਆਪਣੇ ਵੱਲੋਂ ਨਵੀਆਂ ਗਰਾਂਟਾਂ ਵੀ ਦਿੱਤੀਆਂ ਸਨ। ਇੰਦੂ ਬਾਂਗਾ ਮੰਨਦੇ ਹਨ ਕਿ ਰਣਜੀਤ ਸਿੰਘ ਦੇ ਰਾਜ ਵੇਲੇ ਮਾਲੀਏ ਦਾ ਜੋ ਹਿੱਸਾ ਧਾਰਮਿਕ ਗਰਾਂਟਾਂ ਲਈ ਦਿੱਤਾ ਗਿਆ ਉਹ ਮੁਗਲ ਬਾਦਸ਼ਾਹ ਅਕਬਰ ਵੱਲੋਂ ਦਿੱਤੀਆਂ ਗਰਾਂਟਾਂ ਤੋਂ ਵੀ ਜ਼ਿਆਦਾ ਸੀ। ਰਣਜੀਤ ਸਿੰਘ ਨੇ ਮੰਦਰਾਂ ਨੂੰ ਜਾਗੀਰਾਂ ਦਿੱਤੀਆਂ ਜਿਵੇਂ ਜਵਾਲਾ ਦੇਵੀ ਮੰਦਰ ਦਾ ਛੱਤਰ ਹੈ, ਉਹ ਕਿਹਾ ਜਾਂਦਾ ਹੈ ਕਿ ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ ਵੱਲੋਂ ਲਗਾਇਆ ਗਿਆ ਅਤੇ ਬਾਅਦ ਵਿੱਚ ਰਣਜੀਤ ਵੱਲੋਂ ਮੰਦਰ ਨੂੰ ਹੋਰ ਗਰਾਂਟਾਂ ਦਿੱਤੀਆਂ ਗਈਆਂ ਸਨ।

ਇਸ ਤੋਂ ਇਲਾਵਾ ਮੁਸਲਮਾਨਾਂ ਦੀਆਂ ਖ਼ਾਨਗਾਹਾਂ, ਪੀਰਾਂ ਦੀਆਂ ਦਰਗਾਹਾਂ, ਅਤੇ ਸੂਫੀ ਸ਼ੇਖਾਂ ਨੂੰ ਗਰਾਂਟਾਂ ਵੀ ਦਿੱਤੀਆਂ ਅਤੇ ਜੇ ਉਹ ਸਫ਼ਰ 'ਤੇ ਜਾਂਦਾ ਸੀ ਤਾਂ ਉਸ ਇਲਾਕੇ ਦੀ ਕੋਈ ਧਾਰਮਿਕ ਅਸਥਾਨ ਹੁੰਦਾ ਸੀ ਤਾਂ ਉਸਦੇ ਦਰਸ਼ਨ ਵੀ ਕਰਦਾ ਸੀ।ਇੰਦੂ ਬਾਂਗਾ ਅਨੁਸਾਰ ਰਣਜੀਤ ਸਿੰਘ ਨੇ ਜਿੱਥੇ-ਜਿੱਥੇ ਵੀ ਆਪਣੀਆਂ ਜੰਗ ਮੁਹਿੰਮਾਂ ਚਲਾਈਆਂ ਜਿਸ ਨੂੰ ਵੀ ਹਰਾਇਆ ਉਸ ਨੂੰ ਸੜਕ 'ਤੇ ਨਹੀਂ ਛੱਡ ਦਿੱਤਾ। ਰਣਜੀਤ ਸਿੰਘ ਵੱਲੋਂ ਹਾਰੇ ਹੋਏ ਰਾਜੇ ਨੂੰ ਰਾਜ ਦਾ ਹਿੱਸਾ ਬਣਨ ਜਾਂ ਜਾਗੀਰ ਲੈਣ ਦੀ ਪੇਸ਼ਕਸ਼ ਕੀਤੀ ਜਾਂਦੀ ਸੀ। ਜਿਵੇਂ ਮੁਲਤਾਨ ਦੇ ਸੂਬੇਦਾਰ ਮੁਜ਼ੱਫ਼ਰ ਖਾਨ ਨੂੰ ਰਣਜੀਤ ਸਿੰਘ ਨੇ ਇਹੀ ਪੇਸ਼ਕਸ਼ ਕੀਤੀ ਸੀ। ਅਜਿਹੀ ਪੇਸ਼ਕਸ਼ ਕਰਨ ਵੇਲੇ ਧਰਮ ਦੀ ਗੱਲ ਨਹੀਂ ਸੋਚੀ ਗਈ। ਕਿਤਾਬ 'ਸਿਵਲ ਮਿਲਟਰੀ ਅਫੇਅਰਜ਼ ਆਫ ਮਹਾਰਾਜਾ ਰਣਜੀਤ ਸਿੰਘ' ਵਿੱਚ ਮਹਾਰਾਜਾ ਰਣਜੀਤ ਵੱਲੋਂ ਆਪਣੇ ਇੱਕ ਹੀ ਅਫਸਰ ਨੂੰ ਦਿੱਤੇ 400 ਤੋਂ ਵੱਧ ਹੁਕਮ ਹਨ।

ਇਸ ਕਿਤਾਬ ਨੂੰ ਇੰਦੂ ਬਾਂਗਾ ਅਤੇ ਜੇ ਐੱਸ ਗਰੇਵਾਲ ਨੇ ਐਡਿਟ ਕੀਤਾ ਸੀ।

ਉਸ ਕਿਤਾਬ ਵਿੱਚ ਦਿੱਤੇ ਹੁਕਮਾਂ ਦਾ ਜ਼ਿਕਰ ਕਰਦੇ ਹੋਏ ਇੰਦੂ ਬਾਂਗਾ ਕਹਿੰਦੇ ਹਨ, 'ਮਹਾਰਾਜਾ ਰਣਜੀਤ ਸਿੰਘ ਵੱਲੋਂ ਆਪਣੇ ਅਫਸਰਾਂ ਨੂੰ ਹਦਾਇਤ ਦਿੱਤੀ ਜਾਂਦੀ ਸੀ ਕਿ ਮੁਹਿੰਮ 'ਤੇ ਜਾਣ ਵੇਲੇ ਲੋਕਾਂ ਨੂੰ ਕਿਸੇ ਤਰੀਕੇ ਦੀ ਕੋਈ ਮੁਸ਼ਕਿਲ ਨਾ ਹੋਵੇ। ਕਿਸਾਨਾਂ ਤੋਂ ਜ਼ਬਰਦਸਤੀ ਕੁਝ ਨਾ ਲਿਆ ਜਾਵੇ ਜੇ ਲਿਆ ਜਾਵੇ ਤਾਂ ਉਸ ਦੀ ਪੂਰੀ ਕੀਮਤ ਅਦਾ ਕੀਤੀ ਜਾਵੇ।'

'ਉਨ੍ਹਾਂ ਹੁਕਮਾਂ ਤੋਂ ਜਾਣਕਾਰੀ ਮਿਲਦੀ ਹੈ ਕਿ ਮਾਰਚਿੰਗ ਫੌਜ ਵਾਸਤੇ ਸਾਰੀ ਜਨਤਾ ਬਰਾਬਰ ਸੀ।' ਇੰਦੂ ਬਾਂਗਾ ਅਨੁਸਾਰ ਆਬਾਦੀ ਵਿੱਚ ਸਿਰਫ਼ 10 ਫੀਸਦ ਸਿੱਖ ਬਹੁਗਿਣਤੀ ਮੁਸਲਮਾਨਾਂ ਤੇ ਹਿੰਦੂਆਂ 'ਤੇ ਰਾਜ ਨਹੀਂ ਕੀਤਾ ਜਾ ਸਕਦਾ ਸੀ ਜੇ ਉਨ੍ਹਾਂ ਨੂੰ ਸਿੱਖ ਰਾਜ ਪ੍ਰਵਾਨ ਨਾ ਹੁੰਦਾ ਅਤੇ ਜੇ ਉਨ੍ਹਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਤਾਂ ਬਗਾਵਤ ਦੇ ਵੀ ਆਸਾਰ ਬਣ ਸਕਦੇ ਸਨ।ਉਨ੍ਹਾਂ ਅਨੁਸਾਰ ਇਸ ਗੱਲ ਦੇ ਪੁਖ਼ਤਾ ਸਬੂਤ ਹਨ ਕਿ ਉਨ੍ਹਾਂ ਦੇ ਵੇਲੇ ਕੋਈ ਬਗਾਵਤ ਨਹੀਂ ਹੋਈ ਸੀ। ਇਸਦੇ ਨਾਲ ਹੀ ਪੰਜਾਬ ਤੋਂ ਲੋਕਾਂ ਦੀ ਹਿਜ਼ਰਤ ਨਹੀਂ ਹੋਈ ਸੀ ਬਲਕਿ ਲੋਕ ਬਾਹਰੋਂ ਪੰਜਾਬ ਵਿੱਚ ਆ ਰਹੇ ਸਨ।

**

## ਸਹਾਰਾ

ਮੋਢਾ ਤੁਹਾਨੂੰ ਸਹਾਰਾ ਦੇਣ ਲਈ ਅੱਗੇ ਵਧਿਆ ਹੈ ਅਤੇ ਇਹ ਸਹਾਰਾ ਕਦੇ ਵਿਸ਼ਵਾਸ਼ਘਾਤ ਨਹੀਂ ਕਰਦਾ ਸਗੋਂ ਮਨ ਨੂੰ ਇਕ ਸਕੂਨ ਦਿੰਦਾ ਹੈ। ਪਰ ਦੁੱਖ ਦੀ ਗੱਲ ਇਹ ਹੈ ਕਿ ਇਹ ਮੋਢਾ ਸਾਰਿਆਂ ਨੂੰ ਨਸੀਬ ਨਹੀਂ ਹੁੰਦਾ, ਕਈ ਲੋਕ ਤਾਂ ਦੁਨੀਆਂ ਦੇ ਹੋਰਨਾਂ ਸਹਾਰਿਆਂ ਤੋਂ ਮੱਦਦ ਵਿਚ ਨਾ-ਉਮੀਦ ਹੋ ਕੇ ਇਸ ਸੰਸਾਰ ਨੂੰ ਅਲਵਿਦਾ ਕਹਿਣ ਦਾ ਸਬੱਬ ਬਣਾ ਬੈਠਦੇ ਹਨ। ਜਦ ਉਹ ਸਾਰੇ ਦਰਵਾਜੇ ਖੜਕਾ ਕੇ ਹੰਭ ਜਾਂਦੇ ਹਨ, ਤਾਂ ਉਨ੍ਹਾਂ ਨੂੰ ਇੰਞ ਲੱਗਦਾ ਹੈ ਕਿ ਹੁਣ ਤਾਂ ਜਗ ਤੋਂ ਸੀਰ ਹੀ ਮੁਕਾ ਦੇਣਾ ਚਾਹੀਦਾ ਹੈ। ਪਰ ਸਾਰੀਆਂ ਹਾਰਾਂ ਵਿਚ ਵੀ ਇਕ ਰਾਹ ਨਿਕਲਦਾ ਹੁੰਦਾ ਹੈ, ਪਰ ਉਸ ਦੇ ਮਨ ਵਿਚ ਖਿਆਲ ਹੀ ਨਹੀਂ ਆਉਦਾ। ਪਰ ਜਦ ਮਨੁੱਖ ਨੂੰ ਇਸ ਸਹਾਰੇ ਬਾਰੇ ਇਲਮ ਹੁੰਦਾ ਹੈ ਤਾਂ ਉਸ ਨੂੰ ਆਪਣੀ ਜ਼ਿੰਦਗੀ ਦੀਆਂ ਹਾਰਾਂ ਤਾਂ ਕੀ ਜਿਤਾਂ ਵੀ ਬੇ-ਮਾਇਨੇ ਲੱਗਦੀਆਂ ਹਨ।

***

## '84 ਸਿੱਖ ਕਤਲੇਆਮ- 200 ਮਾਮਲਿਆਂ

ਜਿਨ੍ਹਾਂ 'ਵਿਚੋਂ ਕੁਝ ਮਾਮਲਿਆਂ ਵਿਚ ਜਾਂ ਤਾਂ ਸ਼ਿਕਾਇਤਕਰਤਾ ਜਾਂ ਫਿਰ ਗਵਾਹ ਹੀ ਹੁਣ ਇਸ ਦੁਨੀਆ ਵਿਚ ਨਹੀਂ ਹਨ, ਜਦਕਿ ਕਈ ਮਾਮਲਿਆਂ 'ਚ ਮੁਲਜ਼ਮਾਂ ਦੀ ਵੀ ਮੌਤ ਹੋ ਚੁਕੀ ਹੈ। ਦੱਸਣਯੋਗ ਹੈ ਕਿ ਸਿੱਟ ਵਲੋਂ ਘੋਖ ਕੀਤੇ ਗਏ 199 ਮਾਮਲਿਆਂ ਵਿਚ 54 ਕਤਲ ਦੇ ਮਾਮਲੇ ਹਨ, ਜਿਨ੍ਹਾਂ ਵਿਚ 426 ਲੋਕ ਸ਼ਾਮਿਲ ਹਨ, 80 ਲੋਕਾਂ ਦੇ ਜਖ਼ਮੀ ਹੋਣ ਦੇ ਤਕਰੀਬਨ 31 ਮਾਮਲੇ ਹਨ ਅਤੇ ਦੰਗਾ ਅਗਜ਼ਨੀ ਅਤੇ ਲੁੱਟ ਖੋਹ ਦੇ 114 ਮਾਮਲੇ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਮਾਮਲੇ ਜਾਂ ਤਾਂ ਮੁਲਜ਼ਮ ਜਾਂ ਗਵਾਹਾਂ ਦੇ ਨਾ ਮਿਲਣ ਕਾਰਨ ਬੰਦ ਕਰ ਦਿੱਤੇ ਸਨ। ਅਦਾਲਤ ਦੋ ਹਫ਼ਤਿਆ ਬਾਅਦ ਇਸ ਮਾਮਲੇ ਦੀ ਸੁਣਵਾਈ ਕਰੇਗੀ ।

***

## 97 ਕਤਲਾਂ ਦੇ ਦੋਸ਼ੀਆਂ ਵਿੱਚ

ਘੱਟ ਕੁਰਬਾਨੀਆਂ ਦਿੱਤੀਆਂ ਹਨ ?'ਪਾਟੀਆ ਦੇ ਬਾਬੂ ਸੈਯਦ ਕਹਿੰਦੇ ਹਨ, 'ਕਤਲੇਆਮ ਸਮੇਂ ਮੈਂ 20 ਵਰਿਆਂ ਦਾ ਸੀ। ਮੇਰਾ ਛੋਟਾ ਭਾਈ ਅਪਾਹਜ ਸੀ ਅਤੇ ਸਕੂਲ ਵਿੱਚ ਪੜ੍ਹਦਾ ਸੀ। ਫਿਰਕੂ ਗੁੰਡਿਆਂ ਨੇ ਉਸ ਉਪਰ ਵੀ ਰਹਿਮ ਨਹੀਂ ਕੀਤਾ। ਦੇਖੋ ਮਨੋਜ ਕੁਕਰਾਨੀ ਵਰਗੇ ਲੋਕ ਭਾਜਪਾ ਦੇ ਸੈਨਿਕ ਹਨ। ਭਾਵੇਂ ਉਹ ਦੂਜਿਆਂ ਲਈ ਬੁਰੇ ਹੋਣ ਪਰ ਉਨ੍ਹਾਂ ਨੇ ਭਾਜਪਾ ਲਈ ਚੰਗਾ ਕੰਮ ਕੀਤਾ ਹੈ। ਅਜਿਹੇ ਵਿੱਚ ਉਨ੍ਹਾਂ ਨੂੰ ਇਨਾਮ ਤਾਂ ਮਿਲੇਗਾ ਹੀ।'

ਨਰੋਦਾ ਪਾਟੀਆ ਕਤਲੇਆਮ ਵਿੱਚ 32 ਫਿਰਕੂ ਗੁੰਡਿਆਂ ਨੂੰ ਅਹਿਮਦਾਬਾਦ ਦੀ ਵਿਸੇਸ਼ ਅਦਾਲਤ ਨੇ ਦੋਸ਼ੀ ਕਰਾਰ ਦਿੱਤਾ ਸੀ। ਇਨ੍ਹਾਂ ਵਿੱਚ ਸੂਬੇ ਦੀ ਨਰਿੰਦਰ ਮੋਦੀ ਸਰਕਾਰ ਦੀ ਮੰਤਰੀ ਮਾਇਆ ਕੋਡਨਾਨੀ ਅਤੇ ਬਜਰੰਗ ਦਲ ਦੇ ਨੇਤਾ ਬਾਬੂ ਬਜਰੰਗੀ ਵੀ ਸ਼ਾਮਿਲ ਸਨ। ਭਾਜਪਾ ਮੁਸਲਮਾਨਾਂ ਨੂੰ ਕੀ ਸੰਦੇਸ਼ ਦੇਣਾ ਚਾਹੁੰਦੀ ਹੈਪਿਛਲੇ ਹਫ਼ਤੇ ਜਦੋਂ ਕਾਂਗਰਸ ਨੇ ਸਿੱਖਾਂ ਖ਼ਿਲਾਫ਼ 1984 ਦੇ ਦੰਗਿਆਂ ਵਿੱਚ ਮੁਲਜ਼ਮ ਰਹੇ ਜਗਦੀਸ਼ ਟਾਇਟਲਰ ਨੂੰ ਦਿੱਲੀ ਨਗਰ ਨਿਗਮ ਚੋਣਾਂ ਵਿੱਚ ਉਮੀਦਵਾਰਾਂ ਬਾਰੇ ਫ਼ੈਸਲਾ ਕਰਨ ਵਾਲੀ ਕਮੇਟੀ ਵਿੱਚ ਰੱਖਿਆ ਤਾਂ ਭਾਜਪਾ ਨੇ ਇਸ ਨੂੰ ਸਿੱਖਾਂ ਦੇ ਜ਼ਖਮਾਂ ਉਪਰ ਲੂਣ ਭੁੱਕਣਾ ਕਰਾਰ ਦਿੱਤਾ। ਪਰ ਹੁਣ ਭਾਜਪਾ ਮਨੋਜ ਕੁਕਰਾਨੀ ਦੀ ਧੀ ਨੂੰ ਟਿਕਟ ਦੇਣ ਦੇ ਫ਼ੈਸਲੇ ਨੂੰ ਸਹੀ ਕਰਾਰ ਦੇ ਰਹੀ ਹੈ।

ਕੁਕਰਾਨੀ ਦੀ ਧੀ ਨੂੰ ਟਿਕਟ ਦੇ ਕੇ ਭਾਜਪਾ ਕੀ ਸੰਦੇਸ਼ ਦੇਣਾ ਚਾਹੁੰਦੀ ਹੈ ? ਚਿਮਨ ਭਾਈ ਪਟੇਲ ਸੰਸਥਾ ਦੇ ਨਿਰਦੇਸ਼ਕ ਡਾਕਟਰ ਹਰੀ ਦੇਸਾਈ ਕਹਿੰਦੇ ਹਨ, 'ਸਰਦਾਰ ਪਟੇਲ ਕਹਿੰਦੇ ਸਨ ਕਿ ਹਿੰਦੂ ਰਾਸ਼ਟਰ ਦਾ ਵਿਚਾਰ ਪਾਗਲਾਂ ਦਾ ਹੈ। ਪਾਇਲ ਕੁਕਰਾਨੀ ਨੂੰ ਟਿਕਟ ਦੇ ਕੇ ਭਾਜਪਾ ਸਪੱਸ਼ਟ ਸੰਦੇਸ਼ ਦੇ ਰਹੀ ਹੈ ਕਿ ਇਹ ਕਿਸੇ ਵੀ ਹੱਦ ਤੱਕ ਜਾ ਸਕਦੀ। ਬਿਲਕਿਸ ਬਾਨੋ ਦੇ ਬਲਾਤਕਾਰੀਆਂ ਨੂੰ ਛੱਡਣ ਦੀ ਹਮਾਇਤ ਉਹਨਾਂ ਨੇ ਉਸੇ ਤਰ੍ਹਾਂ ਕੀਤਾ ਹੈ।'

## ਅਨਮੋਲ ਵਿਚਾਰ

(ਲੋਕ)

1.ਉਹਨਾਂ ਲੋਕਾਂ ਦੇ ਸੰਪਰਕ ਵਿੱਚ ਰਿਹਾ ਕਰੋ, ਜਿਹੜੇ ਅਪਣੇ ਬਾਰੇ ਘੱਟ ਦੂਜਿਆਂ ਬਾਰੇ ਜਿਆਦਾ ਸੋਚਦੇ ਨੇ, ਇਨਸਾਨੀ ਫ਼ਿਤਰਤ ਹੈ ਲੋਕ ਸਿਰਫ ਅਪਣੇ ਬਾਰੇ ਸੋਚਦੇ ਹੋਣ ਉਹ ਚਾਅ ਕੇ ਵੀ ਸਮਾਜ ਦਾ ਭਲਾ ਨਹੀਂ ਕਰ ਸਕਦੇ।

2.ਉਹਨਾਂ ਲੋਕਾਂ ਤੋਂ ਦੂਰੀ ਬਣਾ ਕੇ ਰੱਖਿਆ ਕਰੋ ਜਿਹੜੇ ਤੁਹਾਡੇ ਸਾਹਮਣੇ ਤੁਹਾਡੇ ਹੁੰਦੇ ਨੇ, ਅਕਸਰ ਉਹ ਪਿੱਠ ਪਿੱਛੇ ਵਾਰ ਬੜਾ ਤਿੱਖਾ ਕਰਦੇ ਨੇ।

3. ਉਹਨਾਂ ਲੋਕਾਂ ਦਾ ਦਿਲ ਕਦੇ ਨਾ ਦਿਖਾਓ, ਜਿਹੜੇ ਤੁਹਾਡੀ ਹਰ ਗੱਲ ਵਿੱਚ ਹਾਂ ਮਿਲਾਉਂਦੇ ਨੇ ਉਹ ਗ਼ਲਤ ਨਹੀਂ ਹੁੰਦੇ ਦਿਲੋਂ ਜੁਬਾਨੋਂ ਰਿਸ਼ਤਿਆਂ ਦੀ ਕਦਰ ਕਰਦੇ ਨੇ।

4. ਮੇਰੀ ਉਹਨਾਂ ਲੋਕਾਂ ਨਾਲ ਘੱਟ ਬਣਦੀ ਹੈ ਜਿਹੜੇ ਸਭ ਹੁੰਦਿਆ ਹੋਇਆ ਵੀ ਇਹ ਕਹਿੰਦੇ ਨੇ, ਰੱਬ ਨੇ ਸਾਨੂੰ ਆਹ ਨਹੀਂ ਦਿੱਤਾ।

5. ਸਿਰਫ਼ ਉਹਨਾਂ ਲੋਕਾਂ ਦਾ ਸਤਿਕਾਰ ਨਾਂ ਕਰੋ ਜਿਹੜੇ ਵੱਡੇ ਨੇ , ਸਤਿਕਾਰ ਸ਼ਬਦ ਨਿੱਕੇ ਵੱਡੇ ਸਾਰਿਆ ਲਈ ਬਣਿਆ।

6. ਕਈ ਲੋਕ ਸੋਚਦੇ ਨੇ ਮੈਂ ਪਿਆਰ ਕੀਤਾ ,ਮੇਰੀ ਕਦਰ ਨਹੀਂ ਹੋਈ, ਕਿਉ ਨਹੀਂ ਸੋਚਦੇ ਕੇ ਪਿਆਰ ਵਿੱਚ ਸ਼ਰਤਾਂ ਨਹੀਂ ਅਹਿਸਾਸ ਹੁੰਦਾ।

7.ਕਈ ਲੋਕ 'ਨਾਜ਼' ਨਿੱਕੀਆ ਨਿੱਕੀਆ ਗੱਲ਼ਾਂ ਤੇ ਰੋਂਦੇ ਨੇ , ਕਈ ਲੋਕ ਜੇਲ੍ਹਾਂ ਵਿੱਚ ਵੀ ਆਰਾਮ ਨਾਲ ਸੌਂਦੇ ਨੇ।



**ਨਾਜ਼ਮਾਂ ਖਾਤੂਨ ਨਾਜ਼**
ਪਿੰਡ ਰੁੜ੍ਹੇ ਕੇ ਕਲਾਂ ਜ਼ਿਲ੍ਹਾ (ਬਰਨਾਲਾ)
ਸਰੀਰਕ ਸਿੱਖਿਆ ਵਿਭਾਗ ਪੰਜਾਬੀ ਯੂਨੀਵਰਸਿਟੀ( ਪਟਿਆਲਾ )


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com